ਕੈਨੇਡਾ ਦਰਪਣ

ਅਗਸਤ 1, 1986

August 1, 1986

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

Second Class Mail Reg. No. 5991

ਕੈਨੇਡਾ ਦਰਪਣ

The Canada Darpan — Punjabi Weekly Newspaper

WEEKENDING AUGUST 1, 1986 Vol. 5 No. 29 Price 35¢ Out of Greater Vancouver 50¢ Ph. (604)581-4473

ਅੰਦਰ ਪੜ੍ਹੋ :—

ਪੰਜਾਬ ਵਿਚ ਅਤਿਵਾਦੀਆਂ ਦਾ ਮੁਕੰਮਲ ਸਫ਼ਾਇਆ

ਮੰਡ ਵਿਚੋਂ 200 ਅਤਿਵਾਦੀ ਗ੍ਰਿਫ਼ਤਾਰ — ਸਰਹੱਦ ਪਾਰ ਕਰਦੇ 250 ਹੋਰ ਫੜੇ ਗਏ

ਚੰਡੀਗੜ੍ਹ — (ਵਿਸ਼ੇਸ਼ ਪ੍ਰਤੀਨਿਧ) ਪੰਜਾਬ ਵਿਚ ਪਿਛਲੇ ਚਾਰ ਦਿਨ ਤੋਂ ਕਤਲ, ਲੁੱਟ ਖੋਹ, ਡਕੈਤੀਆਂ ਆਦਿ ਦੀਆਂ ਵਾਰਦਾਤਾਂ ਮੁਕੰਮਲ ਤੌਰ ਉਤੇ ਬੰਦ ਹੋ ਗਈਆਂ ਹਨ । ਪ੍ਰਤੀਨਿਧ ਅਨੁਸਾਰ ਅਤਿਵਾਦੀਆਂ ਦੀਆਂ ਸਰਗਰਮੀਆਂ ਨੂੰ ਇਸ ਨਾਲ ਠੱਲ੍ਹ ਪਈ ਹੈ ਕਿ ਬਰਨਾਲਾ ਸਰਕਾਰ ਨੇ ਤਹੱਈਆ ਕਰ ਲਿਆ ਸੀ ਕਿ ਜਿਨਾ ਚਿਰ ਵਾਰਦਾਤਾਂ ਖਤਮ ਨਹੀਂ ਹੁੰਦੀਆਂ ਪੰਜਾਬ ਦੇ ਲੋਕਾਂ ਦਾ ਜੀਵਨ ਦੁੱਭਰ ਬਣਿਆ ਰਹੇਗਾ। ਪ੍ਰਤੀਨਿਧ ਦਾ ਕਹਿਣਾ ਹੈ ਕਿ ਪੰਜਾਬ ਦੇ ਲੋਕਾਂ ਨੇ ਪਿਛਲੇ ਹਫਤੇ ਤੋਂ ਸੁੱਖ ਦਾ ਸਾਹ ਲਿਆ ਹੈ। ਪੰਜਾਬ ਵਿਚ ਪਿਛਲੇ ਸਤ ਮਹੀਨਿਆਂ ਵਿਚ 413 ਕਤਲ ਦੀਆਂ ਘਟਨਾਵਾਂ ਹੋਈਆਂ ।

ਅਤਿਵਾਦ ਬੰਦ ਹੋਣ ਦੇ ਕਾਰਨ ਹੌਂਸਲੇ ਟੁੱਟ ਗਏ

ਪੰਜਾਬ ਵਿਚ ਅਤਿਵਾਦ ਦੀਆਂ ਘਟਨਾਵਾਂ ਬੰਦ ਹੋਣ ਦੇ ਕਈ ਕਾਰਨ ਦੱਸੇ ਜਾਂਦੇ ਹਨ। ਇਕ ਕਾਰਨ ਤਾਂ ਇਹ ਦੱਸਿਆ ਜਾਂਦਾ ਹੈ ਕਿ ਪਿਛਲੇ ਮਹੀਨੇ ਪੁਲਸ ਦੀ ਸਖਤ ਕਾਰਵਾਈ ਕਾਰਨ ਬਹੁਤੇ ਅਤਿਵਾਦੀ ਮਾਰੇ ਗਏ ਜਾਂ ਫੜੇ ਲ਼ਏ ਗਏ । ਇਸ ਤਰ੍ਹਾਂ ਅਤਿਵਾਦੀਆਂ ਦੇ ਹੌਂਸਲੇ ਟੁੱਟ ਗਏ । ਗੁਰਦਾਸਪੁਰ ਅਤੇ ਅੰਮ੍ਰਿਤਸਰ ਵਿਚ ਸਖਤੀ ਕਾਰਨ ਬਹੁਤੇ ਅਤਿਵਾਦੀ ਲੁਧਿਆਣਾ, ਜਲੰਧਰ, ਬਠਿੰਡਾ, ਸੰਗਰੂਰ ਆਦਿ ਜ਼ਿਲਿਆਂ ਵਿਚ ਖਿਲਰ ਗਏ। ਇਸ ਤਰ੍ਹਾ ਪੁਲਸ ਅਤੇ ਰੀਜ਼ਰਵ ਪੁਲਸ ਨੇ ਅਤਿਵਾਦ ਸਖਤੀ ਨਾਲ ਕੁਚਲ ਦਿਤਾ ।

ਸਤਲੁਜ-ਬਿਆਸ ਦੇ ਮੰਡ ਵਿਚੋਂ ਗ੍ਰਿਫਤਾਰੀਆਂ

ਪ੍ਰਤੀਨਿਧ ਨੇ ਦੱਸਿਆ ਕਿ ਪਿਛਲੇ ਤਿੰਨਾਂ ਦਿਨਾਂ ਅੰਦਰ ਪੁਲਸ, ਰੀਜ਼ਰਵ ਪੁਲਸ, ਬਾਰਡਰ ਸਕਿਉਰਿਟੀ ਫੋਰਸ ਨੇ ਮਿਲਕੇ ਸਤਲੁਜ, ਬਿਆਸ ਦਾ ਮੰਡ ਦਾ ਇਲਾਕਾ ਪੂਰੀ ਤਰ੍ਹਾਂ ਛਾਣ ਮਾਰਿਆ। ਮੰਡ ਵਿਚ ਅਤਿਵਾਦੀਆਂ ਦੇ ਪੱਕੇ ਅੱਡੇ ਬਣਾਏ ਹੋਏ ਦੱਸੇ ਗਏ ਹਨ। ਮੰਡ ਦੇ ਇਲਾਕੇ ਵਿਚੋਂ ਦੋ ਸੌ ਗ੍ਰਿਫਤਾਰੀ ਕੀਤੀ ਗਈ। ਪੱਕੇ ਟਿਕਾਣਿਆਂ ਤੋਂ ਹਥਿਆਰਾਂ ਦੇ ਜ਼ਖੀਰੇ ਫੜੇ ਗਏ। ਪੁਲਸ ਦਾ ਕਹਿਣਾ ਹੈ ਕਿ ਅਤਿਵਾਦੀ ਕਤਲ ਕਰਕੇ ਮੰਡ ਦੇ ਪੱਕੇ ਟਿਕਾਣਿਆਂ ਵਿਚ ਆ ਲੁਕਦੇ ਸਨ।

ਪਾਕਿਸਤਾਨ ਵਲੋਂ ਟੋਲੇ ਆਉਣੇ ਸ਼ੁਰੂ

ਪ੍ਰਤੀਨਿਧ ਅਨੁਸਾਰ ਪਿਛਲੇ ਹਫਤੇ ਤੋਂ ਅਤਿਵਾਦੀ ਛੇ ਛੇ ਦੋ ਟੋਲਿਆਂ ਵਿਚ ਗੁਰਦਾਸਪੁਰ ਨਾਲ ਲਗਦੀ ਸਰਹੱਦ ਤੋਂ ਭਾਰਤੀ ਇਲਾਕੇ ਵਿਚ ਦਾਖਲ ਹੁੰਦੇ ਗਏ ਜਿਥੇ ਸੁਰੱਖਿਆ ਦਸਤਿਆਂ ਨੇ ਪਿਛਲੇ ਹਫਤੇ 250 ਵਿਅਕਤੀ ਗ੍ਰਿਫਤਾਰ ਕੀਤੇ। ਅਧਿਕਾਰੀਆਂ ਦਾ ਕਹਿਣਾ ਹੈ ਕਿ ਪਾਕਿਸਤਾਨ ਨੇ ਇਨ੍ਹਾਂ ਦੀ ਮੱਦਦ ਕਰਨ ਤੋਂ ਇਨਕਾਰ ਕਰ ਦਿਤਾ ਜਾਪਦਾ ਹੈ। ਗ੍ਰਿਫਤਾਰ ਵਿਅਕਤੀਆਂ ਅਨੁਸਾਰ ਉਨ੍ਹਾਂ ਨੂੰ ਜ਼ਬਰਦਸਤੀ ਸਰਹੱਦ ਪਾਰ ਕਰਵਾਈ ਗਈ। ਪ੍ਰਤੀਨਿਧ ਦਾ ਕਹਿਣਾ ਹੈ ਕਿ ਪਾਕਿਸਤਾਨੀ ਅਧਿਕਾਰੀ ਮੁਖ ਮੰਤਰੀ ਬਰਨਾਲਾ ਦੇ ਬਿਆਨ ਤੋਂ ਘਬਰਾ ਗਏ ਜਾਪਦੇ ਹਨ। ਮੁਖ ਮੰਤਰੀ ਨੇ ਪਿਛਲੇ ਹਫਤੇ ਸਪੱਸ਼ਟ ਕਿਹਾ ਸੀ ਕਿ ਅਤਿਵਾਦੀਆਂ ਨੂੰ ਪਾਕਿਸਤਾਨ ਟਰੇਨਿੰਗ ਦੇ ਰਿਹਾ ਹੈ ਅਤੇ ਸਰਹੱਦ ਪਾਰ ਕਰਵਾ ਰਿਹਾ ਹੈ।

ਬਾਦਲ ਤੇ ਅਮਰਿੰਦਰ ਵਲੋਂ ਦਬਾਅ

ਪ੍ਰਤੀਨਿਧ ਨੇ ਦੱਸਿਆ ਕਿ ਅਤਿਵਾਦੀ ਧੜਿਆਂ ਨਾਲ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਬਾਦਲ ਤੇ ਸਾਬਕਾ ਕਾਂਗਰਸੀ ਰਜਵਾੜੇ ਅਮਰਿੰਦਰ ਸਿੰਘ ਨੇ ਸੰਪਰਕ ਕਰਕੇ ਦਬਾਅ ਪਾਇਆ ਕਿ ਜੋਧਪੁਰ ਵਿਚ ਨਜ਼ਰਬੰਦ ਕੀਤੇ ਵਿਅਕਤੀ ਤਾਂ ਹੀ ਛੱਡੇ ਜਾਣਗੇ ਜੇ ਪੰਜਾਬ ਵਿਚ ਕਤਲ ਦੀਆਂ ਵਾਰਦਾਤਾਂ ਖਤਮ ਹੋਣਗੀਆਂ। ਪ੍ਰਤੀਨਿਧ ਨੇ ਇਹ ਵੀ ਕਿਹਾ ਕਿ ਬਾਦਲ ਧੜਾ, ਬਾਬਾ ਦਲ, ਦਮਦਮੀ ਟਕਸਾਲ, ਫੈਡਰੇਸ਼ਨ ਆਦਿ ਇਕ ਪਲੇਟਫਾਰਮ ਤੇ ਇਕੱਠੇ ਹੋ ਰਹੇ ਹਨ।

ਪ੍ਰਧਾਨ ਮੰਤਰੀ ਦਾ ਪਾਰਲੀਮੈਂਟ ਵਿਚ ਬਿਆਨ

ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਇਕ ਬਿਆਨ ਵਿਚ ਕਿਹਾ ਕਿ ਬਾਗੀ ਅਕਾਲੀ ਤੇ ਹੋਰ ਧੜਿਆਂ ਨਾਲ ਉਸ ਸਮੇਂ ਹੀ ਗੱਲ ਕੀਤੀ ਜਾ ਸਕਦੀ ਹੈ — ਜੇ ਪੰਜਾਬ ਵਿਚ ਗੜਬੜ ਬੰਦ ਹੋਵੇ। ਪ੍ਰਤੀਨਿਧ ਨੇ ਕਿਹਾ ਕਿ ਜਾਪਦਾ ਹੈ ਕਿ ਬਾਦਲ ਧੜਾ ਰਾਜੀਵ ਗਾਂਧੀ ਨਾਲ ਗਲਬਾਤ ਕਰਨ ਲਈ ਅਤਿਵਾਦੀਆਂ ਉਤੇ ਜ਼ੋਰ ਪਾ ਰਿਹਾ ਹੈ ਕਿ ਗਲਬਾਤ ਤਦ ਹੀ ਹੋਵੇਗੀ ਜੇ ਪੰਜਾਬ ਵਿਚ ਸ਼ਾਂਤੀ ਹੋਵੇ

ਅਤਿਵਾਦੀ ਧੜਿਆਂ ਵਿਚ ਸਮਝੌਤਾ

ਵਿਸ਼ੇਸ਼ ਪ੍ਰਤੀਨਿਧ ਨੇ ਇਹ ਵੀ ਕਿਹਾ ਕਿ ਅਤਿਵਾਦੀਆਂ ਦੇ ਬਹੁਤ ਲੀਡਰ ਜਾਂ ਤਾਂ ਮਾਰੇ ਗਏ ਹਨ ਜਾਂ ਫੜ ਲਏ ਗਏ ਹਨ। ਦਲਬੀਰ ਸਿੰਘ ਬਿੱਲਾ ਤੇ ਬਲਬੀਰ ਸਿੰਘ ਦੇ ਮਰਨ ਨਾਲ ਉਨ੍ਹਾਂ ਦੇ ਹੌਂਸਲੇ ਕਾਫੀ ਟੁੱਟੇ ਹਨ। ਪ੍ਰਤੀਨਿਧ ਨੇ ਕਿਹਾ ਕਿ ਅਤਿਵਾਦੀਆਂ ਦੇ ਧੜਿਆਂ ਵਿਚਕਾਰ ਇਹ ਫੈਸਲਾ ਹੋਇਆ ਹੈ ਕਿ ਇਕ ਮਹੀਨੇ ਲਈ ਆਪਣੀਆਂ ਕਾਰਵਾਈਆਂ ਰੋਕ ਦਿਤੀਆਂ ਜਾਣ ਅਤੇ ਦੁਬਾਰਾ ਆਪਣੇ ਆਪ ਨੂੰ ਸੰਗਠਿਤ ਕੀਤਾ ਜਾਵੇ ।

ਬਾਦਲ ਵਲੋਂ ਸਿਮਰਨਜੀਤ ਸਿੰਘ ਨੂੰ ਰਿਹਾ ਕਰਨ ਦੀ ਮੰਗ

ਪ੍ਰਕਾਸ਼ ਸਿੰਘ ਬਾਦਲ ਨੇ ਇਥੇ ਮੰਗ ਕੀਤੀ ਕਿ ਸਾਬਕਾ ਆਈ. ਪੀ. ਐਸ. ਅਫਸਰ ਸਿਮਰਨਜੀਤ ਸਿੰਘ ਮਾਨ ਨੂੰ ਰਿਹਾਅ ਕਰਕੇ ਉਸਨੂੰ ਉਸਦੀ ਪੁਰਾਣੀ ਨੌਕਰੀ ਉਤੇ ਬਹਾਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੋਧਪੁਰ ਦੇ ਨਜ਼ਰਬੰਦਾਂ ਨੂੰ ਰਿਹਾ ਕੀਤਾ ਜਾਵੇ ਅਤੇ ਫੌਜ ਵਿਚੋਂ ਭੱਜੇ ਫੌਜੀਆਂ ਨੂੰ ਨੌਕਰੀ ਉਤੇ ਲਾਇਆ ਜਾਵੇ । ਉਨ੍ਹਾਂ ਕਿਹਾ ਕਿ ਜੇ ਇਹ ਗੱਲਾਂ ਪੂਰੀਆਂ ਕਰ ਦਿੱਤੀਆਂ ਜਾਣ ਤਾਂ ਗੁਮਰਾਹ ਹੋਏ ਨੌਜਵਾਨ ਕੌਮੀ ਮੁਖ-ਧਾਰਾ ਵੱਲ ਪ੍ਰੇਰੇ ਜਾ ਸਕਦੇ ਹਨ ।

ਬਰਨਾਲੇ ਵਲੋਂ ਟੌਹੜੇ ਨੂੰ ਅਕਾਲੀ ਦਲ ਦਾ ਪ੍ਰਧਾਨ ਬਣਾਏ ਜਾਣ ਦੇ ਯਤਨ ਸ਼ੁਰੂ

ਬਾਦਲ ਦਲ ਅਤੇ ਬਾਬਾ ਦਲ ਇਕੱਠੇ ਹੋਣ ਲੱਗੇ

ਅੰਮ੍ਰਿਤਸਰ — ਪਤਾ ਲੱਗਾ ਹੈ ਕਿ ਸਾਬਕਾ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲਾ 'ਬਾਗੀ ਅਕਾਲੀ ਦਲ' ਹੁਣ ਆਪਣੇ ਦਲ ਦੀ ਮਜ਼ਬੂਤੀ ਲਈ ਸੰਯੁਕਤ ਅਕਾਲੀ ਦਲ ਦੇ ਆਗੂ ਬਾਬਾ ਜੁਗਿੰਦਰ ਸਿੰਘ ਦੇ ਧਾਰਮਿਕ ਅਸਰ ਦਾ ਲਾਭ ਉਠਾਉਣ ਲਈ ਉਤਾਵਲਾ ਦਿਸਦਾ ਹੈ ਅਤੇ ਇਸ ਬਾਰੇ ਸ: ਬਾਦਲ ਦੇ ਪੁਰਾਣੇ ਸਾਥੀਆਂ ਜਿਹਨਾਂ ਨੂੰ ਬਾਦਲ ਨੇ ਆਪਣੇ ਆਪ ਬੀਤੇ ਸਾਲ ਪਹਿਲੀ ਮਈ ਨੂੰ ਬਾਬਾ ਦਲ ਨੂੰ ਹੋਂਦ ਵਿਚ ਲਿਆਉਣ ਲਈ ਬਾਬਾ ਦਲ ਵਿਚ ਭੇਜਿਆ ਸੀ, ਉਹਨਾਂ ਰਾਹੀਂ ਹੁਣ ਫੇਰ ਨਵੇਂ ਸਿਰਿਓਂ ਏਕਤਾ ਦੇ ਯਤਨ ਅਰੰਭ ਕਰ ਦਿਤੇ ਗਏ ਹਨ। ਬਾਗੀ ਅਕਾਲੀ ਦਲ ਅਤੇ ਬਾਬਾ ਦਲ ਦੇ ਨੇੜਲੇ ਸੂਤਰਾਂ ਅਨੁਸਾਰ ਦੋਹਾਂ ਦਲਾਂ ਨੂੰ ਇਕ ਕਰਨ ਲਈ ਬਾਗੀ ਅਕਾਲੀ ਦਲ ਵਲੋਂ ਡੋਰੇ ਪਾਏ ਜਾ ਰਹੇ ਹਨ, ਅਤੇ ਇਸ ਸਿਲਸਿਲੇ ਲਈ ਸੰਯੁਕਤ ਦਲ ਦੇ ਉਘੇ ਆਗੂ ਅਤੇ ਸ: ਬਾਦਲ ਦੇ ਪੁਰਾਣੇ ਸਾਥੀ ਸ: ਆਤਮਾ ਸਿੰਘ ਵਲੋਂ ਸੰਯੁਕਤ ਅਕਾਲੀ ਦਲ ਅਤੇ ਬਾਦਲ ਨਾਲ ਸੰਬੰਧਤ ਪੁਰਾਣੇ ਸਾਥੀਆਂ ਦੀ ਇਕ ਵਿਸ਼ੇਸ਼ ਮੀਟਿੰਗ ਆਪਣੇ ਘਰ ਕਪੂਰਥਲਾ ਵਿਖੇ ਇਸੇ ਹਫਤੇ ਕਿਸੇ ਦਿਨ ਸੱਦੀ ਜਾ ਰਹੀ ਹੈ ਤਾਂ ਕਿ ਦੋਹਾਂ ਦਲਾਂ ਨੂੰ ਇਕ ਕਰਨ ਹਿਤ ਕੋਈ ਫਾਰਮੂਲਾ ਤਿਆਰ ਕੀਤਾ ਜਾ ਸਕੇ। ਸੂਤਰਾਂ ਅਨੁਸਾਰ ਬਾਗੀ ਦਲ ਦੇ ਪ੍ਰਧਾਨ ਸ: ਬਾਦਲ ਨੇ ਬਾਬਾ ਜੀ ਦੀ ਸਰਪ੍ਰਸਤੀ ਕਬੂਲਣ ਲਈ ਹਰੀ ਝੰਡੀ ਦੇ ਦਿਤੀ ਹੈ।

ਬਾਬਾ ਦਲ ਦੇ ਬਾਦਲ ਹਮਾਇਤੀਆਂ ਦੀ ਚਰਚਾ ਅਨੁਸਾਰ ਜੇ ਬਾਬਾ ਜੀ ਸਾਂਝੇ ਦਲ ਦੀ ਸਰਪ੍ਰਸਤੀ ਕਬੂਲ ਕਰਕੇ ਸ: ਬਾਦਲ ਨੂੰ ਦਲ ਦਾ ਪ੍ਰਧਾਨ ਥਾਪ ਕੇ ਆਪ ਸਿਆਸੀ ਮਾਮਲਿਆਂ ਤੋਂ ਪਰੇ ਹੋ ਕੇ ਧਾਰਮਿਕ ਸਰਗਰਮੀਆਂ ਤੇਜ਼ ਕਰ ਦੇਣ ਤਾਂ ਇਸ ਨਾਲ ਜਿਥੇ ਨਵੇਂ ਦਲ ਨੂੰ ਸ਼ਕਤੀ ਮਿਲੇਗੀ, ਉਥੇ ਬਾਬਾ ਜੀ ਧਾਰਮਿਕ ਸ਼ਖਸੀਅਤ ਵਜੋਂ ਹੋਰ ਵੀ ਉਭਰ ਸਕਦੇ ਹਨ। ਇਸ ਯਤਨ ਰਾਹੀਂ ਬਾਗੀ ਦਲ ਸ਼੍ਰੋਮਣੀ ਕਮੇਟੀ ਦੇ ਸਾਬਕ ਪ੍ਰਧਾਨ ਸ: ਗੁਰਚਰਨ ਸਿੰਘ ਟੌਹੜਾ ਦੀਆਂ ਸਿਆਸੀ ਚਾਲਾਂ ਤੋਂ ਬਚਣ ਦਾ ਯਾਹ ਲੱਭ ਰਿਹਾ ਹੈ ਕਿ ਜੇ ਕਿਤੇ ਕੱਲ੍ਹ ਨੂੰ ਟੌਹੜਾ ਵਲੋਂ ਕੋਈ ਨਵਾਂ ਸਿਆਸੀ ਦਾਅ ਖੇਡ ਦਿਤਾ ਜਾਵੇ ਤਾਂ ਦਲ ਬਾਬਾ ਜੀ ਦੇ ਅਸਰ ਰਾਹੀਂ ਉਸ ਤੋਂ ਆਪਣਾ ਬਚਾਅ ਵੀ ਕਰ ਸਕੇਗਾ। ਹਾਲ ਦੀ ਘੜੀ ਇਸ ਦਲ ਵਿਚ ਕੋਈ ਅਜਿਹੀ ਸ਼ਖਸੀਅਤ ਨਹੀਂ ਹੈ, ਜਿਸ ਦਾ ਅਸਰ ਸਾਰੇ ਕਬੂਲਦੇ ਹੋਣ ਤੇ ਸਤਿਕਾਰ ਵੀ ਕਰਦੇ ਹੋਣ। ਬਾਗੀ ਦਲ ਭਾਵੇਂ ਬਰਨਾਲਾ ਤੋਂ ਵੱਖ ਹੋ ਗਿਆ ਹੈ ਅਤੇ ਸ: ਟੌਹੜਾ ਹਾਲ ਦੀ ਘੜੀ ਇਸ ਨਾਲ ਦਿਸਦੇ ਹਨ ਪਰ ਬਾਦਲ ਦੇ ਹਮਾਇਤੀ ਅਜੇ ਵੀ ਟੌਹੜਾ ਦੀਆਂ ਸਰਗਰਮੀਆਂ ਨੂੰ ਸਿਆਸੀ ਪਖੋਂ ਸ਼ੱਕੀ ਨਿਗਾਹਾਂ ਨਾਲ ਵੇਖ ਰਹੇ ਹਨ।

ਬਰਨਾਲਾ ਧੜੇ ਦੇ ਯਤਨ

ਦੂਜੇ ਪਾਸੇ ਬਰਨਾਲਾ ਦਲ ਦੇ ਕੈਂਪ ਵਿਚ ਟੌਹੜਾ ਦੇ ਹਮਾਇਤੀਆਂ ਵਲੋਂ ਟੌਹੜਾ ਦੇ ਬਰਨਾਲਾ ਧੜੇ ਵਿਚ ਮੁੜ ਸ਼ਾਮਲ ਹੋ ਜਾਣ ਪ੍ਰਤੀ ਅਜੇ ਵੀ ਪੂਰਨ ਭਰੋਸਾ ਪ੍ਰਗਟਾਇਆ ਜਾ ਰਿਹਾ ਹੈ। ਇਸ ਕੈਂਪ ਦੀ ਚਰਚਾ ਅਨੁਸਾਰ ਸ: ਟੌਹੜਾ ਨੂੰ ਰਾਜ਼ੀ ਕਰਨ ਲਈ ਅਜੇ ਵੀ ਯਤਨ ਜਾਰੀ ਹਨ ਅਤੇ ਸ: ਟੌਹੜਾ ਨੂੰ ਸੰਤੁਸ਼ਟ ਕਰਨ ਲਈ ਹੁਣ ਸ: ਟੌਹੜਾ ਹਮਾਇਤੀਆਂ ਤੋਂ ਇਲਾਵਾ ਬਰਨਾਲਾ ਦੇ ਨੇੜਲੇ ਸਾਥੀਆਂ ਵਲੋਂ ਮੁਖ ਮੰਤਰੀ ਨੂੰ ਪ੍ਰਧਾਨਗੀ ਜਾਂ ਮੁਖ ਮੰਤਰੀ ਦੇ ਅਹੁਦੇ ਵਿਚੋਂ ਸਿਰਫ ਇਕ ਅਹੁਦਾ ਹੀ ਸੰਭਾਲਣ ਲਈ ਫੇਰ ਨਵੇਂ ਸਿਰਿਓਂ ਜ਼ੋਰ ਪਾਇਆ ਜਾ ਰਿਹਾ ਹੈ। ਜ: ਟੌਹੜਾ ਦੇ ਬਰਨਾਲਾ ਧੜੇ ਦੇ ਹਮਾਇਤੀਆਂ ਅਨੁਸਾਰ ਆਨੰਦਪੁਰ ਦੇ ਡੇਲੀਗੇਟ ਇਜਲਾਸ ਤੋਂ ਪਹਿਲਾਂ ਇਕ ਮੌਕੇ ਤੇ ਸ: ਬਰਨਾਲਾ ਸ: ਟੌਹੜਾ ਨੂੰ ਦਲ ਦੀ ਪ੍ਰਧਾਨਗੀ ਸੌਂਪਣ ਲਈ ਤਿਆਰ ਹੋ ਗਏ ਸਨ ਪਰ ਸ: ਬਾਦਲ ਵਲੋਂ ਸ: ਟੌਹੜਾ ਨੂੰ ਪ੍ਰਧਾਨ ਮੰਨਣੋਂ ਇਨਕਾਰ ਕਰ ਦਿਤਾ ਗਿਆ ਸੀ। ਸ: ਟੌਹੜਾ ਦੇ ਹਮਾਇਤੀਆਂ ਅਨੁਸਾਰ ਸ: ਬਾਦਲ ਦੇ ਵਿਸ਼ਵਾਸ਼ ਅਧੀਨ ਟੌਹੜਾ ਨੇ ਬਾਦਲ, ਸੁਖਜਿੰਦਰ ਸਿੰਘ, ਅਮਰਿੰਦਰ ਸਿੰਘ ਨੂੰ ਪੱਕੇ ਤੌਰ ਤੇ ਸਿਆਸੀ ਪੱਖੋਂ ਮਾਰਨ ਲਈ ਇਹਨਾਂ ਨੂੰ ਅਕਾਲੀ ਦਲ ਦੀ ਮੁਖ ਧਾਰਾ ਤੋਂ ਵੱਖ ਕਰਨ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ ਹੈ, ਤਾਂ ਕਿ ਇਹਨਾਂ ਦੇ ਵੱਖ ਹੋਣ ਨਾਲ ਜਿਥੇ ਬਾਦਲ ਧੜੇ ਤੋਂ ਛੁਟਕਾਰਾ ਪਾਇਆ ਜਾ ਸਕੇਗਾ ਉਥੇ ਟੌਹੜਾ ਨੂੰ ਦਲ ਦੀ ਪ੍ਰਧਾਨਗੀ ਸੌਂਪ ਕੇ ਦਲ ਨੂੰ ਨਵੇਂ ਸਿਰਿਓਂ ਬਗੈਰ ਅੜਚਨ ਦੇ ਸਰਗਰਮ ਕੀਤਾ ਜਾ ਸਕੇਗਾ।

ਵਿਲੀਅਮਜ਼ਲੇਕ ਦੀਆਂ ਖਬਰਾਂ

ਡੇਲੀਗੇਟਾਂ ਦੀ ਚੋਣ

ਬੀ. ਸੀ. ਦੇ ਪ੍ਰਧਾਨ ਲਈ ਆ ਰਹੀ ਚੋਣ ਲਈ ਭਾਰਤੀ ਕਮਿਊਨਿਟੀ ਵਿਚੋਂ ਦੋ ਡੇਲੀਗੇਟ ਚੁਣੇ ਗਏ ਹਨ ਉਹ ਹਨ ਗਿਆਨ ਸਿੰਘ ਸੰਧੂ ਤੇ ਸੁਖਦੇਵ ਸਿੰਘ ਹੋਤੀ। ਪਹਿਲੇ ਮਿਲ ਦੇ ਮਾਲਕ ਹਨ ਦੂਜੇ ਸਿਨਮਿਆਂ ਦੇ। ਪਹਿਲੇ W.S.O. ਦੇ ਲੀਡਰ ਭੀ ਹਨ ਅਤੇ ਪਿਛਲੇ ਐਲਡਰਮੈਨ ਭੀ ਬਣੇ ਸਨ ਪਰ ਕਸਟਮ ਦੇ ਪਛੰਡੇ ਕਾਰਨ ਆਪਣੀ ਟਰਮ ਪੂਰੀ ਨਹੀਂ ਸਨ ਕਰ ਸਕੇ।

ਦੋ ਵਰ੍ਹੇ ਪਹਿਲਾਂ ਸਾਰੇ ਹੀ ਮਜ਼ਦੂਰ N.D.P. ਦੇ ਮਗਰ ਸਨ ਪਰ ਪ੍ਰਸਪਰ ਵਿਰੋਧ ਤੇ ਲੀਡਰਸ਼ਿਪ ਨੂੰ ਕਾਇਮ ਰੱਖਣ ਲਈ ਅੱਧ-ਪਚੱਧ ਸੋਕਰਡ ਸਰਕਾਰ ਨਾਲ ਪੈਰ ਮਿਲਾ ਕੇ ਚੱਲਣ ਲਗ ਪਏ ਹਨ।

ਮੇਲੇ ਤੇ ਟੱਕਰ

ਕੋਰਟ ਦਾ ਫੈਸਲਾ ਤਾਂ ਆ ਗਿਆ ਸੀ ਪਰ ਵਾਤਾਵਰਣ ਬਿਜਲਈ ਸੀ। ਸਟੈਂਪੀਡ ਦੇ ਮੇਲੇ ਤੇ 'ਖਾਲਿਸਤਾਨੀ' 'ਕਾਂਗਰਸੀ' ਬੋਲੇ ਕੱਸਣ ਤੇ ਮੁੱਠ-ਭੇੜ ਹੋ ਗਈ। ਇਕ ਪਾਸਿਓਂ ਦੋ ਜਣੇ ਮਾਰ ਖਾ ਗਏ। ਜੇਤੂ ਧਿਰ ਮੇਲੇ 'ਚ ਬੁੱਕਦੀ ਰਹੀ। ਅੰਤ ਇਕ ਕੁਮਕ ਹੋਰ ਪਹੁੰਚ ਪਈ ਤੇ ਜੇਤੂਆਂ ਨੂੰ ਪਠਾਰ ਤੇ ਜਾ ਘੇਰਿਆ। ਭਾਜੜਾਂ ਪੈ ਗਈਆਂ ਜਿਹੜਾ ਹੱਥ ਆਇਆ ਇਨਾਮ ਲੈਂਦਾ ਗਿਆ। ਇਕ ਯੋਧਾ ਤਾਂ ਆਪਣੀ ਕਮੀਜ਼ ਭੀ ਛੱਡ ਗਿਆ। ਇਕ ਕਾਰ ਦੇ ਨੁਕਸਾਨ ਤੇ ਬਾਕੀ ਝਗੜੇ ਦੀ ਪੁਲੀਸ ਪੜਤਾਲ ਕਰ ਰਹੀ ਹੈ। ਪੁਲੀਸ ਦੇ ਕੰਨ 'ਚ ਪਾਇਆ ਜਾ ਰਿਹਾ ਹੈ ਕਿ ਇਹ ਕੰਮ ਸਟੂਡੈਂਟ ਫੈਡਰੇਸ਼ਨ ਦਾ ਹੈ ਤੇ ਫੈਡਰੇਸ਼ਨ ਦੇ ਮਹਿਲੀਂ ਪਤਾ ਭੀ ਨਹੀਂ। ਹਾਲੀ ਭੀ ਬੱਦਲ ਗੱਜਦੇ ਹਨ ਤੇ ਬਿਜਲੀ ਲਿਸ਼ਕਦੀ ਹੈ ਤੇ ਟਾਹਣੀ ਕਦੀ ਭੀ ਟੁੱਟ ਸਕਦੀ ਹੈ।

ਖਾਲਿਸਤਾਨੀ ਨਿਸ਼ਾਨ

ਅੰਮ੍ਰਿਤਸਰ ਸਾਹਿਬ ਦੇ ਘੱਲੂਘਾਰੇ ਤੋਂ ਬਾਅਦ ਜੂਨ 1985 ਵਿਚ ਕਿਸੇ ਵਿਅਕਤੀ ਦੇ ਨਾਉਂ ਤੇ ਗੁਰਦੁਵਾਰਾ ਸਾਹਿਬ ਰੀਜ਼ਰਵ ਕਰਵਾ ਕੇ ਵਿਲੀਅਮਜ਼ਲੇਕ ਵਿਚ ਪਹਿਲੇ ਨਿਸ਼ਾਨ ਤੋਂ ਬਿਨਾਂ ਇਕ ਹੋਰ ਛੋਟਾ ਝੰਡਾ ਛੱਤ ਦੇ ਇਕ ਖੂੰਜੇ ਵਿਚ ਲਹਿਰਾ ਦਿਤਾ ਗਿਆ ਸੀ। ਇਸ ਵਿਚ ਮੌਜੂਦਾ ਕਮੇਟੀ ਦੀ ਸਹਿਮਤੀ ਨਹੀਂ ਸੀ। ਬਾਹਰੋਂ ਮਹਿਮਾਨ ਸੱਦ ਕੇ ਧਿੰਗਾ-ਜ਼ੋਰੀ ਕੀਤੀ ਗਈ ਸੀ ਪਰ ਮੌਕੇ ਦੀ ਨਜ਼ਾਕਤ ਸਮਝਦਿਆਂ ਕਮੇਟੀ ਨੇ ਸ਼ਾਂਤ ਰਹਿਣ ਦੀ ਅਪੀਲ ਕੀਤੀ ਸੀ।

ਇਸ ਵਾਰ ਜੂਨ ਵਿਚ ਨਿਸ਼ਾਨ ਸਾਹਿਬ ਨਹੀਂ ਚਾੜ੍ਹਿਆ ਗਿਆ। ਰੱਸੀ ਗਲ ਗਈ ਤੇ ਝੂਲਣ ਵਾਲਾ ਹਿਸਾ ਹੇਠਾਂ ਡਿੱਗ ਪਿਆ। ਕਿਸੇ ਬੰਨ੍ਹਣ ਦੀ ਕੋਸ਼ਿਸ਼ ਕੀਤੀ ਪਰ ਉਹ ਫੇਰ ਡਿਗ ਪਿਆ। ਇਕੱਲਾ ਪੋਲ ਹੀ ਦਿਸਦਾ ਹੈ। ਕਮੇਟੀ ਨੇ ਤਾਂ ਚਾੜ੍ਹਨਾ ਹੀ ਨਹੀਂ ਕਿਉਂਕਿ ਉਨ੍ਹਾਂ ਸਾਂਝਾ ਨਿਸ਼ਾਨ ਸਾਹਿਬ ਵਿਸਾਖੀ ਨੂੰ ਝੁਲਾ ਦਿੱਤਾ ਸੀ। ਜਿੰਨ੍ਹਾਂ ਚਾੜ੍ਹਨਾ ਸੀ ਉਹ ਫੁਟ ਦਾ ਸ਼ਿਕਾਰ ਹਨ। ਕਿਸੇ ਫੈਡਰੇਸ਼ਨ ਵਾਲੇ ਦਾ ਸਰੀ 'ਚੋਂ ਭੀ ਫੋਨ ਆਇਆ ਸੀ। ਭਲਾ ਕਦੀ ਵਿਲੀਅਮਜ਼ਲੇਕ ਵਾਲਿਆਂ ਭੀ ਕਦੀ ਫੋਨ ਕੀਤਾ ਕਿ ਤੁਸੀਂ ਸਰੀ 'ਚ ਕੀ ਕਰਦੇ ਹੋ?

ਵਿਸ਼ੇਸ਼ ਪ੍ਰਤੀਨਿਧ ਵਲੋਂ

ਤਿੰਨ ਨਵੇਂ ਬਿਜਲੀ ਯੂਨਿਟਾਂ ਨੂੰ ਕੇਂਦਰੀ ਪ੍ਰਵਾਨਗੀ


ਮੋਗਾ — ਕੇਂਦਰੀ ਸਰਕਾਰ ਨੇ ਗੁਰੂ ਨਾਨਕ ਥਰਮਲ ਪਲਾਂਟ ਬਠਿੰਡਾ ਦੇ 110-110 ਮੈਗਾਵਾਟ ਦੇ ਦੋ ਬਿਜਲੀ ਯੂਨਿਟਾਂ ਨੂੰ ਟੈਕਨੀਕਲ ਪਰਵਾਨਗੀ ਦੇ ਦਿਤੀ ਹੈ। ਰੋਪੜ ਥਰਮਲ ਪਲਾਂਟ ਦੇ 220 ਮੈਗਾਵਾਟ ਯੂਨਿਟ ਦੀ ਮਨਜ਼ੂਰੀ ਵੀ ਮਿਲ ਗਈ ਹੈ। ਇਹਨਾਂ ਨਵੇਂ ਪਰਾਜੈਕਟਾਂ ਨੂੰ ਸਿਰੇ ਚਾੜ੍ਹਨ ਲਈ ਰਾਜ ਸਰਕਾਰ ਵਲੋਂ ਫੰਡ ਅਲਾਟ ਕਰਨ ਲਈ ਹਰ ਸੰਭਵ ਕਦਮ ਚੁਕੇ ਜਾ ਰਹੇ ਹਨ। ਇਹਨਾਂ ਪਰਾਜੈਕਟਾ ਦੇ ਪੂਰੇ ਹੋ ਜਾਣ ਨਾਲ ਪੰਜਾਬ ਨੂੰ ਬਿਜਲੀ ਦੀ ਲੋੜ ਪੂਰੀ ਹੋਣ ਵਿਚ ਮਦਦ ਮਿਲੇਗੀ। ਇਹ ਐਲਾਨ ਬੀਤੇ ਦਿਨ ਮੁਖ ਮੰਤਰੀ ਸ: ਬਰਨਾਲਾ ਨੇ ਕੀਤਾ।

ਆਈ. ਡਬਲਯੂ. ਏ. ਵੱਲੋਂ ਮਿੱਲਾਂ ਵਿਚ ਹੜਤਾਲ ਸ਼ੁਰੂ

ਵੈਨਕੂਵਰ — ਬੀ. ਸੀ. ਦੀ ਸਭ ਤੋਂ ਵੱਡੀ ਮਿਲ ਯੂਨੀਅਨ ਆਈ. ਡਬਲਯੂ. ਏ. ਨੇ ਮੰਗਲਵਾਰ ਤੋਂ ਆਪਣੀ ਹੜਤਾਲ ਸ਼ੁਰੂ ਕਰ ਦਿੱਤੀ ਹੈ। ਯੂਨੀਅਨ ਅਤੇ ਮਿਲ-ਮਾਲਕਾਂ ਵਿਚਕਾਰ ਸਮਝੌਤਾ ਸਿਰੇ ਨਹੀਂ ਚੜ੍ਹ ਸਕਿਆ। ਇਸ ਯੂਨੀਅਨ ਦੇ ਕੁੱਲ 31,000 ਮੈਂਬਰ ਹਨ। ਝਗੜਾ ਮੁੱਖ ਮੌਰ ਉਤੇ ਪ੍ਰਾਈਵੇਟ ਠੇਕੇਦਾਰਾਂ ਨੂੰ ਕੰਮ ਦਿਤੇ ਜਾਣ ਉਤੇ ਹੋਇਆ।

ਕੇਂਦਰ, ਪੰਜਾਬ ਸਰਕਾਰ ਨੂੰ ਕਮਜ਼ੋਰ ਕਰਨ ਲਈ ਖੇਡ ਖੇਡ ਰਿਹੈ — ਬਰਨਾਲਾ

ਸੰਗਰੂਰ — "ਪੰਜਾਬ ਸਰਕਾਰ ਨੂੰ ਵਰਤਮਾਨ ਸਮੇਂ ਤਿੰਨ ਪਾਸਿਆਂ ਤੋਂ ਭਾਰੀ ਖਤਰਾ ਹੈ। ਇਕ ਪਾਸੇ ਪੰਜਾਬ ਵਿਚ ਅਤਿਵਾਦੀ ਹਿੰਸਕ ਕਾਰਵਾਈਆਂ ਕਰ ਰਹੇ ਹਨ, ਦੂਜੇ ਪਾਸੇ ਸ. ਪ੍ਰਕਾਸ਼ ਸਿੰਘ ਬਾਦਲ, ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਉਨ੍ਹਾਂ ਦੇ ਸਾਥੀ ਸਰਕਾਰ ਨੂੰ ਢਾਹ ਲਾਉਣ ਦੀਆਂ ਗੋਂਦਾਂ ਗੁੰਦ ਰਹੇ ਹਨ ਅਤੇ ਤੀਜੇ ਪਾਸਿਓਂ ਕੇਂਦਰੀ ਸਰਕਾਰ ਪੰਜਾਬ ਸਮਝੌਤੇ ਨੂੰ ਇਨ-ਬਿਨ ਲਾਗੂ ਨਾ ਕਰ ਕੇ ਪੰਜਾਬ ਸਰਕਾਰ ਨੂੰ ਕਮਜ਼ੋਰ ਕਰਨ ਦੀ ਸਿਆਸੀ ਖੇਡ ਖੇਡ ਰਹੀ ਹੈ।" ਇਹ ਵਿਚਾਰ ਪੰਜਾਬ ਦੇ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੇ ਇਥੋਂ 14 ਕਿਲੋਮੀਟਰ ਦੂਰ ਪਿੰਡ ਭਲਵਾਨ ਵਿਖੇ ਇਕ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਸ. ਸੁਰਜੀਤ ਸਿੰਘ ਬਰਨਾਲਾ ਨੇ ਪਿੰਡ ਭਲਵਾਨ ਵਿਖੇ 66 ਕੇ. ਵੀ. ਗਰਿਡ ਦਾ ਉਦਘਾਟਨ ਕਰਨ ਬਾਅਦ ਇਕ ਪੇਂਡੂ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ ਸਮੇਂ ਵਿਚ ਪੰਜਾਬ ਸਰਕਾਰ ਨੇ ਰਾਜ ਦੀ ਸਰਬਪੱਖੀ ਉਨਤੀ ਲਈ ਯੋਜਨਾਬੱਧ ਕੰਮ ਕੀਤੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਅੱਠ ਮਹੀਨਿਆਂ ਤੋਂ ਪੰਜਾਬ ਵਿਚ 500 ਕਰੋੜ ਰੁਪਏ ਦੇ ਉਦਯੋਗ ਸਥਾਪਤ ਕੀਤੇ ਜਾ ਰਹੇ ਹਨ। ਪੰਜਾਬ ਸਰਕਾਰ ਦਸ ਹਜ਼ਾਰ ਬੇਰੁਜ਼ਗਾਰਾਂ ਨੂੰ ਜਿੰਨੀ ਛੇਤੀ ਹੋ ਸਕੇ ਨੌਕਰੀਆਂ ਦੇਣ ਦਾ ਪ੍ਰਬੰਧ ਕਰੇਗੀ। ਪੰਜਾਬ ਸਰਕਾਰ ਨੇ ਰਾਜ ਵਿਚ ਪੰਜਾਹ ਹਜ਼ਾਰ ਟਿਊਬਵੈਲ ਲਾਉਣ ਦਾ ਟੀਚਾ ਮਿਥਿਆ ਸੀ ਜਿਨ੍ਹਾਂ ਵਿਚੋਂ 38 ਹਜ਼ਾਰ ਟਿਊਬਵੈਲ ਅਕਾਲੀ ਸਰਕਾਰ ਬਣਨ ਉਪਰੰਤ ਲਗ ਚੁਕੇ ਹਨ। ਮੁਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਕਿਸਾਨਾਂ ਦੀ ਭਲਾਈ ਲਈ ਇਕ ਰੁਪਿਆ ਸੈਸ ਟੈਕਸ ਮੁਆਫ ਕੀਤਾ। ਇਸ ਕਾਰਨ ਪੰਜਾਬ ਸਰਕਾਰ ਨੂੰ 26 ਕਰੋੜ ਰੁਪਏ ਦਾ ਘਾਟਾ ਪਿਆ। ਉਨ੍ਹਾਂ ਇਹ ਵੀ ਕਿਹਾ ਕਿ ਟਿਊਬਵੈਲਾਂ ਦਾ ਬਿਜਲੀ ਬਿਲ ਇਕ ਰੁਪਿਆ ਪ੍ਰਤੀ ਹਾਰਸ ਪਾਵਰ ਘਟਾਇਆ ਹੈ। ਇਸ ਨਾਲ ਸਰਕਾਰ ਉਤੇ ਚਾਰ ਕਰੋੜ ਰੁਪਏ ਦਾ ਹੋਰ ਬੋਝ ਪਿਆ ਹੈ। ਅਕਾਲੀ ਸਰਕਾਰ ਨੇ ਇਹ ਸਭ ਕੁਝ ਪੰਜਾਬ ਦੇ ਕਿਸਾਨਾਂ ਦੀ ਆਰਥਿਕ ਹਾਲਤ ਨੂੰ ਸੁਧਾਰਨ ਲਈ ਕੀਤਾ ਹੈ।



ਬਰਨਾਲਾ ਨੇ ਸਾਬਕਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਪ੍ਰਧਾਨ ਸ਼ਰੋਮਣੀ ਕਮੇਟੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਇਨ੍ਹਾਂ ਦੇ ਸਾਥੀਆਂ ਦੀਆਂ ਨੀਤੀਆਂ ਬਾਰੇ ਕਿਹਾ ਕਿ ਬਾਦਲ ਅਤੇ ਜਥੇਦਾਰ ਟੌਹੜਾ ਪੰਜਾਬ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਲੜਨ ਲਈ ਤਾਂ ਸ਼ਰੋਮਣੀ ਅਕਾਲੀ ਦਲ ਦੇ ਝੰਡੇ ਹੇਠ ਆ ਗਏ ਪਰ ਫਿਰ ਵੀ ਕਦੇ ਅੰਦਰੋਂ ਅੰਦਰੀ ਅਤੇ ਕਦੇ ਖੁੱਲ੍ਹਮ-ਖੁੱਲ੍ਹਾ ਸਵਰਗੀ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਸ੍ਰੀ ਰਾਜੀਵ ਗਾਂਧੀ ਵਿਚਕਾਰ ਹੋਏ 'ਪੰਜਾਬ ਸਮਝੌਤੇ' ਦਾ ਵਿਰੋਧ ਕਰਦੇ ਰਹੇ। ਉਨ੍ਹਾਂ ਕਿਹਾ ਕਿ ਪਹਿਲੀ ਵਾਰ ਅਕਾਲੀ ਦਲ ਨੇ ਕਿਸੇ ਵੀ ਰਾਜਸੀ ਪਾਰਟੀ ਨਾਲ ਚੋਣ ਗਠਜੋੜ ਤੋਂ ਬਿਨਾਂ ਇਕੱਲਿਆਂ ਚੋਣਾਂ ਲੜੀਆਂ ਅਤੇ ਵਿਧਾਨ ਸਭਾ ਦੀਆਂ 73 ਸੀਟਾਂ ਜਿੱਤੀਆਂ। ਇਸ ਇਤਿਹਾਸਕ ਜਿੱਤ ਦਾ ਸਿਹਰਾ ਸਵਰਗੀ ਸੰਤ ਲੌਂਗੋਵਾਲ ਦੀ ਕੁਰਬਾਨੀ ਨੂੰ ਜਾਂਦਾ ਹੈ ਜਿਨ੍ਹਾਂ ਨੇ ਪੰਜਾਬ ਤੇ ਦੇਸ਼ ਦੇ ਹਿਤਾਂ ਲਈ ਆਪਣੀ ਜਾਨ ਤਕ ਕੁਰਬਾਨ ਕਰ ਦਿਤੀ ਪਰ ਜਦੋਂ ਸ: ਬਾਦਲ ਅਤੇ ਜਥੇਦਾਰ ਟੌਹੜਾ ਦੀ ਮਰਜ਼ੀ ਨਾ ਚੱਲੀ ਤਾਂ ਇਨ੍ਹਾਂ ਨੇ ਲੋਕਾਂ ਵਲੋਂ ਚੁਣੀ ਸਰਕਾਰ ਨੂੰ ਡੇਗਣ ਲਈ ਹਰ ਹੀਲਾ ਵਰਤਣਾ ਸ਼ੁਰੂ ਕੀਤਾ। ਉਨ੍ਹਾਂ ਕਿਹਾ ਕਿ ਪਹਿਲਾਂ ਬਾਦਲ ਗਰੁੱਪ ਨੇ ਅਕਾਲੀ ਲੈਜਿਸਲੇਟਿਵ ਪਾਰਟੀ ਨੂੰ ਦੋਫਾੜ ਕੀਤਾ ਅਤੇ ਫਿਰ ਆਨੰਦਪੁਰ ਸਾਹਿਬ 40 ਕੁ ਡੈਲੀਗੇਟ ਸੱਦ ਕੇ ਅਕਾਲੀ ਪਾਰਟੀ ਨੂੰ ਪਾੜ ਲਾਇਆ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੀ ਸਮੱਸਿਆ ਕਿਉਂ ਹੱਲ ਨਹੀਂ ਹੋ ਰਹੀ ਇਸ ਦੀ ਜ਼ਿੰਮੇਵਾਰੀ ਸਿੱਧੇ ਤੌਰ ਉਤੇ ਸ੍ਰੀ ਬਾਦਲ ਅਤੇ ਜਥੇਦਾਰ ਟੌਹੜਾ ਉਪਰ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ ਦਲ ਵਿਚ ਫੁੱਟ ਪੈ ਜਾਣ ਬਾਅਦ ਕੇਂਦਰ ਸਰਕਾਰ ਨੇ ਵੀ ਆਪਣੀ ਨੀਤੀ ਬਦਲ ਲਈ। ਕੇਂਦਰੀ ਕਾਂਗਰਸ ਸਰਕਾਰ ਨੇ ਇਹ ਬਿਲਕੁਲ ਬਰਦਾਸ਼ਤ ਨਹੀਂ ਸੀ ਕੀਤਾ ਕਿ ਅਕਾਲੀ ਦਲ ਦੇ ਭਾਰੀ ਗਿਣਤੀ ਵਿਚ ਮੈਂਬਰ ਵਿਧਾਨ ਸਭਾ ਵਿਚ ਆ ਗਏ ਹਨ। ਕੇਂਦਰੀ ਸਰਕਾਰ ਨੇ ਅਕਾਲੀ ਸਰਕਾਰ ਨੂੰ ਕਮਜ਼ੋਰ ਕਰਨ ਲਈ ਇਸ ਵਿਚ ਫੁੱਟ ਪਾਉਣ ਲਈ ਸ. ਬਾਦਲ ਅਤੇ ਜਥੇਦਾਰ ਟੌਹੜਾ ਵਰਗੇ ਅੱਗੇ ਲਿਆਂਦੇ। ਜਿਵੇਂ ਕਿ ਅਕਾਲੀ ਦਲ ਵਿਚ ਫੁੱਟ ਪਈ ਅਤੇ ਅਕਾਲੀ ਦਲ ਕਮਜ਼ੋਰ ਹੋਇਆ ਤਾਂ ਕੇਂਦਰ ਸਰਕਾਰ ਨੇ ਪੰਜਾਬ ਦਾ 70 ਹਜ਼ਾਰ ਏਕੜ ਰਕਬਾ ਚੰਡੀਗੜ੍ਹ ਬਦਲੇ ਹਰਿਆਣਾ ਨੂੰ ਦੇਣ ਦੀ ਨਾਪਾਕ ਕੋਸ਼ਿਸ਼ ਕੀਤੀ। ਸ. ਬਰਨਾਲਾ ਨੇ ਕਿਹਾ ਕਿ ਜਥੇਦਾਰ ਟੌਹੜਾ 14 ਸਾਲ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਰਹੇ ਪਰ ਛੇ ਮਹੀਨੇ ਉਹ ਖੁਦ ਹਰਿਮੰਦਰ ਸਾਹਿਬ ਦਾਖਲ ਨਾ ਹੋ ਸਕੇ। ਮੁੱਖ ਮੰਤਰੀ ਨੇ ਅਖੀਰ ਵਿਚ ਚਿਤਾਵਨੀ ਦਿਤੀ ਕਿ ਜੇਕਰ ਕੇਂਦਰ ਸਰਕਾਰ ਨੇ ਪੰਜਾਬ ਸਮਝੌਤਾ ਛੇਤੀ ਲਾਗੂ ਨਾ ਕੀਤਾ ਤਾਂ ਅਕਾਲੀ ਦਲ ਪੰਜਾਬ ਦੀਆਂ ਹੱਕੀ ਮੰਗਾਂ ਲਈ ਮੁੜ ਮੋਰਚਾ ਲਾਏਗਾ। ਇਸ ਮੌਕੇ ਉਤੇ ਹੋਰਨਾਂ ਤੋਂ ਬਿਨਾਂ ਸ੍ਰੀ ਨੁਸਰਤ ਅਲੀ, ਬਲਦੇਵ ਸਿੰਘ ਮਾਨ, ਹਰੀ ਸਿੰਘ ਜ਼ੀਰਾ (ਸਾਰੇ ਰਾਜ ਮੰਤਰੀ), ਗੋਬਿੰਦ ਸਿੰਘ ਕਾਂਝਲਾ, ਸੁਰਿੰਦਰ ਸਿੰਘ ਧੂਰੀ (ਸੰਸਦੀ ਸਕੱਤਰ) ਅਤੇ ਰਣਜੀਤ ਸਿੰਘ ਵਾਲੀਆ ਐਮ. ਐਲ. ਏ. ਨੇ ਵਿਚਾਰ ਰੱਖੇ।

ਬਾਦਲ ਵਲੋਂ ਵਰਕਿੰਗ ਕਮੇਟੀ ਤੇ ਹੋਰ ਅਹੁਦੇਦਾਰਾਂ ਦਾ ਐਲਾਨ

ਚੰਡੀਗੜ੍ਹ — ਸ. ਪ੍ਰਕਾਸ਼ ਸਿੰਘ ਬਾਦਲ ਨੇ ਦਲ ਦੀ ਵਰਕਿੰਗ ਕਮੇਟੀ ਤੇ ਹੋਰ ਅਹੁਦੇਦਾਰਾਂ ਦਾ ਐਲਾਨ ਕਰ ਦਿਤਾ ਹੈ। ਗਿਆਰਾਂ ਮੈਂਬਰੀ ਵਰਕਿੰਗ ਕਮੇਟੀ ਵਿਚ ਸ: ਗੁਰਚਰਨ ਸਿੰਘ ਟੌਹੜਾ, ਕੈ: ਅਮਰਿੰਦਰ ਸਿੰਘ, ਸੁਖਜਿੰਦਰ ਸਿੰਘ, ਸੰਤ ਅਜੀਤ ਸਿੰਘ, ਪ੍ਰੇਮ ਸਿੰਘ ਲਾਲਪੁਰਾ, ਬਲਵਿੰਦਰ ਸਿੰਘ ਭੂੰਦੜ, ਤਾਲਬ ਸਿੰਘ ਸੰਧੂ, ਜਸਜੀਤ ਸਿੰਘ, ਪ੍ਰੋ: ਜਗੀਰ ਸਿੰਘ, ਪ੍ਰੋ: ਅਜਾਇਬ ਸਿੰਘ ਅਤੇ ਅਵਤਾਰ ਸਿੰਘ (ਦੋਵੇਂ ਦਿੱਲੀ) ਸ਼ਾਮਲ ਕੀਤੇ ਗਏ ਹਨ। ਸ: ਬਾਦਲ ਨੇ ਕਿਹਾ ਕਿ ਠੇਕੇਦਾਰ ਸੁਰਜਨ ਸਿੰਘ ਦਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਕੁਲਦੀਪ ਸਿੰਘ ਵਡਾਲਾ ਤੇ ਗੁਰਦੇਵ ਸਿੰਘ ਬਾਦਲ ਮੀਤ ਪ੍ਰਧਾਨ ਹੋਣਗੇ। ਸ: ਸੁਖਦੇਵ ਸਿੰਘ ਢੀਂਡਸਾ, ਮਨਜੀਤ ਸਿੰਘ ਕਲਕੱਤਾ, ਸੁਚਾ ਸਿੰਘ ਛੋਟੇਪੁਰ ਤੇ ਬਲਬੀਰ ਸਿੰਘ ਬਰਾੜ ਸਾਰੇ ਪਾਰਟੀ ਦੇ ਜਨਰਲ ਸਕੱਤਰ ਥਾਪੇ ਗਏ ਹਨ। ਸ: ਸ਼ੇਰ ਸਿੰਘ ਝੂੰਮਛੇੜੀ ਨੂੰ ਯੂਥ ਅਕਾਲੀ ਦਲ ਦਾ ਪ੍ਰਧਾਨ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵਰਕਿੰਗ ਕਮੇਟੀ ਿ ਵਿਸਥਾਰ ਕੀਤਾ ਜਾਵੇਗਾ। ਹਰਿਆਣਾ, ਰਾਜਸਥਾਨ ਅਤੇ ਜੰਮੂ-ਕਸ਼ਮੀਰ ਦੇ ਪ੍ਰਤੀਨਿਧ ਵੀ ਸ਼ਾਮਲ ਕੀਤੇ ਜਾਣਗੇ।

ਪਵਨ ਕੁਮਾਰ ਦਾ ਵਰਤ ਜਾਰੀ — ਭਾਰ ਘਟ ਗਿਆ

ਚੰਡੀਗੜ੍ਹ — ਚੰਡੀਗੜ੍ਹ ਦਾ ਸਟੇਟਸ ਕਾਇਮ ਰੱਖਣ ਤੇ ਪੰਜਾਬ ਵਿਚ ਬੇਦੋਸ਼ੇ ਲੋਕਾਂ ਦੇ ਕਤਲ ਰੋਕਣ ਦੀ ਮੰਗ ਨੂੰ ਲੈ ਕੇ ਜਨਤਾ ਪਾਰਟੀ ਦੇ ਆਗੂ ਪਵਨ ਕੁਮਾਰ ਵਲੋਂ ਸ਼ੁਰੂ ਕੀਤੀ ਗਈ ਭੁਖ ਹੜਤਾਲ ਤੀਜੇ ਦਿਨ ਵਿਚ ਦਾਖਲ ਹੋ ਗਈ ਹੈ। ਉਹਨਾਂ ਦਾ ਭਾਰ 2.6 ਕਿਲੋ ਘੱਟ ਗਿਆ ਹੈ। ਯੁਵਾ ਜਨਤਾ ਵਲੋਂ ਲੜੀਵਾਰ ਭੁਖ ਹੜਤਾਲ ਦਾ ਸਿਲਸਿਲਾ ਵੀ ਜਾਰੀ ਹੈ।

ਮੁਰਾਰਜੀ ਨੂੰ ਕੋਰਟ ਵਲੋਂ ਨੋਟਿਸ

ਨਵੀਂ ਦਿੱਲੀ — ਦਿੱਲੀ ਹਾਈ ਕੋਰਟ ਨੇ ਇਕ ਪਟੀਸ਼ਨ, ਜਿਸ ਵਿਚ ਛੇ ਗਵਾਹਾਂ ਦੀ ਭਾਰਤ ਵਿਚ ਜਿਰਾਹ ਕਰਨ ਲਈ ਕੌਮਾਂਤਰੀ ਅਦਾਲਤੀ ਸਹਾਇਤਾ ਦੀ ਮੰਗ ਕੀਤੀ ਗਈ ਹੈ, ਦੇ ਆਧਾਰ ਤੇ ਸਾਬਕ ਪ੍ਰਧਾਨ ਮੰਤਰੀ ਸ੍ਰੀ ਮੁਰਾਰਜੀ ਡਿਸਾਈ ਨੂੰ ਨੋਟਿਸ ਜਾਰੀ ਕਰ ਦਿਤਾ। ਇਹ ਪਟੀਸ਼ਨ ਉਸ ਕੇਸ ਦੇ ਸਬੰਧ ਵਿਚ ਹੈ ਜੋ ਸ੍ਰੀ ਡਿਸਾਈ ਨੇ ਸ੍ਰੀ ਸਿਮੂਰ ਹਰਸ਼ ਅਤੇ ਹੋਰਨਾਂ ਵਿਰੁਧ ਆਪਣੀ ਇਕ ਕਿਤਾਬ ਵਿਚ ਉਨ੍ਹਾਂ (ਸ੍ਰੀ ਡਿਸਾਈ) ਦੀ ਮਾਣਹਾਨੀ ਦੇ ਦੋਸ਼ ਵਿਚ ਅਮਰੀਕਾ ਵਿਚ ਦਾਇਰ ਕੀਤਾ ਹੋਇਆ ਸੀ। ਇਸ ਕਿਤਾਬ ਵਿਚ ਸ੍ਰੀ ਡਿਸਾਈ ਉਤੇ ਸੀ ਆਈ ਏ ਦਾ ਏਜੰਟ ਹੋਣ ਦਾ ਦੋਸ਼ ਲਾਇਆ ਗਿਆ ਸੀ। ਜਿਨ੍ਹਾਂ ਗਵਾਹਾ ੀ ਜਿਰਾਹ ਕੀਤੇ ਜਾਣ ਦੀ ਮੰਗ ਕੀਤੀ ਗਈ ਹੈ ਉਹਨਾਂ ਵਿਚ ਹੋਰਨਾਂ ਤੋਂ ਇਲਾਵ ਡਾ: ਸੁਬਰਾਮਨੀਅਮ ਸਵਾਮੀ, ਮੈਨੇਜਿੰਗ ਐਡੀਟਰ ਨਿਊ ਏਜ ਵੀਕਲੀ ਵੀ ਸ਼. ਲ ਹਨ। ਪਟੀਸ਼ਨ ਵਿਚ ਬੇਨਤੀ ਕੀਤੀ ਗਈ ਹੈ ਕਿ ਅਦਾਲਤ ਅਮਰੀਕਾ ਵਿਚ ਦਾਇਰ ਕੇਸ ਦੇ ਉਨ੍ਹਾਂ ਗਵਾਹਾਂ, ਜੋ ਭਾਰਤ ਵਿਚ ਰਹਿੰਦੇ ਹਨ ਨੂੰ ਇਥੇ ਹੀ ਜਿਰਾਹ ਕਰ ਲਵੇ।

ਸ਼ਰੋਮਣੀ ਕਮੇਟੀ ਵਲੋਂ ਐਕਟ ਦੀ ਤਿਆਰੀ ਲਈ ਕਮੇਟੀ ਸਥਾਪਤ

ਅੰਮ੍ਰਿਤਸਰ — ਸ਼ਰੋਮਣੀ ਗੁ: ਪ੍ਰੰ: ਕਮੇਟੀ ਨੇ ਆਲ ਇੰਡੀਆ ਗੁਰਦੁਆਰਾ ਐਕਟ ਦੇ ਖਰੜੇ ਦੀ ਤਿਆਰੀ ਸਬੰਧੀ ਇਕ ਦਸ ਮੈਂਬਰੀ ਕਮੇਟੀ ਕਾਇਮ ਕੀਤੀ ਹੈ ਜਿਸ ਦੇ ਪ੍ਰਧਾਨ ਸ: ਕਾਬਲ ਸਿੰਘ ਪ੍ਰਧਾਨ ਸ਼ਰੋਮਣੀ ਕਮੇਟੀ ਹੋਣਗੇ। ਬਾਕੀ ਮੈਂਬਰਾਂ ਵਿਚ ਸ: ਅਜੀਤ ਸਿੰਘ ਸਰਹੱਦੀ ਐਡਵੋਕੇਟ, ਸ: ਗੁਰਨਾਮ ਸਿੰਘ ਤੀਰ, ਸ: ਸੁਰਜੀਤ ਸਿੰਘ ਸੂਦ, ਸ: ਗੁਰਦਿਆਲ ਸਿੰਘ ਮੌਂਗਾ ਵਿਦਿਆ ਮੰਤਰੀ ਸ: ਬਸੰਤ ਸਿੰਘ ਖਾਲਸਾ, ਸ: ਰਤਨ ਸਿੰਘ ਸੀਨੀਅਰ ਮੀਤ ਪ੍ਰਧਾਨ ਸ਼ਰੋਮਣੀ ਕਮੇਟੀ, ਉਂਕਾਰ ਸਿੰਘ ਮਤੇਨੰਗਲ, ਸ: ਬੀਰ ਸਿੰਘ ਤੇ ਸ: ਭਾਨ ਸਿੰਘ ਸ਼ਾਮਲ ਹਨ। ਕਮੇਟੀ ਦੀ ਪਹਿਲੀ ਮੀਟਿੰਗ 17 ਜੁਲਾਈ ਨੂੰ ਚੰਡੀਗੜ੍ਹ ਵਿਚ ਹੋਈ। ਜੋਧਪੁਰ ਜੇਲ੍ਹ ਵਿਚ ਕੈਦ ਸਿੱਖ ਨੌਜਵਾਨਾਂ ਦੀ ਰਿਹਾਈ ਲਈ ਵੀ ਇਕ 9 ਮੈਂਬਰੀ ਕਮੇਟੀ ਬਣਾਈ ਗਈ ਹੈ ਜਿਸ ਦੇ ਮੁਖੀ ਸ: ਹਰਨਾਮ ਸਿੰਘ ਘੁੰਮਣ ਹੋਣਗੇ।

THE CANADA DARPAN
(Punjabi Weekly Newspaper)
P.O.BOX 265
Surrey, B.C. V3T 4W8
Chief Editor: (Hon.) DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

ਕੀ ਕਾਮਨਵੈਲਥ ਟੁੱਟੇਗੀ?

ਦੱਖਣੀ ਅਫਰੀਕਾ ਵਿਚ ਨਸਲਵਾਦੀ ਸਰਕਾਰ ਨੂੰ ਸਮਰਥਨ ਦੇਣ ਕਾਰਨ ਇੰਗਲੈਂਡ ਕਾਮਨਵੈਲਥ ਭਾਈਚਾਰੇ ਵਲੋਂ ਪੂਰੀ ਤਰ੍ਹਾਂ ਛੇਕਿਆ ਜਾ ਰਿਹਾ ਹੈ। ਖਬਰਾਂ ਮਿਲਣ ਤੱਕ ਇੰਗਲੈਂਡ ਵਿਚ ਹੋ ਰਹੀਆਂ ਕਾਮਨਵੈਲਥ ਖੇਡਾਂ ਵਿਚ 49 ਦੇਸ਼ਾਂ ਵਿਚੋਂ 31 ਦੇਸ਼ ਖੇਡਾਂ ਦਾ ਬਾਈਕਾਟ ਕਰ ਰਹੇ ਹਨ। ਜਾਪਦਾ ਹੈ ਕਿ ਇੰਗਲੈਂਡ, ਕੈਨੇਡਾ, ਆਸਟਰੇਲੀਆਂ ਤੇ ਨਿਊਜ਼ੀਲੈਂਡ ਹੀ ਅਸਲ ਵਿਚ ਖੇਡਾਂ ਵਿਚ ਸ਼ਾਮਲ ਹੋ ਰਹੇ ਹਨ ਕਿਉਂਕਿ ਬਾਕੀ ਦੇ ਸ਼ਾਮਲ ਹੋਣ ਵਾਲੇ ਛੋਟੇ ਛੋਟੇ ਟਾਪੂ ਹਨ ਜਿਨ੍ਹਾਂ ਵਿਚੋਂ ਬਹੁਤੇ ਖਿਡਾਰੀ ਆਉਣ ਦੀ ਸੰਭਾਵਨਾ ਹੀ ਨਹੀਂ। ਇਸ ਤਰ੍ਹਾਂ ਇਹ ਕਾਮਨਵੈਲਥ ਖੇਡਾਂ ਦੀ ਥਾਂ ਕੇਵਲ 'ਚਿੱਟੇ ਲੋਕਾਂ ਦੀਆਂ ਖੇਡਾਂ' ਹੀ ਕਹੀਆਂ ਜਾ ਸਕਦੀਆਂ ਹਨ।

ਖੇਡਾਂ ਦੇ ਬਾਈਕਾਟ ਵਿਚ ਭਾਰਤ ਨੇ ਅਹਿਮ ਰੋਲ ਅਦਾ ਕੀਤਾ ਹੈ ਕਿਉਂਕਿ ਕਾਮਨਵੈਲਥ ਵਿਚ ਭਾਰਤ ਹੀ ਸਭ ਤੋਂ ਵੱਡਾ ਦੇਸ਼ ਹੈ। ਭਾਰਤ ਨੇ ਕਦੀ ਵੀ ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਨੂੰ ਮਾਨਤਾ ਨਹੀਂ ਦਿਤੀ। ਦੱਖਣੀ ਅਫਰੀਕਾ ਵਿਚ ਕੇਵਲ ਕਾਲੇ ਲੋਕਾਂ ਨਾਲ ਹੀ ਰੰਗ ਦੇ ਆਧਾਰ ਉਤੇ ਵਿਤਕਰਾ ਨਹੀਂ ਹੁੰਦਾ ਸਗੋਂ ਭਾਰਤੀ ਲੋਕਾਂ ਨੂੰ ਉਥੇ ਘਟੀਆ ਸਮਝਿਆ ਜਾਂਦਾ ਹੈ

ਦੱਖਣੀ ਅਫਰੀਕਾ ਦੀ ਪਿੱਠ ਠੋਕਣ ਵਾਲੇ ਅਸਲ ਵਿਚੋਂ ਦੋ ਸਾਮਰਾਜੀ ਦੇਸ਼ — ਇੰਗਲੈਂਡ ਅਤੇ ਅਮਰੀਕਾ ਹਨ। ਪਿਛਲੇ ਦਿਨ ਅਮਰੀਕੀ ਪ੍ਰਧਾਨ ਰੇਗਨ ਨੇ ਪੂਰੀ ਤਰ੍ਹਾਂ ਦੱਖਣੀ ਅਫਰੀਕਾ ਸਰਕਾਰ ਦੀ ਪਿੱਠ ਠੋਕੀ ਹੈ। ਇਨ੍ਹਾਂ ਦੋਵਾਂ ਸਾਮਰਾਜੀ ਦੇਸ਼ਾਂ ਦਾ ਵਤੀਰਾ ਇਸ ਕਰਕੇ ਨਹੀਂ ਬਦਲ ਰਿਹਾ ਕਿਉਂਕਿ ਇਨ੍ਹਾਂ ਦੀਆਂ ਕਾਰਪੋਰੇਸ਼ਨਾਂ ਦੀਆਂ ਬੇਅੰਤ ਮਾਇਆ ਉਥੇ ਲੱਗੀ ਹੋਈ ਹੈ ਅਤੇ ਕਾਲੇ ਲੋਕਾਂ ਨੂੰ ਘੱਟ ਉਜਰਤਾਂ ਦੇ ਕੇ ਇਹ ਦੋਵੇਂ ਦੇਸ਼ ਆਪਣੀ ਚਾਂਦੀ ਖਰੀ ਕਰ ਰਹੇ ਹਨ।

ਮਨੁੱਖੀ ਕਦਰਾਂ ਕੀਮਤਾਂ ਨੂੰ ਛਿੱਕੇ ਟੰਗ ਕੇ ਇਹ ਦੋਵੇਂ ਦੇਸ਼ ਬੜੀ ਬੇਸ਼ਰਮੀ ਨਾਲ ਨਸਲਵਾਦੀ ਸਰਕਾਰ ਨੂੰ ਹਰ ਹੀਲੇ ਕਾਇਮ ਰੱਖਣ ਲਈ ਉਤਸੁਕ ਹਨ ਜਦਕਿ ਸਮੁੱਚਾ ਸੰਸਾਰ ਇਸ ਸਮੇਂ ਦੱਖਣੀ ਅਫਰੀਕਾ ਦੀ ਮੁੱਠੀ ਭਰ ਚਿੱਟੇ ਲੋਕਾਂ ਦੀ ਸਰਕਾਰ ਵਿਰੁੱਧ ਡਟਿਆ ਖਲੋਤਾ ਹੈ। ਨੈਲਸਨ ਮੰਡੇਲਾ ਵਰਗਾ ਅਫਰੀਕਾ ਦਾ ਦੇਸ਼ ਭਗਤ ਪਿਛਲੇ 24 ਸਾਲ ਤੋਂ ਘੱਟ ਗਿਣਤੀ ਚਿੱਟੀ ਸਰਕਾਰ ਨੇ ਸੀਖਾਂ ਪਿਛੇ ਡੱਕਿਆ ਹੋਇਆ ਹੈ। ਹਜ਼ਾਰਾਂ ਦੀ ਗਿਣਤੀ ਵਿਚ ਕਾਲੇ ਲੋਕਾਂ ਦਾ ਕਤਲੇਆਮ ਸ਼ਰ੍ਹੇ-ਆਮ ਹੋ ਰਿਹਾ ਹੈ।

ਇੰਗਲੈਂਡ ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਇੰਗਲੈਂਡ ਦੀ ਰਾਣੀ ਨੂੰ ਵੀ ਠੁੱਠ ਦਿਖਾ ਰਹੀ ਹੈ। ਕਾਮਨਵੈਲਥ ਦਾ ਭਵਿਖ ਇਸ ਸਮੇਂ ਪੂਰੀ ਤਰ੍ਹਾਂ ਖਤਰੇ ਵਿਚ ਹੈ। ਉਂਝ ਵੀ ਕਾਮਨਵੈਲਥ ਦੀ ਇਸ ਸੰਸਾਰ-ਪ੍ਰਬੰਧ ਵਿਚ ਕੋਈ ਅਹਿਮੀਅਤ ਨਹੀਂ। ਭਾਰਤ ਤੇ ਅਫਰੀਕਾ ਦੇ ਦੇਸ਼ਾਂ ਨੂੰ ਇਸ ਨੂੰ ਉਂਝ ਹੀ ਤਿਲਾਂਜਲੀ ਦੇ ਦੇਣੀ ਚਾਹੀਦੀ ਹੈ ਕਿਉਂਕਿ ਇਕ ਤਰ੍ਹਾਂ ਨਾਲ ਕਾਮਨਵੈਲਥ ਗੁਲਾਮੀ ਦੀ ਜ਼ਹਿਨੀਅਤ ਨੂੰ ਹੀ ਪੱਠੇ ਪਾਉਣ ਵਾਲੀ ਸੰਸਥਾ ਹੈ।

ਪੰਜਾਬ ਡਾਇਰੀ:

ਅਕਾਲੀ ਰਾਜਨੀਤੀ

—ਗਿਆਨੀ ਜਗਜੀਤ ਸਿੰਘ—



ਸੁਰਜੀਤ ਸਿੰਘ ਬਰਨਾਲਾ



ਪ੍ਰਕਾਸ਼ ਸਿੰਘ ਬਾਦਲ

● ਬਾਗੀ ਅਕਾਲੀਆਂ ਵਿਰੁਧ ਦਲਬਦਲੀ ਵਿਰੋਧੀ ਕਾਨੂੰਨ ਅਧੀਨ ਕਾਰਵਾਈ ਹੋਵੇਗੀ

ਦਲ ਬਦਲੀ ਵਿਰੋਧੀ ਕਾਨੂੰਨ ਨੇ ਬਾਗੀ ਅਕਾਲੀ ਵਿਧਾਇਕਾਂ ਲਈ ਇਕ ਡਰ ਜਿਹਾ ਪੈਦਾ ਕਰ ਦਿਤਾ ਹੈ। ਜੇਕਰ ਰਾਜ ਵਿਧਾਨ ਸਭਾ ਦੇ ਸਪੀਕਰ ਦਲ ਬਦਲੀ ਦੇ ਅਧਾਰ ਤੇ ਵਿਧਾਨ ਦੀ ਧਾਰਾ 52 (10) ਸ਼ਿਡੂਲਡ ਆਰਟੀਕਲ 102 (2) 191 (2) ਅਧੀਨ ਐਕਸ਼ਨ ਲਿਆ ਤਾਂ ਸਾਰੇ ਦੇ ਸਾਰੇ ਬਾਗੀ ਅਕਾਲੀ ਵਿਧਾਇਕ ਬਰਖਾਸਤ ਹੋ ਸਕਦੇ ਹਨ। ਪਤਾ ਲੱਗਾ ਹੈ ਕਿ ਸੱਤਾਧਾਰੀ ਧੜੇ ਦੇ ਸੀਨੀਅਰ ਅਕਾਲੀ ਲੀਡਰਾਂ ਵਿਚ ਇਸ ਸਬੰਧੀ 2 ਪ੍ਰਕਾਰ ਦੀ ਰਾਇ ਵੀ ਪਾਈ ਜਾਂਦੀ ਹੈ। ਇਕ ਤਾਂ ਰਾਜ ਦੇ ਸਾਰੇ ਦੇ ਸਾਰੇ ਬਾਗੀ ਅਕਾਲੀ ਵਿਧਾਇਕਾਂ ਨੂੰ ਥੋਕ ਵਿਚ ਬਰਖਾਸਤ ਕਰ ਦਿਤਾ ਜਾਏ ਤਾਂ ਕਿ ਰਾਜ ਵਿਧਾਨ ਸਭਾ ਵਿਚ ਵਿਰੋਧੀ ਆਵਾਜ਼ ਉਠਾਉਣ ਵਾਲਾ ਹੀ ਨਾ ਕੋਈ ਰਹੇ। ਅਤੇ ਛੇ ਮਹੀਨੇ ਤੱਕ ਚੋਣਾਂ ਕਰਾਉਣ ਦਾ ਪਰੋਗਰਾਮ ਦੇ ਕੇ ਬਾਗੀਆਂ ਨੂੰ ਉਲਝਾ ਦਿਤਾ ਜਾਵੇ। ਦੂਜਾ ਵਿਚਾਰ ਇਹ ਹੈ ਕਿ ਸਾਰੇ ਦੇ ਸਾਰੇ ਬਾਗੀਆਂ ਨੂੰ ਬਰਖਾਸਤ ਨਾ ਕੀਤਾ ਜਾਏ। ਸੰਭਵ ਹੈ ਕਿ ਕੁਝ ਵਿਧਾਇਕ ਸਪੀਕਰ ਦਾ ਸਖਤ ਨਿਰਣਾ ਵੇਖ ਕੇ ਜਿਹੜਾ ਕਿ ਕਿਤੇ ਵੀ ਅਪੀਲ ਯੋਗ ਨਹੀਂ ਹੈ ਵਾਪਸ ਮੁੜ ਆਉਣ। ਅਜਿਹੀ ਸਥਿਤੀ ਵਿਚ ਸਭ ਤੋਂ ਪਹਿਲਾਂ ਸ: ਪ੍ਰਕਾਸ਼ ਸਿੰਘ ਬਾਦਲ, ਜ. ਤਾਲਬ ਸਿੰਘ ਸੰਧੂ, ਬਲਵਿੰਦਰ ਸਿੰਘ ਭੂੰਦੜ, ਅਰਜਨ ਸਿੰਘ ਲਿੱਟ, ਸੁਖਦੇਵ ਸਿੰਘ ਢੀਂਡਸਾ, ਪਰੇਮ ਸਿੰਘ ਲਾਲਪੁਰਾ, ਡਾ: ਰਤਨ ਸਿੰਘ, ਰਵੀਇੰਦਰ ਸਿੰਘ, ਗੁਰਦੇਵ ਸਿੰਘ ਬਾਦਲ, ਕੁਲਵੰਤ ਸਿੰਘ ਅਤੇ ਸੁਜਾਨ ਸਿੰਘ ਆਦਿ ਦਾ ਨੰਬਰ ਪਹਿਲਾਂ ਆ ਸਕਦਾ ਹੈ ਸਿਆਸੀ ਦੁਸ਼ਮਣੀ ਬਹੁਤ ਖਤਰਨਾਕ ਹੁੰਦੀ ਹੈ। ਜਦ ਇਹ ਬਦਲਾ ਲੈਣ ਦੀ ਭਾਵਨਾ ਬਦਲਦੀ ਹੈ ਤਾਂ ਉਸ ਸਮੇਂ ਲਿਹਾਜ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ। ਜਿਸ ਤਰ੍ਹਾਂ ਬਾਗੀ ਅਕਾਲੀ ਵਿਧਾਇਕਾਂ ਨੇ ਵੱਖ ਹੋ ਕੇ ਬਾਗੀ ਹੋਣ ਦਾ ਵਿਖਾਵਾ ਕੀਤਾ ਹੈ ਜੇਕਰ ਦਲਬਦਲੀ ਵਿਰੋਧੀ ਲਾਅ ਨਾ ਬਣਿਆ ਹੁੰਦਾ ਤਾਂ ਬਰਨਾਲਾ ਸਰਕਾਰ ਕਦ ਦੀ ਟੁਟ ਗਈ ਹੁੰਦੀ। ਕਿਉਂਕਿ ਬਾਗੀਆਂ ਵਲੋਂ ਵਿਧਾਨ ਸਭਾ ਤੋਂ ਬਾਹਰ ਪਾਰਟੀ ਨੂੰ ਪਹਿਲਾਂ ਦੋਫਾੜ ਕਰ ਲੈਣੀ ਜ਼ਰੂਰੀ ਸੀ। ਤਦ ਹੀ ਦਲ ਬਦਲੀ ਵਿਰੋਧੀ ਲਾਅ ਤੋਂ ਬਚਿਆ ਜਾ ਸਕਦਾ ਸੀ ਪਰ ਇਨ੍ਹਾਂ ਦੀ ਹੁਣ ਸਾਰੀ ਖੇਡ ਵਿਧਾਨ ਸਭਾ ਦੇ ਸਪੀਕਰ ਦੇ ਸ਼ਕੰਜੇ ਵਿਚ ਆ ਗਈ ਹੈ। ਅਤੇ ਇਹ ਜ਼ਰੂਰੀ ਹੈ ਕਿ 'ਮਾਰ ਦੀਆ ਜਾਏ ਜਾਂ ਛੋੜ ਦੀਆ ਜਾਏ' ਵਾਲੀ ਨੀਤੀ ਵੀ ਚਲੇਗੀ। ਸ: ਸੁਰਜੀਤ ਸਿੰਘ ਬਰਨਾਲਾ ਇਨ੍ਹੀਂ ਦਿਨੀਂ ਇਸ ਸਬੰਧ ਵਿਚ ਕਾਨੂੰਨੀ ਮਾਹਿਰਾਂ ਨਾਲ ਸਲਾਹ ਮਸ਼ਵਰੇ ਕਰ ਰਹੇ ਹਨ। ਜਿਨ੍ਹਾਂ ਵਿਚ ਸੁਪਰੀਮ ਕੋਰਟ ਦੇ ਵਕੀਲ ਵੀ ਸ਼ਾਮਲ ਹਨ। ਦੂਜੇ ਪਾਸੇ ਬਾਗੀ ਅਕਾਲੀ ਵਿਧਾਇਕ ਵੀ ਹਰ ਪ੍ਰਕਾਰ ਦੀ ਸਥਿਤੀ ਦਾ ਟਾਕਰਾ ਕਰਨ ਲਈ ਤਿਆਰ ਬੈਠੇ ਹਨ। ਜਿਥੇ ਉਨ੍ਹਾਂ ਸਪੀਕਰ ਦੇ ਨਿਰਣਾ ਲੈਣ ਤੋਂ ਪਹਿਲਾਂ ਹੀ ਕਾਨੂੰਨੀ ਚਾਰਾਜੋਈ ਆਰੰਭ ਕੀਤੀ ਹੋਈ ਹੈ ਉਸ ਦੇ ਨਾਲ ਉਹ ਇਹ ਵੀ ਸੋਚਦੇ ਹਨ, ਜੇਕਰ ਉਨ੍ਹਾਂ ਨੂੰ ਬਰਖਾਸਤ ਕੀਤਾ ਜਾਂਦਾ ਹੈ ਤਾਂ ਇਹ ਸੰਭਵ ਹੈ ਕਿ ਸਿੱਖਾਂ ਵਿਚ ਉਨ੍ਹਾਂ ਦਾ ਮਾਣ ਸਤਿਕਾਰ ਵਧੇਗਾ, ਅਤੇ ਜ਼ਿਮਨੀ ਚੋਣਾਂ ਵਿਚ ਬਾਗੀ, ਸੰਯੁਕਤ ਅਕਾਲੀ ਦਲ ਅਤੇ ਖਾੜਕੂ ਜਥੇਬੰਦੀਆਂ ਵਿਚ ਟਿਕਟਾਂ ਦੀ ਵੰਡ ਨੂੰ ਲੈ ਕੇ ਫੁਟ ਪੈ ਜਾਵੇਗੀ। ਇਸ ਸਮੇਂ ਅਕਾਲੀ ਰਾਜਨੀਤੀ ਸਾਰੀ ਕਿਸਮਤ ਵਿਧਾਨ ਸਭਾ ਦੇ ਸਪੀਕਰ ਸ: ਸੁਰਜੀਤ ਸਿੰਘ ਮਿਨਹਾਸ ਦੇ ਹੱਥ ਵਿਚ ਹੈ। ਕਿਉਂਕਿ ਉਨ੍ਹਾਂ ਦਾ ਅਧਿਕਾਰ ਖੇਤਰ ਇਤਨਾ ਵਿਸ਼ਾਲ ਹੈ ਕਿ ਉਹ ਇਸ ਸਬੰਧੀ ਹਰ ਪ੍ਰਕਾਰ ਦਾ ਨਿਰਣਾ ਲੈਣ ਦਾ ਖੁਦ ਅਧਿਕਾਰ ਰੱਖਦੇ ਹਨ। ਜਿਸ ਸਬੰਧੀ ਕਿਤੇ ਅਪੀਲ ਨਹੀਂ ਹੋ ਸਕਦੀ। ਸਪੱਸ਼ਟ ਉਦਾਹਰਣ ਕੈਪਟਨ ਅਮਰਿੰਦਰ ਸਿੰਘ ਨੂੰ ਬਾਗੀ ਅਕਾਲੀ ਵਿਧਾਇਕ ਦਲ ਦੇ ਲੀਡਰ ਵਜੋਂ ਮਾਨਤਾ ਨਾ ਦੇਣਾ ਹੈ।

* * * *

ਇਸ ਸਮੇਂ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਅਤੇ ਵਿੱਤ ਮੰਤਰੀ ਸ: ਬਲਵੰਤ ਸਿੰਘ ਆਪਣੇ ਮੰਤਰੀ ਸਾਥੀਆਂ ਨਾਲ ਪੰਜ ਵਿਸ਼ਿਆਂ ਤੇ ਲੜਾਈ ਲੜ ਰਹੇ ਹਨ ਉਹ ਹੈ ਕੇਂਦਰ, ਰਾਜ ਵਿਚ ਫੈਲਿਆ ਆਤੰਕਵਾਦ, ਬਾਗੀਆਂ ਨਾਲ ਟਕਰਾਓ, ਪ੍ਰਸ਼ਾਸਨ ਅਤੇ ਜੁਡੀਸ਼ਰੀ। ਬਰਨਾਲਾ ਸਰਕਾਰ ਲਈ ਇਕ ਹੋਰ ਨਵਾਂ ਟੈਸਟ ਆਉਣ ਵਾਲਾ ਹੈ। ਉਹ ਹੈ ਰਾਵੀ ਬਿਆਸ ਦੇ ਪਾਣੀਆਂ ਦੀ ਵੰਡ। ਪਤਾ ਲੱਗਾ ਹੈ ਕਿ ਰੈਡੀ ਜਲ ਕਮਿਸ਼ਨ ਸਾਹਮਣੇ ਬਰਨਾਲਾ ਸਰਕਾਰ ਕਿਸ ਗੱਲੋਂ ਪੇਸ਼ ਨਹੀਂ ਹੋਵੇਗੀ ਕਿਉਂਕਿ ਕੇਂਦਰ ਵਲੋਂ ਪਹਿਲਾਂ ਸਥਾਪਿਤ ਕੀਤੇ ਕਮਿਸ਼ਨਾਂ ਵਾਂਗ ਉਨ੍ਹਾਂ ਨੂੰ ਇਸ ਕਮਿਸ਼ਨ ਤੋਂ ਵੀ ਨਿਆਂ ਮਿਲਣ ਦੀ ਆਸ ਨਹੀਂ। ਪਾਣੀ ਦੇ ਇਸ ਝਗੜੇ ਸਬੰਧੀ ਇੰਜੀਨੀਅਰਾਂ ਦੀ ਇਹ ਰਾਇ ਹੈ ਕਿ ਜੇਕਰ ਇਨ੍ਹਾਂ ਦਰਿਆਵਾਂ ਦਾ ਪਾਣੀ ਪਹਿਲੀ ਜੁਲਾਈ 1985 ਨੂੰ ਰੀਕਾਰਡ ਕੀਤੇ ਡਿਸਚਾਰਜ ਅਨੁਸਾਰ ਦੂਜੇ ਰਾਜਾਂ ਨੂੰ ਦਿਤਾ ਜਾਵੇ ਤਾਂ ਪੰਜਾਬ ਨੂੰ 90 ਹਜ਼ਾਰ ਕਰੋੜ ਰੁਪੇ ਦੀ ਹਾਨੀ ਹੁੰਦੀ ਹੈ। ਦਰਿਆਈ ਮਾਹਿਰਾਂ ਦਾ ਕਹਿਣਾ ਹੈ ਕਿ 'ਰੀਪੇਰੀਅਨ ਸਟੇਟ' ਦੇ ਲਾਅ ਅਨੁਸਾਰ ਜਿਸ ਰਾਜ ਚੋਂ ਦਰਿਆ ਲੰਘਦਾ ਹੈ ਉਸ ਦਾ ਪਾਣੀ ਉਸੇ ਤਰ੍ਹਾਂ ਮੁੱਲ ਦਿਤਾ ਜਾਵੇਗਾ ਜਿਵੇਂ ਕਿਸੇ ਰਾਜ ਚੋਂ ਨਿਕਲਣ ਵਾਲੀਆਂ ਧਾਤਾਂ ਲੋਹਾਂ, ਕੋਇਲਾ ਆਦਿ ਨੂੰ ਪੈਸੇ ਲੈ ਕੇ ਵੇਚਿਆ ਜਾਂਦਾ ਹੈ। ਇਹ ਵੀ ਤਦ ਹੀ ਸੰਭਵ ਹੈ ਜੇਕਰ ਉਸ ਰਾਜ ਪਾਸ ਫਾਲਤੂ ਪਾਣੀ ਹੋਵੇ।

ਬੂਟਾ ਸਿੰਘ ਤੇ ਬਰਨਾਲਾ ਵਿਚਕਾਰ ਖੜਕੀ

ਪਤਾ ਲੱਗਾ ਹੈ ਕਿ ਦਿੱਲੀ ਵਿਚ ਗ੍ਰਹਿ ਮੰਤਰੀ ਬੂਟਾ ਸਿੰਘ ਨੇ ਪੰਜਾਬ ਦੇ ਮੁਖ ਮੰਤਰੀ ਸ: ਬਰਨਾਲਾ ਨੂੰ ਤਾੜਨਾ ਭਰੇ ਸ਼ਬਦਾਂ ਵਿਚ ਕਿਹਾ ਕਿ ਅਕਾਲੀ ਵਜ਼ਾਰਤ ਦੇ ਕਈ ਮੰਤਰੀ ਗਲਤ ਬਿਆਨੀਆਂ ਕਰ ਰਹੇ ਹਨ। ਉਨ੍ਹਾਂ ਨੂੰ ਇਸ ਤਰ੍ਹਾਂ ਦੀਆਂ ਗਲਤ ਬਿਆਨੀਆਂ ਤੋਂ ਰੋਕਿਆ ਜਾਏ। ਪਰ ਚੰਡੀਗੜ੍ਹ ਵਿਚ ਸ: ਬਰਨਾਲਾ ਨੇ ਕਿਹਾ ਕਿ ਬੂਟਾ ਸਿੰਘ ਪੰਜਾਬ ਦੇ ਮਸਲੇ ਨੂੰ ਸੁਲਝਾਉਣ ਦੀ ਥਾਂ ਉਲਝਾ ਰਿਹਾ ਹੈ ਤੇ ਪੰਜਾਬ ਵਿਚ ਕਾਂਗਰਸ-ਪੱਖੀ ਸਰਕਾਰ ਬਣਵਾਉਣ ਲਈ ਅਕਾਲੀ ਦਲ ਵਿਚ ਫੁਟ ਪਾ ਰਿਹਾ ਹੈ।

ਪੰਜਾਬ ਦੇ ਕੈਦੀਆਂ ਨੂੰ 2 ਮਹੀਨੇ ਦੀ ਮੁਆਫ਼ੀ-ਹੋਰ ਸਹੂਲਤਾਂ ਦਾ ਐਲਾਨ

ਲੁਧਿਆਣਾ, -(ਪੱਤਰ ਪ੍ਰੇਰਕ) ਅੱਜ ਇਥੇ ਜੇਲ੍ਹਾਂ ਅਤੇ ਸਭਿਆਚਾਰਕ ਮਾਮਲਿਆਂ ਬਾਰੇ ਰਾਜ ਮੰਤਰੀ ਸ੍ਰੀ ਨੁਸਰਤ ਅਲੀ ਖਾਂ ਨੇ ਕੇਂਦਰੀ ਜੇਲ੍ਹ ਲੁਧਿਆਣਾ ਦਾ ਮੁਆਇਨਾ ਕੀਤਾ। ਕੈਦੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਰਾਜ ਦੀਆਂ ਜੇਲ੍ਹਾਂ ਵਿਚ ਬੰਦ ਸਾਰੇ ਕੈਦੀਆਂ ਲਈ 2 ਮਹੀਨੇ ਦੀ ਆਮ ਮੁਆਫੀ ਦਾ ਐਲਾਨ ਕੀਤਾ।

ਉਨ੍ਹਾਂ ਕਿਹਾ ਕਿ ਚਾਲੂ ਮਾਲੀ ਸਾਲ ਦੌਰਾਨ ਜੇਲ੍ਹ ਵਿਚ ਸੰਤੁਲਤ ਭੋਜਨ, ਕਪੜਿਆਂ, ਮਨੋਰੰਜਨ ਆਦਿ ਦੀਆਂ ਸਹੂਲਤਾਂ ਤੇ 5 ਕਰੋੜ ਰੁਪੈ ਖਰਚੇ ਜਾਣਗੇ ਤਾਂ ਜੋ ਜੇਲ੍ਹਾਂ ਸਹੀ ਅਰਥਾਂ ਵਿਚ ਸੁਧਾਰ ਘਰ ਬਣ ਜਾਣ। ਉਨ੍ਹਾਂ ਹੋਰ ਦਸਿਆ ਕਿ ਪੁਰਾਣੇ 'ਜੇਲ੍ਹ ਮੈਨੂਅਲ' ਦੇ ਨਵੇਂ ਸਿਰਿਓਂ ਜਾਇਜ਼ੇ ਲਈ ਜੇਲ੍ਹ ਸੁਧਾਰ ਕਮੇਟੀ ਬਣਾਈ ਗਈ ਹੈ ਜਿਸ ਦੇ ਚੇਅਰਮੈਨ ਉਹ ਹੋਣਗੇ।

ਰਾਓ ਦੀ ਅਮਰੀਕਾ ਫੇਰੀ ਬਾਰੇ ਸਪਸ਼ਟੀਕਰਣ

ਨਵੀਂ ਦਿੱਲੀ, ਅਖਬਾਰਾਂ ਵਿਚ ਇਹ ਖਬਰ ਪੜਨ ਨੂੰ ਮਿਲੀ ਹੈ ਕਿ ਮਨੁਖੀ ਵਸੀਲਾ ਵਿਕਾਸ ਮੰਤਰੀ ਸ੍ਰੀ ਪੀ.ਵੀ. ਨਰਸਿਮ੍ਹਾ ਰਾਓ ਆਪਣੇ ਹਾਲ ਹੀ ਵਿਚ ਕੀਤੇ ਅਮਰੀਕਾ ਦੌਰੇ ਦੌਰਾਨ ਉਥੇ ਦੇ ਰਾਸ਼ਟਰਪਤੀ ਸ੍ਰੀ ਰੋਨਲਡ ਰੀਗਨ ਅਤੇ ਹੋਰ ਉਚ ਅਧਿਕਾਰੀਆਂ ਨੂੰ ਮਿਲੇ ਅਤੇ ਪਾਕਿਸਤਾਨ ਵਲੋਂ ਪੰਜਾਬ ਦੇ ਅੱਤਵਾਦੀਆਂ ਨੂੰ ਦਿਤੀ ਜਾਣ ਵਾਲੀ ਸ਼ਹਿ ਦੇ ਵਿਸ਼ੇ ਤੇ ਵਿਚਾਰ ਵਟਾਂਦਰਾ ਕੀਤਾ। ਸਪਸ਼ਟ ਕੀਤਾ ਜ਼ਾਂਦਾ ਹੈ ਕਿ ਸ੍ਰੀ ਰਾਓ ਨਾ ਤਾਂ ਅਮਰੀਕਾ ਦੇ ਰਾਸ਼ਟਰਪਤੀ ਜਾਂ ਕਿਸੇ ਹੋਰ ਉਚ ਅਧਿਕਾਰੀ ਨੂੰ ਉਥੇ ਜਾ ਕੇ ਮਿਲੇ ਅਤੇ ਨਾ ਹੀ ਉਪਰੋਕਤ ਵਿਸ਼ੇ ਤੇ ਕੋਈ ਗੱਲਬਾਤ ਹੀ ਕੀਤੀ ਗਈ ਹੈ।

ਅਤਿਵਾਦੀ ਧੜਿਆਂ 'ਚ ਆਪਸੀ ਤਾਲਮੇਲ ਨਹੀਂ

ਅੰਮ੍ਰਿਤਸਰ — ਪੀ. ਟੀ. ਆਈ. ਖਬਰ ਅਨੁਸਾਰ ਪੰਜਾਬ ਵਿਚਲੇ ਅਤਿਵਾਦੀ ਗਰੁਪਾਂ ਦਾ ਆਪਸ ਵਿਚ ਕੋਈ ਖਾਸ ਤਾਲਮੇਲ ਨਹੀਂ ਤੇ ਨਾ ਹੀ ਉਨ੍ਹਾਂ ਦੀ ਕੋਈ ਕੇਂਦਰੀ ਜਥੇਬੰਦੀ ਜਾਂ ਸਾਂਝੀ ਸਮਝ ਹੈ। ਰਾਜ ਸਰਕਾਰ ਕੋਲ ਪੁਜੀਆਂ ਰਿਪੋਰਟਾਂ ਅਨੁਸਾਰ ਇਨ੍ਹਾਂ ਅਤਿਵਾਦੀਆਂ ਦਾ ਇਕ ਦੂਜੇ ਨਾਲ ਕੋਈ ਬੱਝਵਾਂ ਸੰਪਰਕ ਨਹੀਂ ਤੇ ਅਜਿਹੀ ਕੋਈ ਰਾਜਸੀ ਪਹੁੰਚ ਵੀ ਨਹੀਂ ਜੋ ਇਨ੍ਹਾਂ ਨੂੰ ਰਹਿਨੁਮਾਈ ਦਿੰਦੀ ਹੋਵੇ।

ਅਖੌਤੀ ਖਾਲਿਸਤਾਨ ਦੀ ਆਪੂੰ ਬਣੀ ਹਥਿਆਰਬੰਦ ਫੌਜ 'ਦਸ਼ਮੇਸ਼ ਰਾਜਮੈਂਟ' ਤੇ ਅਜਿਹੇ ਹੀ ਕੁਝ ਹੋਰ ਧੜਿਆਂ ਦੇ ਨਾਂ "ਖਾਲਿਸਤਾਨ" ਦੇ ਝੰਡਾ ਬਰਦਾਰ ਕਹਾਉਂਦੇ ਕੁਝ ਅਤਿਵਾਦੀਆਂ ਦੇ ਆਪੂੰ ਰੱਖੇ ਹੋਏ ਹਨ। ਪਰ ਅਤਿਵਾਦੀ ਟੋਲਿਆਂ ਦੇ ਇਹ ਕਮਾਂਡਰ ਆਪਣੇ ਅਸਲੀ ਨਾਂ ਦੀ ਥਾਂ ਕਿਸੇ ਫਰਜ਼ੀ ਨਾਂ ਉਤੇ ਬਿਆਨ ਆਦਿ ਜਾਰੀ ਕਰਦੇ ਹਨ। ਰਾਜ ਸਰਕਾਰ ਦੇ ਸੂਤਰਾਂ ਅਨੁਸਾਰ ਇਨ੍ਹਾਂ ਖਤਰਨਾਕ ਅਤਿਵਾਦੀਆਂ ਵਿਚੋਂ ਬਹੁਤਿਆਂ ਦਾ ਪਿਛੋਕੜ ਅਪਰਾਧੀਆਂ ਵਾਲਾ ਹੈ ਤੇ ਇਨ੍ਹਾਂ ਨੇ ਧਾਂਰਮਿਕ ਸਥਾਨਾਂ ਵਿਚ ਆਪਣੇ ਛੁਪਣ ਅੱਡੇ ਬਣਾਏ ਹੋਏ ਹਨ।

ਲੁਧਿਆਣਾ ਦੇ ਡਿਪਟੀ ਕਮਿਸ਼ਨਰ ਸ੍ਰੀ ਕੇ, ਆਰ ਲੱਖਣ ਪਾਲ ਦਾ ਕਹਿਣਾ ਹੈ ਕਿ ਇਨ੍ਹਾਂ ਨਾਲ "ਅਤਿਵਾਦ" ਨਾਂ ਜੁੜਨ ਕਾਰਨ ਇਨ੍ਹਾਂ ਦੀ ਕੁਝ ਕੁ ਭੱਲ ਬਣੀ ਹੋਈ ਹੈ ਕਿ ਉਂਕਿ ਇਸ ਤੋਂ ਇਨ੍ਹਾਂ ਦਾ ਰਾਜਸੀ ਮਹੱਤਵ ਬਣਦਾ ਹੈ। ਸ੍ਰੀ ਲਖਣਪਾਲ ਨੇ ਕਿਹਾ ਕਿ ਇਨ੍ਹਾਂ ਨਾਲ ਰਾਜਸੀ ਅਪਰਾਧੀਆਂ ਨਹੀਂ ਸਗੋਂ ਬਦਮਾਸ਼ਾਂ ਵਾਲਾ ਸਲੂਕ ਕੀਤਾ ਜਾਣਾ ਚਾਹੀਦਾ ਹੈ।

ਅਤਿਵਾਦੀਆਂ ਦੇ ਇਹ ਟੋਲੇ ਆਮ ਤੌਰ 'ਤੇ ਆਪਣੇ ਅੱਡਿਆਂ ਦੇ ਨੇੜਲੇ ਇਲਾਕਿਆਂ ਵਿਚ ਹੀ ਕਾਰਵਾਈਆਂ ਕਰਦੇ ਹਨ। ਕਿਉਂਕਿ ਉਨ੍ਹਾਂ ਨੂੰ ਇਲਾਕੇ ਦੇ ਚੱਪੇ-ਚੱਪੇ ਦੀ ਸੂਹ ਹੁੰਦੀ ਹੈ ਤੇ ਕਾਰਵਾਈ ਕਰਨ ਤੋਂ ਬਾਅਦ ਬਚ ਕੇ ਨਿਕਲਣ ਵਿਚ ਕੋਈ ਖਾਸ ਔਖ ਮਹਿਸੂਸ ਨਹੀਂ ਹੁੰਦੀ। ਪਿਛਲੇ ਸਮੇਂ ਦੌਰਾਨ ਅਤਿਵਾਦੀਆਂ ਵਲੋਂ ਗੋਲੀ ਚਲਾਉਣ ਦੀਆਂ ਜਿਹੜੀਆਂ ਵਾਰਦਾਤਾਂ ਕੀਤੀਆਂ ਗਈਆਂ, ਉਹ ਉਪਰਲੇ ਤੱਥ ਦੀ ਪੁਸ਼ਟੀ ਕਰਦੀਆਂ ਹਨ। ਮਿਸਾਲ ਦੇ ਤੌਰ 'ਤੇ ਪਿਛਲੇ ਕੁਝ ਮਹੀਨਿਆਂ ਦੌਰਾਨ ਤਰਨਤਾਰਨ ਸਬ ਡਵੀਜ਼ਨ ਵਿਚ ਅਤਿਵਾਦੀਆਂ ਨੇ ਜਿੰਨੇ ਵੀ ਕਤਲ ਕੀਤੇ ਉਹ ਦਲਬੀਰ ਸਿੰਘ ਉਰਫ ਬਿੱਲਾ ਦੇ ਗਰੋਹ ਦਾ ਕੰਮ ਸੀ। ਬਿੱਲਾ ਤੇ ਉਸ ਦਾ ਇਕ ਸਾਥੀ ਪੰਜ ਜੁਲਾਈ ਨੂੰ ਭਿਖੀਵਿੰਡ ਰੋਡ ਉਤੇ ਸੁਰੱਖਿਆ ਫੋਰਸਾਂ ਨਾਲ ਝੜਪ 'ਚ ਮਾਰੇ ਗਏ ਸਨ। ਬਿੱਲੇ ਦੇ ਸਿਰ ਦਾ ਪੰਜਾਹ ਹਜ਼ਾਰ ਰੁਪਏ ਇਨਾਮ ਰੱਖਿਆ ਹੋਇਆ ਸੀ। ਤੇ ਤਰਨਤਾਰਨ ਸਬ ਡਿਵੀਜ਼ਨ ਵਿਚ ਸੌ ਦੇ ਕਰੀਬ ਕਤਲਾਂ ਲਈ ਜ਼ੁੰਮੇਂਵਾਰ ਦੱਸਿਆ ਜਾਂਦਾ ਹੈ।

ਦੱਸਿਆ ਜਾਂਦਾ ਹੈ ਕਿ ਉਸ ਦੇ ਮਰਨ ਉਤੇ ਤਰਨ ਤਾਰਨ ਵਿਚ ਦੋਵਾਂ ਫਿਰਕਿਆਂ ਦੇ ਲੋਕਾਂ ਨੇ ਲੱਡੂ ਵੰਡੇ ਕਿਉਂਕਿ ਫਤਹਿਬਾਦ, ਪੱਟੀ ਤੇ ਸਬਡਿਵੀਜ਼ਨ ਦੇ ਹੋਰਨਾਂ ਖੇਤਰਾਂ ਵਿਚੋਂ ਹਿੰਦੂ ਪਰਿਵਾਰਾਂ ਦੀ ਹਿਜਰਤ ਲਈ ਮੁਖ ਤੌਰ 'ਤੇ ਬਿੱਲਾ ਹੀ ਜ਼ਿੰਮੇਂਵਾਰ ਸੀ। ਬਿੱਲਾ ਪਿਛਲੇ ਸਾਲ ਫਰਵਰੀ 'ਚ ਗੁਰਦਾਸਪੁਰ ਜੇਲ੍ਹ ਵਿਚੋਂ ਫਰਾਰ ਹੋਇਆ ਸੀ ਤੇ ਉਹ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਨਿਕਟ ਵਰਤੀਆਂ 'ਚੋਂ ਸੀ। ਉਸ ਦਾ ਗਰੁਪ ਆਮ ਤੌਰ ਉਤੇ ਅੰਮ੍ਰਿਤਸਰ ਜ਼ਿਲੇ ਵਿਚ ਹੀ ਕਾਰਵਾਈਆਂ ਕਰਦਾ ਸੀ ਤੇ ਉਨ੍ਹਾਂ ਦੀ ਆਪਣੀ 'ਹਿਟ ਲਿਸਟ' ਸੀ।

ਇਸੇ ਤਰ੍ਹਾਂ ਚਾਰ ਅਤਿਵਾਦੀ ਜੋ ਵੀਹ ਜੂਨ ਨੂੰ ਜਲੰਧਰ ਜ਼ਿਲੇ ਦੇ ਨਕੋਦਰ ਕਸਬੇ ਵਿਚ ਇਕ ਹਿੰਦੂ ਨੇਤਾ ਚੋਪੜਾ ਨੂੰ ਕਤਲ ਕਰਨ ਲਈ ਸਕੂਟਰ ਉਤੇ ਸਵਾਰ ਹੋ ਕੇ ਆਏ ਸਨ ਉਹ ਉਥੋਂ ਦੇ ਹੀ ਰਹਿਣ ਵਾਲੇ ਸਨ ਤੇ ਕੈਨੇਡਾ ਵਿਚ ਉਨ੍ਹਾਂ ਦੇ ਸਕੇ ਸਬੰਧੀ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੂੰ ਕਤਲ ਕਰਨ ਦੀ ਸਾਜ਼ਿਸ਼ ਦੇ ਸਬੰਧ ਵਿਚ ਗ੍ਰਿਫਤਾਰ ਕੀਤੇ ਹਨ।

ਪਿਛਲੇ ਹਫਤੇ ਜਲੰਧਰ ਦੇ ਇਕ ਕਾਂਗਰਸੀ ਨੇਤਾ ਡੀ. ਡੀ. ਖੁੱਲਰ ਉਤੇ ਹਮਲਾ ਕਰਨ ਆਏ ਮਾਰੇ ਗਏ ਅਤਿਵਾਦੀ ਇਸੇ ਸ਼ਹਿਰ ਵਿਚ ਮਾਡਲ ਟਾਊਨ ਵਿਚ ਇਕ ਕਿਰਾਏ ਦੇ ਮਕਾਨ 'ਚ ਰਹਿੰਦੇ ਸਨ।

ਇਸੇ ਤਰ੍ਹਾਂ ਫਿਰੋਜ਼ਪੁਰ ਏਰੀਏ 'ਚ ਸਰਗਰਮ ਇਕ ਅਤਿਵਾਦੀ ਗਰੁਪ ਹੀ ਉਸ ਇਲਾਕੇ 'ਚ ਪਹਿਲੀ ਜੁਲਾਈ ਨੂੰ ਕਾਰ ਵਿਚ ਸਵਾਰ ਇਕ ਪਰਿਵਾਰ ਦੇ ਪੰਜ ਜੀਆਂ ਨੂੰ ਕਤਲ ਕਰਨ ਲਈ ਜ਼ੁੰਮੇਂਵਾਰ ਹੈ। ਲਗਭਗ ਸਾਰੇ ਹੀ ਅਤਿਵਾਦੀ 455 ਬੋਰ ਦੇ ਪਿਸਤੌਲ ਤੇ ਸਟੇਨਗੰਨਾਂ ਵਰਤਦੇ ਹਨ। ਇਨ੍ਹਾਂ ਚੋਂ ਬਹੁਤੀਆਂ ਸਟੇਨਗੰਨਾਂ ਦੇਸ਼ ਦੇ ਮਾਲਖਾਨਿਆਂ ਵਿਚੋਂ ਲੁਟੀਆਂ ਜਾਂ ਖੋਹੀਆਂ ਹੋਈਆਂ ਹਨ।

ਬਾਦਲ ਗਰੁਪ ਵਲੋਂ ਸ਼ਰੋਮਣੀ ਕਮੇਟੀ ਦੀ ਮੀਟਿੰਗ ਨਾ ਸੱਦਣ ਦਾ ਫੈਸਲਾ

ਹੁਸ਼ਿਆਰਪੁਰ — ਭਰੋਸੇਯੋਗ ਵਸੀਲਿਆਂ ਤੋਂ ਪਤਾ ਲੱਗਾ ਹੈ ਕਿ ਬਾਦਲ ਦਲ ਦੇ ਪ੍ਰਮੁਖ ਲੀਡਰਾਂ ਨੇ ਅਕਾਲੀ ਡੈਲੀਗੇਟਾਂ ਅਤੇ ਸ਼ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਗੰਢਣ ਲਈ ਵੱਖ ਵੱਖ ਜ਼ਿਲਿਆਂ ਦੇ ਦੌਰੇ ਆਰੰਭ ਕਰ ਦਿਤੇ ਹਨ। ਇਸ ਸਬੰਧ ਵਿਚ ਸ: ਗੁਰਚਰਨ ਸਿੰਘ ਟੌਹੜਾ ਦੀ ਡਿਊਟੀ ਜ਼ਿਲਾ ਹੁਸ਼ਿਆਰਪੁਰ ਲਈ ਲਗਾਈ ਗਈ। ਉਹ ਜ਼ਿਲੇ ਵਿਚ ਵੱਖ ਵਖ ਵਰਕਰਾਂ ਅਤੇ ਲੀਡਰਾਂ ਨਾਲ ਮਿਲੇ ਇਸੇ ਦੌਰਾਨ ਪਤਾ ਲੱਗਾ ਹੈ ਕਿ ਬਾਦਲ ਨੇ ਸ਼ਰੋਮਣੀ ਕਮੇਟੀ ਦੀ ਮੀਟਿੰਗ ਸੱਦਣ ਜਾਂ ਇਸ ਦੇ ਪ੍ਰਧਾਨ ਵਿਰੁਧ ਬੇਭਰੋਸਗੀ ਦਾ ਮਤਾ ਪੇਸ਼ ਨਾ ਕਰਨ ਦਾ ਪਰੋਗਰਾਮ ਬਣਾਇਆ ਹੈ। ਇਸ ਦੀ ਥਾਂ ਇਹ ਕੀਤਾ ਜਾਵੇ ਕਿ ਸ਼ਰੋਮਣੀ ਕਮੇਟੀ ਦੇ ਮੈਂਬਰਾਂ ਅਤੇ ਡੈਲੀਗੇਟਾਂ ਨੂੰ ਆਪਣੇ ਨਾਲ ਮਿਲਾਇਆ ਜਾਵੇ। ਇਸ ਦਲ ਦੇ ਇਕ ਬੁਲਾਰੇ ਨੇ ਦਾਅਵਾ ਕੀਤਾ ਕਿ ਜ਼ਿਲੇ ਦੇ ਸ਼ਰੋਮਣੀ ਕਮੇਟੀ ਦੇ ਛੇ ਵਿਚੋਂ ਚਾਰ ਮੈਂਬਰ ਉਹਨਾਂ ਨਾਲ ਹਨ ਜਦ ਕਿ ਡੈਲੀਗੇਟਾਂ ਦਾ ਬਹੁਮਤ ਵੀ ਆਪਣੇ ਨਾਲ ਕਰਨ ਦਾ ਯਤਨ ਕੀਤਾ ਜਾਵੇਗਾ।

ਬੱਸੀ ਪਠਾਣਾਂ ਨੇੜੇ ਨਿਹੰਗ ਸਿੰਘਾਂ ਦੇ ਦੋ ਧੜਿਆਂ 'ਚ ਲੜਾਈ — ਇਕ ਹਲਾਕ

ਬੱਸੀ ਪਠਾਣਾਂ — ਇਥੋਂ 18 ਕਿਲੋਮੀਟਰ ਦੂਰ ਪਿੰਡ ਸੋਤਲ ਵਿਚ ਨਿਹੰਗ ਸਿੰਘਾਂ ਦੇ ਦੋ ਧੜਿਆਂ ਵਿਚ ਲੜਾਈ ਦੇ ਸਿੱਟੇ ਵਜੋਂ ਇਕ ਨਿਹੰਗ ਮੋਹਕਮ ਸਿੰਘ ਮੌਕੇ ਤੇ ਹਲਾਕ ਅਤੇ ਬਾਕੀ ਤਿੰਨ ਗੰਭੀਰ ਫੱਟੜ ਹੋ ਗਏ ਹਨ। ਲੜਾਈ ਵਿਚ ਬਰਛਿਆਂ ਅਤੇ ਕਿਰਪਾਨਾਂ ਦੀ ਖੁਲ੍ਹੇਆਮ ਵਰਤੋਂ ਕੀਤੀ ਗਈ ਦਸੀ ਜਾਂਦੀ ਹੈ। ਫੱਟੜ ਕੁਲਦੀਪ ਸਿੰਘ ਨੂੰ ਖਰੜ ਅਤੇ ਹਰਪਾਲ ਸਿੰਘ ਨੂੰ ਚੰਡੀਗੜ੍ਹ ਪੀ ਜੀ ਆਈ ਵਿਚ ਦਾਖਲ ਕਰਾਇਆ ਗਿਆ। ਲੜਾਈ ਇੰਨੀ ਭਿਆਨਕ ਸੀ ਕਿ ਮੋਹਕਮ ਸਿੰਘ ਦਾ ਸਿਰ ਧੜ ਤੋਂ ਲਾਹ ਦਿਤਾ ਗਿਆ, ਕੁਲਦੀਪ ਸਿੰਘ ਦੇ ਪੇਟ ਵਿਚ ਬਰਛਾ, ਮਨਸ਼ਾ ਸਿੰਘ ਦੀ ਬਾਂਹ ਤੇ ਤਲਵਾਰ ਅਤੇ ਹਰਪਾਲ ਸਿੰਘ ਦੇ ਵੀ ਤਲਵਾਰ ਦੇ ਫੱਟ ਹਨ। ਇਸ ਸਬੰਧੀ ਛੇ ਬੰਦੇ ਪੁਲਸ ਨੇ ਹਿਰਾਸਤ ਵਿਚ ਲਏ ਹਨ।

ਫੈਡਰੇਸ਼ਨ ਵਲੋਂ 'ਰੇਲ ਰੋਕੋ' ਮੁਲਤਵੀ 4 ਨੂੰ ਬਰਨਾਲਾ ਦੀ ਕੋਠੀ ਅਗੇ ਵਿਖਾਵਾ

ਜਲੰਧਰ — ਆਲ ਇੰਡੀਆ ਸਿਖ ਸਟੂਡੈਂਟ ਫੈਡਰੇਸ਼ਨ ਨਾਲ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦੀ ਸਿੱਧੀ ਗਲਬਾਤ ਦਾ ਸੱਦਾ ਇਕ ਧੋਖੇਵਾਲੀ ਗੱਲ ਹੈ ਇਹ ਦੋਸ਼ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਦੀ ਪ੍ਰੀਜੀਡੀਅਮ ਦੇ ਮੈਂਬਰ ਸ: ਸੁਖਵੰਤ ਸਿੰਘ ਅੱਕਾਂਵਾਲੀ ਨੇ ਇਥੇ ਇਕ ਪ੍ਰੈਸ ਕਾਨਫਰੰਸ ਵਿਚ ਲਾਇਆ। ਉਹਨਾਂ ਕਿਹਾ ਕਿ ਫੈਡਰੇਸ਼ਨ ਅਜਿਹੇ ਧੋਖੇ ਵਿਚ ਹਰਗਿਜ਼ ਨਹੀਂ ਆਏਗੀ। ਉਹਨਾਂ ਆਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਕੇਂਦਰ ਨਾਲ ਉਦੋਂ ਤੱਕ ਗਲਬਾਤ ਨਹੀਂ ਹੋ ਸਕਦੀ ਜਦ ਤੱਕ ਸਾਰੇ ਸਿੱਖ ਨੌਜਵਾਨ ਜੋਧਪੁਰ ਜੇਲ੍ਹ ਸਮੇਤ ਸਾਰੀਆਂ ਜੇਲ੍ਹਾਂ ਵਿਚੋਂ ਬਿਨਾਂ ਸ਼ਰਤ ਰਿਹਾ ਨਹੀਂ ਕੀਤੇ ਜਾਂਦੇ, ਨਾਰਾਜ਼ ਫੌਜੀਆਂ ਦੀ ਬਹਾਲੀ ਨਹੀਂ ਹੋ ਜਾਂਦੀ, ਅਤੇ ਸਿੱਖਾਂ ਉਪਰ ਹੋ ਰਿਹਾ ਅਤਿਆਚਾਰ ਰੋਕਿਆ ਨਹੀਂ ਜਾਂਦਾ। ਇਕ ਸਵਾਲ ਦੇ ਉਤਰ ਵਿਚ ਉਹਨਾਂ ਕਿਹਾ ਕਿ ਭਾਈ ਜਸਬੀਰ ਸਿੰਘ ਜਥੇਦਾਰ ਅਕਾਲ ਤਖਤ, ਸ: ਸਿਮਰਨਜੀਤ ਸਿੰਘ ਮਾਨ, ਭਾਈ ਮਨਜੀਤ ਸਿੰਘ ਪ੍ਰਧਾਨ ਆਲ ਇੰਡੀਆ ਸਿਖ ਸਟੂਡੈਂਟ ਫੈਡਰੇਸ਼ਨ ਅਤੇ ਸ: ਹਰਮਿੰਦਰ ਸਿੰਘ ਸੰਧੂ ਨੂੰ ਰਿਹਾ ਕਰਕੇ ਹੀ ਕੇਂਦਰ ਉਹਨਾਂ ਨਾਲ ਗਲਬਾਤ ਕਰ ਸਕਦਾ ਹੈ। ਸ: ਅੱਕਾਂਵਾਲੀ ਨੇ ਕਿਹਾ ਕਿ ਪੰਜਾਬ ਵਿਚ ਸਿੱਖ ਨੌਜਵਾਨਾਂ ਤੇ ਹੋ ਰਹੇ ਲਗਾਤਾਰ ਅਤਿਆਚਾਰਾਂ ਵਿਰੁਧ 4 ਅਗਸਤ ਨੂੰ ਚੰਡੀਗੜ੍ਹ ਵਿਖੇ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਦੀ ਕੋਠੀ ਅਗੇ ਰੋਸ ਮੁਜ਼ਾਹਰਾ ਕੀਤਾ ਜਾ ਰਿਹਾ ਹੈ। ਪਰ ਇਹ ਮੁਜ਼ਾਹਰਾ ਸ਼ਾਂਤੀ ਪੂਰਨ ਹੀ ਹੋਵੇਗਾ। ਇਸ ਮੁਜ਼ਾਹਰੇ ਵਿਚ ਫੈਡਰੇਸ਼ਨ ਦੇ ਵਰਕਰਾਂ ਤੋਂ ਇਲਾਵਾ ਪੰਜਾਬ ਵਿਚ ਪਿਛਲੇ ਦਿਨੀਂ ਝੂਠੇ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਹੋਣ ਵਾਲੇ ਸਿੰਘਾਂ ਦੇ ਦੁਖੀ ਪਰਿਵਾਰ ਵੀ ਸ਼ਾਮਲ ਹੋਣਗੇ। ਇਕ ਹੋਰ ਸਵਾਲ ਦੇ ਉਤਰ ਵਿਚ ਉਹਨਾਂ ਕਿਹਾ ਕਿ 21 ਜੁਲਾਈ ਨੂੰ ਫੈਡਰੇਸ਼ਨ ਦਾ 'ਰੇਲ ਰੋਕੋ' ਅੰਦੋਲਨ ਵਾਪਸ ਲੈ ਲਿਆ ਗਿਆ ਹੈ ਕਿਉਂਕਿ ਸਰਕਾਰ ਨੇ ਨਜ਼ਰਬੰਦਾਂ ਨਾਲ ਮੁਲਾਕਾਤਾਂ ਕਰਨ ਦੀ ਇਜਾਜ਼ਤ ਦੇ ਦਿਤੀ ਹੈ।

ਸ: ਅੱਕਾਂਵਾਲੀ ਨੇ ਦੱਸਿਆ ਕਿ 20 ਸਤੰਬਰ ਨੂੰ ਮੰਜੀ ਸਾਹਿਬ ਵਿਖੇ ਫੈਡਰੇਸ਼ਨ ਦੀ ਸਾਲਾਨਾ ਕਾਨਫਰੰਸ ਹੋ ਰਹੀ ਹੈ ਜਿਸ ਵਿਚ ਨਵੀਂ ਨੀਤੀ ਦਾ ਐਲਾਨ ਕੀਤਾ ਜਾਵੇਗਾ। ਇਸ ਕਾਨਫਰੰਸ ਵਿਚ ਦੇਸ਼ ਬਦੇਸ਼ ਤੋਂ ਫੈਡਰੇਸ਼ਨ ਦੇ ਨੁਮਾਇੰਦੇ ਅਤੇ ਹਰ ਵਰਗ ਦੇ ਹਮ-ਖਿਆਲ ਲੋਕ ਹਿਸਾ ਲੈ ਰਹੇ ਹਨ। ਪਹਿਲੀ ਅਗਸਤ ਤੋਂ ਹੀ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੀਆਂ ਜ਼ਿਲਾ ਪੱਧਰ ਦੀਆਂ ਕਾਨਵੈਨਸ਼ਨਾਂ ਸ਼ੁਰੂ ਹੋ ਰਹੀਆਂ ਹਨ। ਨਾਭਾ ਅਤੇ ਸੰਗਰੂਰ ਦੀਆਂ ਜੇਲ੍ਹਾਂ ਵਿਚ ਵਿਸ਼ੇਸ਼ ਅਦਾਲਤਾਂ ਦਾ ਸਖਤ ਵਿਰੋਧ ਕਰਦਿਆਂ ਉਹਨਾਂ ਕਿਹਾ ਕਿ ਇਹ ਅਦਾਲਤਾਂ ਤੁਰੰਤ ਖਤਮ ਕੀਤੀਆਂ ਜਾਣ ਅਤੇ ਨਜ਼ਰਬੰਦ ਨੌਜਵਾਨਾਂ ਨਾਲ ਮੁਲਾਕਾਤ ਕਰਨ ਵਾਲਿਆਂ ਨਾਲ ਹੋ ਰਹੀਆਂ ਵਧੀਕੀਆਂ ਬੰਦ ਕੀਤੀਆਂ ਜਾਣ ਉਹਨਾਂ ਹੋਰ ਦੱਸਿਆ ਕਿ ਫੈਡਰੇਸ਼ਨ ਵਲੋਂ 30 ਜੁਲਾਈ ਨੂੰ ਦਿੱਲੀ ਵਿਖੇ ਗੁਰਦਵਾਰਾ ਬੰਗਲਾ ਸਾਹਿਬ ਵਿਚ ਗੁਰੂ ਹਰਕ੍ਰਿਸ਼ਨ ਸਾਹਿਬ ਦੇ ਗੁਰਪੁਰਬ ਤੇ ਭਾਰੀ ਕਾਨਫਰੰਸ ਕੀਤੀ ਜਾ ਰਹੀ ਹੈ। ਇਸ ਕਾਨਫਰੰਸ ਨੂੰ ਕਾਮਯਾਬ ਕਰਨ ਲਈ ਸ: ਸੁਖਬੀਰ ਸਿੰਘ ਖਾਲਸਾ ਦੀ ਡਿਊਟੀ ਲਾਈ ਗਈ ਹੈ। ਸ: ਅੱਕਾਂਵਾਲੀ ਨੇ ਇਹ ਵੀ ਦੋਸ਼ ਲਾਇਆ ਕਿ ਪੰਜਾਬ ਵਿਚੋਂ ਕੁਝ ਕੁ ਹਿੰਦੂਆਂ ਦੇ ਨਿਕਾਸ ਬਾਰੇ ਤਾਂ ਹਿੰਦੂ ਪ੍ਰੈਸ ਬਹੁਤ ਰੌਲਾ ਪਾ ਰਿਹਾ ਹੈ ਪਰ ਜਿਹੜੇ 4000 ਸਿਖ ਪਰਿਵਾਰ ਪੰਜਾਬ ਦੇ ਵੱਖ ਵੱਖ ਸੂਬਿਆਂ ਤੋਂ ਅੰਮ੍ਰਿਤਸਰ, ਪਟਿਆਲਾ ਤੇ ਗੁਰਦਾਸਪੁਰ ਜ਼ਿਲਿਆਂ 'ਚ ਆਏ ਹਨ ਉਨ੍ਹਾਂ ਬਾਰੇ ਉਹ ਚੁਪ ਹੈ। ਉਹਨਾਂ ਹੋਰ ਦੱਸਿਆ ਕਿ ਬਾਹਰਲੇ ਸੂਬਿਆਂ ਵਿਚ ਘੱਟ ਗਿਣਤੀ ਸਿਖਾਂ ਦੀ ਸੁਰਖਿਆ ਬਾਰੇ ਵੱਖ ਵੱਖ ਰਾਜਾਂ ਦੀਆਂ ਸਰਕਾਰਾਂ ਅਮਲੀ ਰੂਪ ਵਿਚ ਕੁਝ ਨਹੀਂ ਕਰ ਰਹੀਆਂ। ਸਿਰਫ ਫੋਕੀ ਬਿਆਨਬਾਜ਼ੀ ਹੀ ਹੋ ਰਹੀ ਹੈ। ਬਾਹਰਲੇ ਰਾਜਾਂ ਵਿਚੋਂ ਆਉਣ ਵਾਲੇ ਸਿੱਖਾਂ ਨੂੰ ਕਰੋੜਾਂ ਰੁਪਏ ਦੀ ਜਾਇਦਾਦ ਛਡਕੇ ਆਉਣਾ ਪੈ ਰਿਹਾ ਹੈ। ਜਦ ਕਿ ਪੰਜਾਬ ਵਿਚੋਂ ਗਏ ਕੁਝ ਕੁ ਹਿੰਦੂਆਂ ਨੇ ਜਾਇਦਾਦਾਂ ਮਹਿੰਗੇ ਭਾਅ ਵੇਚੀਆਂ ਹਨ। ਉਹਨਾਂ ਮੰਗ ਕੀਤੀ ਕਿ ਪੰਜਾਬ ਵਿਚ 'ਝੂਠੇ ਪੁਲਸ ਮੁਕਾਬਲੇ' ਬੰਦ ਹੋਣ ਅਤੇ ਸਬੰਧਤ ਦੋਸ਼ੀ ਪੁਲਸ ਅਧਿਕਾਰੀਆਂ ਨੂੰ ਵੀ ਸਖਤ ਸਜ਼ਾਵਾਂ ਦਿੱਤੀਆਂ ਜਾਣ। ਇਸ ਕਾਨਫਰੰਸ ਵਿਚ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੀ ਮਹਿਲਾ ਵਿੰਗ ਦੀ ਕਨਵੀਨਰ ਬੀਬੀ ਪੁਪਿੰਦਰ ਕੌਰ ਨੇ ਕਿਹਾ ਕਿ ਮਹਿਲਾ ਵਿੰਗ ਦੀ ਐਡਹਾਕ ਕਮੇਟੀ ਦੀ ਮੀਟਿੰਗ 25 ਜੁਲਾਈ ਨੂੰ ਅੰਮ੍ਰਿਤਸਰ ਵਿਖੇ ਫੈਡਰੇਸ਼ਨ ਦੇ ਦਫਤਰ ਵਿਚ ਸੱਦੀ ਗਈ ਹੈ। ਇਸ ਮੀਟਿੰਗ ਵਿਚ ਮੌਜੂਦਾ ਹਾਲਾਤ ਉਤੇ ਵਿਚਾਰ ਕੀਤਾ ਜਾਵੇਗਾ ਅਤੇ ਨਵਾਂ ਪਰੋਗਰਾਮ ਉਲੀਕਿਆ ਜਾਵੇਗਾ।

'ਬਹੁਤੇ ਅਕਾਲੀ ਦਲ ਨਾ ਪੰਜਾਬ ਦਾ ਕੁਝ ਸਵਾਰ ਸਕਦੇ ਹਨ ਨਾ ਸਿੱਖਾਂ ਦਾ'

ਤਪਾਮੰਡੀ — ਆਲ ਇੰਡੀਆ ਅਨੁਸੂਚਿਤ ਤੇ ਪਛੜੀਆਂ ਸ਼੍ਰੇਣੀਆਂ ਵਿੰਗ ਸ਼੍ਰੋਮਣੀ ਅਕਾਲੀ ਦਲ ਦੇ ਚੇਅਰਮੈਨ ਅਤੇ ਸਾਬਕਾ ਕੇਂਦਰੀ ਵਿਦਿਆ ਮੰਤਰੀ ਸ: ਧੰਨਾ ਸਿੰਘ ਗੁਲਸ਼ਨ ਨੇ ਨਰਾਜ਼ ਅਕਾਲੀ ਧੜੇ ਵਲੋਂ ਇਕ ਵਖਰਾ ਅਕਾਲੀ ਦਲ ਬਨਾਉਣ ਨੂੰ ਇਕ ਮੰਦਭਾਗੀ ਘਟਨਾ ਕਿਹਾ ਹੈ ਤੇ ਆਖਿਆ ਕਿ ਇਸ ਤਰ੍ਹਾਂ ਹੋਣ ਨਾਲ ਪੰਜਾਬ ਨਾਲ ਹੋਰ ਬੇਇਨਸਾਫੀ ਹੋਣ ਦਾ ਖਦਸ਼ਾ ਹੈ। ਬਜ਼ੁਰਗ ਨੇਤਾ ਨੇ ਦੱਸਿਆ ਕਿ ਪੰਜਾਬ ਸੜ ਰਿਹਾ ਹੈ। ਇਥੋਂ ਇਕ ਫਿਰਕੇ ਦੇ ਲੋਕ ਆਪਣੇ ਘਰ ਬਾਰ ਛਡਕੇ ਦੂਜੇ ਰਾਜਾਂ ਵਲ ਜਾ ਰਹੇ ਹਨ ਤੇ ਦੂਜੇ ਸੂਬਿਆਂ 'ਚੋਂ ਸਿੱਖ ਉਜੜਕੇ ਪੰਜਾਬ ਆ ਰਹੇ ਹਨ। ਇਹ ਪੰਜਾਬੀਆਂ ਦੇ ਮੱਥੇ ਤੇ ਇਕ ਨਾ ਮਿਟਣ ਵਾਲਾ ਕਲੰਕ ਹੈ। ਇਹ ਸਭ ਕੁਝ ਅਕਾਲੀਆਂ ਦੀ ਆਪਸੀ ਫੁਟ ਦਾ ਸਿੱਟਾ ਹੈ। ਉਹਨਾਂ ਕਿਹਾ ਕਿ ਵਖਰੇ ਵਖਰੇ ਅਕਾਲੀ ਇਕ ਦੂਜੇ ਤੇ ਦੋਸ਼ ਲਾ ਕੇ ਖੁਦ ਨੂੰ ਨੰਗਾ ਕਰ ਰਹੇ ਹਨ। ਉਹਨਾਂ ਕਿਹਾ ਕਿ ਅਕਾਲੀ ਰਾਜ ਵਿਚ ਕੁਰਬਾਨੀਆਂ ਕਰਨ ਵਾਲੇ ਨਿਸ਼ਕਾਮ ਵਰਕਰਾਂ ਨੂੰ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ ਤੇ ਦੂਜੇ ਲੋਕ ਅਕਾਲੀ ਦਲ 'ਚ ਘੁਸਪੈਂਠ ਕਰਕੇ ਮੋਹਰੀ ਬਣ ਰਹੇ ਹਨ। ਉਹਨਾਂ ਅਕਾਲੀਆਂ ਦੀ ਫੁਟ ਦਾ ਜ਼ਿਕਰ ਕਰਦਿਆਂ ਕਿਹਾ ਕਿ ਦਲ ਰਾਜ ਸਭਾ ਦੀਆਂ ਦੋਵੇਂ ਸੀਟਾਂ ਹੀ ਜਿਤ ਸਕਦਾ ਸੀ ਪਰ ਹੁਣ ਇਹ ਸਿਧੇ ਤੇ ਅਸਿਧੇ ਢੰਗ ਰਾਹੀਂ ਦੋਵੇਂ ਸੀਟਾਂ ਹੀ ਕਾਂਗਰਸ ਦੀ ਝੋਲੀ ਵਿਚ ਪਾ ਬੈਠਾ ਹੈ। ਉਹਨਾਂ ਕਿਹਾ ਕਿ ਜੇ ਅਕਾਲੀ ਦਲ ਨੇ ਲੜਨਾ ਹੀ ਹੈ ਤਾਂ ਉਹ ਆਪਸੀ ਲੜਾਈ ਛਡਕੇ ਹਰਿਆਣੇ ਚੋਂ ਪੰਜਾਬੀ ਬੋਲਦੇ ਇਲਾਕੇ ਪ੍ਰਾਪਤ ਕਰਨ ਲਈ ਤੇ ਪੰਜਾਬ ਹਥੋਂ ਸੱਤਰ ਹਜ਼ਾਰ ਏਕੜ ਜਾ ਰਹੀ ਭੂਮੀ ਨੂੰ ਬਚਾਉਣ ਲਈ ਲੜਾਈ ਲੜੇ। ਬਹੁਤ ਅਕਾਲੀ ਦਲ ਨਾ ਹੀ ਪੰਜਾਬ ਦਾ ਕੁਝ ਸੰਵਾਰ ਸਕਦੇ ਹਨ ਅਤੇ ਨਾ ਹੀ ਸਿੱਖਾਂ ਦਾ। ਲੋਕ ਪੰਥ ਲਈ ਕੁਰਬਾਨੀਆਂ ਦੇ ਦੇ ਕੇ ਥਕ ਗਏ ਹਨ ਪਰ ਸਾਡੇ ਨੇਤਾ ਫੁਟਾਂ ਪਾਉਂਦੇ ਨਹੀਂ ਥੱਕੇ। ਸਿਖ ਮਿਸਲਾਂ ਵਾਂਗ ਹੀ ਕੁਰਸੀਆਂ ਦੇ ਭੁਖੇ ਲੀਡਰ ਪੰਜਾਬ 'ਚ ਕਈ ਅਕਾਲੀ ਦਲ ਕਾਇਮ ਕਰ ਚੁਕੇ ਹਨ ਜੋ ਪੰਜਾਬ ਦੇ ਲੋਕਾਂ ਤੇ ਸਿਖ ਕੌਮ ਦੀ ਬਦਕਿਸਮਤੀ ਦੇ ਪ੍ਰਤੀਕ ਹੋ ਗੁਜ਼ਰਨਗੇ। ਉਹਨਾਂ ਸਾਰੇ ਦਲਾਂ ਨੂੰ ਇਕ ਮੁਠ ਹੋਣ ਦੀ ਅਪੀਲ ਕੀਤੀ।

ਯੌਰਪ ਅਕਾਲੀ ਦਲ ਵਲੋਂ ਪੰਜਾਬ ਵਿਚ ਬੇਗੁਨਾਹ ਲੋਕਾਂ ਦੇ ਕਤਲਾਂ ਦੀ ਨਿੰਦਾ

ਸਾਊਥਾਲ — ਗੁਰਉਪਕਾਰ ਸਿੰਘ ਮਾਂਗਟ ਚੀਫ ਆਰਗੇਨਾਈਜ਼ਰ ਅਕਾਲੀ ਦਲ ਯੌਰਪ (ਲੌਂ) ਦੀ ਪ੍ਰਧਾਨਗੀ ਹੇਠ ਵਿਸ਼ੇਸ਼ ਇਕੱਤਰਤਾ ਹੋਈ। ਇਸ ਮੀਟਿੰਗ ਵਿਚ ਯੌਰਪ ਦੇ 9 ਅਕਾਲੀ ਦਲ ਦੇ ਪ੍ਰਤੀਨਿਧਾਂ ਨੇ ਹਿਸਾ ਲਿਆ। ਕੁਝ ਮੈਂਬਰਾਂ ਨੇ ਟੈਲੀਫੋਨ ਤੇ ਮੀਟਿੰਗ ਦੀ ਸਹਿਮਤੀ ਪ੍ਰਗਟ ਕਰ ਦਿਤੀ। ਇਸ ਮੀਟਿੰਗ ਵਿਚ ਪੰਜਾਬ ਦੀ ਅਜੋਕੀ ਹਾਲਤ ਤੇ ਵਿਸਥਾਰ ਸਹਿਤ ਅਤੇ ਗੰਭੀਰਤਾ ਸਹਿਤ ਵਿਚਾਰਾਂ ਹੋਈਆਂ। ਮੀਟਿੰਗ ਨੇ ਮਤਾ ਪਾਸ ਕਰਕੇ ਵੈਂਕਟਰਮਈਆ ਕਮਿਸ਼ਨ ਦੇ ਫੈਸਲੇ ਨੂੰ ਰੱਦ ਕਰਨ ਅਤੇ ਡਿਸਾਈ ਕਮਿਸ਼ਨ ਨੂੰ ਅਪ੍ਰਵਾਨ ਕਰਨ ਤੇ ਪੰਜਾਬ ਦੀ ਬਰਨਾਲਾ ਸਰਕਾਰ ਦੀ ਭਰਪੂਰ ਸ਼ਲਾਘਾ ਕੀਤੀ। ਰੁੱਸੇ ਹੋਏ ਸਿਰਮੌਰ ਅਕਾਲੀ ਲੀਡਰਾਂ ਨੂੰ ਏਕਤਾ ਅਤੇ ਬਰਨਾਲਾ ਸਰਕਾਰ ਨੂੰ ਮਿਲਵਰਤਣ ਦੇਣ ਬਾਰੇ ਅਪੀਲ ਕੀਤੀ ਗਈ। ਮੰਗ ਕੀਤੀ ਗਈ ਕਿ ਪੰਜਾਬ ਵਿਚ ਨਿਰਦੋਸ਼ ਮਨੁੱਖਤਾ ਦਾ ਕਤਲ ਬੰਦ ਕਰਵਾਇਆ ਜਾਵੇ। ਇਕ ਹੋਰ ਮਤੇ ਰਾਹੀਂ ਹਿੰਦੂ ਸਿੱਖ ਏਕਤਾ ਤੇ ਜ਼ੋਰ ਦਿਤਾ ਗਿਆ। ਮੰਗ ਕੀਤੀ ਗਈ ਕਿ ਜੈਪੁਰ, ਜੋਧਪੁਰ ਅਤੇ ਹੋਰ ਜੇਲ੍ਹਾਂ ਵਿਚ ਸੜ ਰਹੇ ਨੌਜਵਾਨਾਂ ਨੂੰ ਫੌਰਨ ਰਿਹਾਅ ਕਰਵਾਇਆ ਜਾਵੇ। ਸਮੂਹ ਪੰਜਾਬ ਵਾਸੀਆਂ ਤੋਂ ਵੀਜ਼ੇ ਦਾ ਪਾਬੰਦੀ ਹਟਾਈ ਜਾਵੇ। ਪੰਜਾਬ ਤੋਂ ਬਾਹਰਲੇ ਪ੍ਰਾਂਤਾਂ ਦੇ ਸਿੱਖਾਂ ਨੂੰ ਜਾਨ ਮਾਲ ਦੀ ਗਰੰਟੀ ਦਿਤੀ ਜਾਵੇ। ਦਿੱਲੀ ਏਅਰਪੋਰਟ ਦੇ ਅਮਲੇ ਵਲੋਂ ਸਿੱਖਾਂ ਨੂੰ ਪਰੇਸ਼ਾਨ ਕਰਨ ਤੋਂ ਰੋਕਣ ਦੀ ਮੰਗ ਕੀਤੀ ਗਈ। ਮੀਟਿੰਗ ਨੇ ਕਿਹਾ ਕਿ ਮਹਾਨ ਸ਼ਹੀਦ ਹਿੰਦੂ-ਸਿੱਖ ਏਕਤਾ ਦੇ ਅਲੰਬਰਦਾਰ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਉਚ ਪੱਧਰ ਤੇ ਮਨਾਈ ਜਾਵੇ ਅਤੇ ਉਸ ਦਿਨ ਇਤਿਹਾਸਕ ਫੈਸਲੇ ਲਏ ਜਾਣ। ਸਮੂਹ ਯੌਰਪ ਅਕਾਲੀ ਦਲ (ਲੌਂ) ਨੇ ਭਾਰਤ ਸਰਕਾਰ ਤੋਂ ਪੁਰਜ਼ੋਰ ਸ਼ਬਦਾਂ ਵਿਚ ਮੰਗ ਕੀਤੀ ਹੈ ਕਿ ਰਾਜੀਵ-ਲੌਂਗੋਵਾਲ ਸਮਝੌਤਾ ਅੱਖਰ ਅੱਖਰ ਨੇਪਰੇ ਚਾੜ੍ਹਕੇ ਸਿੱਖਾਂ ਦਾ ਵਿਸ਼ਵਾਸ਼ ਜਿਤਿਆ ਜਾਵੇ।

ਠੇਕੇਦਾਰ ਵਲੋਂ ਅਕਾਲੀ ਦਲ 'ਚ ਏਕੇ ਦੀ ਅਪੀਲ

ਲੁਧਿਆਣਾ — ਬਾਦਲ ਧੜੇ ਦੇ ਉਘੇ ਅਕਾਲੀ ਆਗੂ ਠੇਕੇਦਾਰ ਸੁਰਜਨ ਸਿੰਘ ਨੇ ਅਕਾਲੀ ਲੀਡਰਾਂ ਨੂੰ ਅਪੀਲ ਕੀਤੀ ਕਿ ਉਹ ਇਸ ਸੰਕਟ ਦੇ ਸਮੇਂ ਇਕੱਠੇ ਹੋ ਜਾਣ। ਇਸ ਸਮੇਂ ਪੰਥ ਨਾਜ਼ਕ ਦੌਰ ਵਿਚੋਂ ਲੰਘ ਰਿਹਾ ਹੈ।

ਮੈਂ, ਮਖਿਆਲੀ - ਟਹਿਣੀ ਥੱਲੇ ਸੁੱਤਾ ਹਾਂ!
ਚਾਰ ਚੁਫੇਰੇ, ਡੰਗਣ ਵਾਲੀ ਮੱਖੀ ਹੈ!!

ਬਾਹਰ ਦਿਆਂ ਨੂੰ, ਮਿੱਠੀਆਂ ਵਸਤਾਂ ਵੰਡਦੇ ਜੋ!
ਘਰ ਦਿਆਂ ਲਈ, ਉਸ, ਜ਼ਹਿਰ ਲਕੋ ਕੇ ਰੱਖੀ ਹੈ!!

ਪਿਆਰ ਮੁਹੱਬਤ ਕੌਡੀ ਜਿੰਨੇ ਕੋਲ ਨਹੀਂ!
ਆਖਣ ਨੂੰ ਉਹ ਕਰੋੜ-ਪਤੀ ਹੈ, ਲੱਖੀ ਹੈ!!

ਅੰਦਰੋਂ ਮੈਂ ਟੁੱਟ ਚੁੱਕਿਆ ਹਾਂ! ਪਰ ਜੇ ਵੇਖੋਂ...,
ਸਹੀ ਸਲਾਮਤ ਸੱਜੀ ਖੱਬੀ ਵੱਖੀ ਹੈ!!

ਕਿਹੜਾ ਕਿਹੜਾ ਪਾਸਾ ਵੇਖੇਂਗਾ "ਅਫਜ਼ਲ"?
ਪੀੜ ਗ਼ਮਾਂ ਦੇ ਜ਼ਖਮਾਂ ਦੀ ਬਹੁ-ਪੱਖੀ ਹੈ!!

For our Readers & Advertisers

'Canada Darpan' Office Hours

Monday to Friday — 10 a.m. - 5.00 p.m.
Please phone during these hours only
Ph. 581-4473

ਪੰਜਾਬ ਸਮਝੌਤੇ 'ਚ ਅਹਿਮ ਭੂਮਿਕਾ ਨਿਭਾਉਣ ਵਾਲੀਆਂ ਸਾਰੀਆਂ ਧਿਰਾਂ ਨਿਰਾਸ਼

ਜ. ਸ. ਸਿੱਧੂ

ਚੰਡੀਗੜ੍ਹ — ਸਮਝਿਆ ਜਾਂਦਾ ਹੈ ਕਿ 'ਰਾਜੀਵ-ਲੌਂਗੋਵਾਲ' ਸਮਝੌਤੇ ਸਮੇਂ ਇਹ ਵੀ ਤੈਅ ਹੋਇਆ ਸੀ ਕਿ ਚੰਡੀਗੜ੍ਹ ਬਦਲੇ ਹਰਿਆਣਾ ਨੂੰ ਰਕਬਾ ਦੇਣ ਦਾ ਸਿਧਾਂਤ ਸਤਲੁਜ-ਯਮਨਾ ਲਿੰਕ ਨਹਿਰ ਉਪਰ ਵੀ ਲਾਗੂ ਹੋਵੇਗਾ।

ਸਮਝੌਤੇ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਨੇੜਲੇ ਹਲਕਿਆਂ ਦਾ ਕਹਿਣਾ ਹੈ ਕਿ ਸਮਝੌਤੇ ਸਮੇਂ ਕੇਂਦਰ ਨੇ ਇਹ ਅਸੂਲ ਪ੍ਰਵਾਨ ਕੀਤਾ ਸੀ ਕਿ ਚੰਡੀਗੜ੍ਹ ਬਦਲੇ ਹਰਿਆਣਾ ਨੂੰ ਉਤਨੇ ਹੀ ਹਿੰਦੀ ਬੋਲਦੇ ਪਿੰਡ ਦਿਤੇ ਜਾਣਗੇ ਜਿੰਨਾ ਉਸ ਦਾ ਚੰਡੀਗੜ੍ਹ ਵਿਚ ਹਿਸਾ ਬਣਦਾ ਹੈ। ਚੰਡੀਗੜ੍ਹ ਵਿਚ ਦੋਹਾਂ ਧਿਰਾਂ ਪੰਜਾਬ ਅਤੇ ਹਰਿਆਣਾ ਦੀ ਸੱਠ-ਚਾਲੀ ਦੀ ਅਨੁਪਾਤ ਨਾਲ ਹਿਸਾ ਮੰਨਿਆ ਜਾਂਦਾ ਹੈ।

ਇਨ੍ਹਾਂ ਹਲਕਿਆਂ ਦਾ ਕਹਿਣਾ ਹੈ ਕਿ ਸਤਲੁਜ-ਯਮਨਾ ਲਿੰਕ ਨਹਿਰ ਲਈ ਕਿਸਾਨਾਂ ਨੂੰ ਤਾਂ ਮੁਆਵਜ਼ਾ ਮਿਲ ਗਿਆ ਪ੍ਰੰਤੂ ਪੰਜਾਬ ਨੂੰ ਕੀ ਮਿਲਿਆ? ਇਸ ਲਿੰਕ ਨਹਿਰ ਹੇਠਾਂ ਦਸ ਹਜ਼ਾਰ ਏਕੜ ਰਕਬਾ ਆਏਗਾ। ਮਾਹਿਰਾਂ ਦਾ ਅੰਦਾਜ਼ਾ ਹੈ ਕਿ ਲਿੰਕ ਨਹਿਰ ਨਿਕਲਣ ਨਾਲ ਨਾਲ ਲਗਦਾ 25 ਹਜ਼ਾਰ ਏਕੜ ਰਕਬਾ ਹੋਰ ਖਰਾਬ ਹੋ ਜਾਵੇਗਾ। ਇਹ ਰਕਬਾ ਪੰਜਾਬ ਨੂੰ ਕਿਸੇ ਵੀ ਤਰ੍ਹਾਂ ਨਹੀਂ ਮਿਲ ਸਕਦਾ। ਕਾਨੂੰਨੀ ਤੌਰ ਉਤੇ ਵੀ ਪੰਜਾਬ ਦੇ ਦਰਿਆਵਾਂ ਦਾ ਪਾਣੀ ਲੈਣ ਲਈ ਹਰਿਆਣਾ ਨੂੰ ਮੁਆਵਾਜ਼ਾ ਦੇਣਾ ਚਾਹੀਦਾ ਹੈ।

ਇਸ ਤੋਂ ਪਹਿਲਾਂ ਰਾਜਸਥਾਨ ਨਹਿਰ ਹੇਠ ਪੰਜਾਬ ਦਾ ਸਵਾ ਛੇ ਲੱਖ ਏਕੜ ਰਕਬਾ ਖਰਾਬ ਹੋ ਚੁਕਾ ਹੈ। ਏਨਾ ਰਕਬਾ ਬੰਜਰ ਹੋ ਗਿਆ ਹੈ ਜਿਸ ਤੋਂ ਪੰਜਾਬ ਨੂੰ ਕਦੇ ਕੋਈ ਲਾਭ ਨਹੀਂ ਹੋਵੇਗਾ। ਪ੍ਰੰਤੂ ਰਾਜਸਥਾਨ ਨੇ ਉਸ ਬਦਲੇ ਪੰਜਾਬ ਨੂੰ ਕੁਝ ਨਹੀਂ ਦਿੱਤਾ।

ਕਿਸੇ ਦੂਜੇ ਸੂਬੇ ਨੂੰ ਪਾਣੀ ਦੇਣ ਸਮੇਂ ਉਸ ਉਪਰ ਰੇਲਵੇ ਜਾਂ ਸੜਕਾਂ ਵਾਲਾ ਫਾਰਮੂਲਾ ਲਾਗੂ ਨਹੀਂ ਹੋ ਸਕਦਾ ਹੈ। ਪਾਣੀ ਦੇਣ ਨਾਲ ਰਿਪੇਰੀਅਨ ਸਟੇਟ ਨੂੰ ਕੋਈ ਲਾਭ ਨਹੀਂ ਹੋਵੇਗਾ।

ਪਤਾ ਲੱਗਾ ਹੈ ਕਿ ਪਿਛਲੇ ਦਿਨੀਂ ਚੰਡੀਗੜ੍ਹ ਵਿਚ ਪੰਜਾਬ ਦੇ ਰਾਜਪਾਲ ਸ੍ਰੀ ਸਿਧਾਰਥ ਸ਼ੰਕਰ ਰੇਅ ਕੇਂਦਰੀ ਗ੍ਰਹਿ ਮੰਤਰੀ ਬੂਟਾ ਸਿੰਘ, ਮੁੱਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਅਤੇ ਵਿੱਤ ਮੰਤਰੀ ਬਲਵੰਤ ਸਿੰਘ ਦੀ ਰਾਜ ਭਵਨ ਵਿਚ ਜਿਹੜੀ ਮੀਟਿੰਗ ਹੋਈ ਸੀ ਉਸ ਵਿਚ ਡਾ. ਅਤਰ ਸਿੰਘ ਨੇ ਇਹ ਕਿਹਾ ਸੀ ਕਿ ਜੇਕਰ ਕੇਂਦਰ ਅਕਾਲੀ ਸਰਕਾਰ ਤੋੜਨ ਦਾ ਇਰਾਦਾ ਨਹੀਂ ਰੱਖਦਾ ਤਾਂ ਉਸ ਨੂੰ ਸੱਤਰ ਹਜ਼ਾਰ ਏਕੜ ਦਾ ਫਾਰਮੂਲਾ ਵਾਪਸ ਲੈ ਲੈਣਾ ਚਾਹੀਦਾ ਹੈ। ਇਹ ਅਜਿਹਾ ਮਸਲਾ ਹੈ ਜੋ ਕਿ ਪੂਰੇ ਦੇਸ਼ ਨੂੰ ਆਪਣੀ ਲਪੇਟ ਵਿਚ ਲੈ ਸਕਦਾ ਹੈ।

ਕੇਂਦਰ ਅਕਾਲੀ ਸਮਝੌਤੇ ਦੀ ਹਮਾਇਤੀ ਧਿਰ ਦਾ ਕਹਿਣਾ ਹੈ ਕਿ:
ਪੰਜਾਬ ਸਮਝੌਤਾ ਤਾਂ 26 ਜਨਵਰੀ ਨੂੰ ਹੀ ਕੇਂਦਰ ਨੇ ਤੋੜ ਦਿਤਾ। ਪਤਾ ਲੱਗਾ ਹੈ ਕਿ ਸਮਝੌਤੇ ਦੇ ਇਕ ਮੋਹਰੀ ਆਗੂ ਨੇ 25 ਜਨਵਰੀ ਦੀ ਸ਼ਾਮ ਨੂੰ ਹੀ ਮੁੱਖ ਮੰਤਰੀ ਬਰਨਾਲਾ ਅਤੇ ਵਿੱਤ ਮੰਤਰੀ ਬਲਵੰਤ ਸਿੰਘ ਨੂੰ ਦਿੱਲੀ ਵਿਚ ਸਲਾਹ ਦਿਤੀ ਸੀ ਕਿ ਆਪਣੇ ਆਪਣੇ ਅਹੁਦਿਆਂ ਤੋਂ ਅਸਤੀਫੇ ਦੇ ਦੇਣ ਕਿਉਂਕਿ ਉਹ ਅਸਲ ਵਿਚ ਲੜਾਈ ਹਾਰ ਗਏ ਹਨ। ਉਨ੍ਹਾਂ ਨੂੰ ਇਹ ਵੀ ਕਿਹਾ ਗਿਆ ਕਿ ਕੇਂਦਰ ਨੇ ਪੰਜਾਬ ਨਾਲ ਧੋਖਾ ਕੀਤਾ ਹੈ। ਕੇਂਦਰੀ ਮੰਤਰੀ ਸ਼ਿਵ ਸ਼ੰਕਰ ਅਤੇ ਸ੍ਰੀ ਅਰੁਨ ਨਹਿਰੂ ਕਿਸੇ ਵੀ ਸੂਰਤ ਵਿਚ ਸਮਝੌਤਾ ਲਾਗੂ ਹੋਣ ਦੇ ਵਿਰੁਧ ਸਨ।

ਇਨ੍ਹਾਂ ਸੂਤਰਾਂ ਅਨੁਸਾਰ ਕੇਂਦਰ ਦੀ ਨੀਅਤ ਤੋਂ ਇੰਜ ਲਗਦਾ ਹੈ ਕਿ ਪੰਜਾਬ ਤੋਂ ਜੋ ਖੋਹਿਆ ਜਾ ਸਕਦਾ ਹੈ ਉਹ ਖੋਹ ਲਿਆ ਜਾਵੇ। ਸਮਝੌਤਾ ਨਾ ਹੀ ਪੰਜਾਬ ਅਤੇ ਨਾ ਹੀ ਸਿੱਖਾਂ ਦੇ ਮਸਲੇ ਹੱਲ ਕਰ ਸਕਿਆ। ਕੇਂਦਰ ਹਰਿਆਣਾ ਨੂੰ ਹੱਥੋਂ ਗੁਆਉਣ ਦੇ ਕਿਸੇ ਵੀ ਤਰ੍ਹਾਂ ਹੱਕ ਵਿਚ ਨਹੀਂ।

ਪੰਜਾਬ ਦੇ ਇਕ ਸੀਨੀਅਰ ਅਧਿਕਾਰੀ ਨੇ ਪੰਜਾਬ ਸਰਕਾਰ ਨੂੰ ਸਲਾਹ ਦਿਤੀ ਹੈ ਕਿ ਇਰਾਦੀ ਟ੍ਰਿਬਿਊਨਲ ਦਾ ਰੁੱਖ ਪੰਜਾਬ ਹਿਤਾਂ ਦੇ ਵਿਰੁਧ ਹੀ ਹੈ। ਇਸ ਤੋਂ ਵੀ ਪੰਜਾਬ ਨੂੰ ਕੁਝ ਨਹੀਂ ਮਿਲਣ ਲੱਗਾ।

ਦੂਜੇ ਪਾਸੇ ਬਰਨਾਲਾ ਸਰਕਾਰ ਵਿਚ ਇਹ ਸਲਾਹ ਗੰਭੀਰਤਾ ਨਾਲ ਚਲ ਰਹੀ ਹੈ ਕਿ ਚੰਡੀਗੜ੍ਹ ਤੋਂ ਪੰਜਾਬ ਆਪਣਾ ਹੱਕ ਛੱਡ ਦੇਵੇ। ਪਿਛਲੇ ਪੈਟਰਨ ਉਤੇ ਹੀ ਪੰਜਾਬ ਨੂੰ ਚੰਡੀਗੜ੍ਹ ਦੀ ਥਾਂ ਇਕ ਲੱਖ ਏਕੜ ਇਲਾਕਾ ਦਿਤਾ ਜਾਵੇ। ਪੰਜਾਬ ਨੂੰ ਤਿੰਨ ਸੌ ਕਰੋੜ ਰੁਪਿਆ ਨਵੀਂ ਰਾਜਧਾਨੀ ਬਨਾਉਣ ਲਈ ਦਿਤਾ ਜਾਵੇ। ਰਾਜਧਾਨੀ ਲਈ ਰਣਜੀਤਗੜ੍ਹ ਨਗਰ ਵੀ ਵਿਚਾਰ ਅਧੀਨ ਹੈ।

ਇਕ ਸੁਝਾਅ ਇਹ ਵੀ ਹੈ ਕਿ ਚੰਡੀਗੜ੍ਹ ਨੂੰ ਸੱਠ ਅਤੇ ਚਾਲੀ ਦੇ ਅਨੁਪਾਤ ਨਾਲ ਵੰਡ ਦਿਤਾ ਜਾਵੇ।

ਫੂਕ ਸ਼ਕਾਂ ਨਾ ਰੂਹ ਆਪਣੀ! ਸਾੜ ਸਕਾਂ ਨਾ ਮੈਂ ਪਰਛਾਵਾਂ!!
ਕੱਚ ਦੇ ਬਸਤਰ, ਮੋਮ ਦਾ ਪਿੰਡਾ! ਕੀਕਣ ਸੂਰਜ ਦੇ ਘਰ ਜਾਵਾਂ?

ਰੱਬ ਨੇ ਕੰਨੀ ਉਂਗਲਾਂ ਦਿੱਤੀਆਂ! ਗੂੰਗੇ ਹੋਏ ਫਰਿਸ਼ਤੇ ਸਾਰੇ,
ਕੌਣ ਸੁਣੇ ਅਰਦਾਸ ਮੇਰੀ! ਤੇ ਕੌਣ ਕਬੂਲੇ ਅੱਜ ਦੁਆਵਾਂ?

ਸੰਗੀ ਸਾਥੀ ਇਕ ਇਕ ਕਰ ਕੇ, ਆਪਣੇ ਆਪਣੇ ਰਾਹੇ ਪੈ ਗਏ!
ਡਾਰੋਂ ਵਿਛੜੀ ਕੂੰਜ ਦੇ ਵਾਙੂੰ, ਕੱਲਮ ਕੱਲਾ ਮੈਂ ਕੁਰਲਾਵਾਂ!!

ਮੇਰੇ ਪੈਰ ਚੁਰਾ ਕੇ ਲੈ ਗਿਆ, ਬਣ ਕੇ ਮੇਰਾ ਮਿੱਤਰ ਕੋਈ!
ਸੁੰਨੇ ਜੰਗਲ ਵਿਚੋਂ ਭੱਜ ਕੇ, ਦੱਸੋ ਪਰਤ ਕਿਵੇਂ ਘਰ ਆਵਾਂ!

ਖਾਲਸਾ ਸਕੂਲ ਲਈ ਸੇਵਾਵਾਂ ਕਰਨ ਪ੍ਰਤੀ ਬੇਨਤੀ

ਇਹ ਦੱਸਦਿਆਂ ਸਾਨੂੰ ਅਤੀ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਵੈਨਕੂਵਰ ਸਕੂਲ ਬੋਰਡ ਤੋਂ "ਸਾਊਥ ਹਿਲ" ਸਕੂਲ ਦੀ ਇਮਾਰਤ "ਖਾਲਸਾ ਸਕੂਲ ਵੈਨਕੂਵਰ" ਲਈ ਜੋ ਲੀਜ਼ ਉਪਰ ਲਈ ਗਈ ਸੀ ਉਸ ਦਾ ਪੂਰਾ ਚਾਰਜ਼ 15 ਜੁਲਾਈ, 1986 ਤੋਂ ਆਪਾਂ ਨੂੰ ਮਿਲ ਗਿਆ ਹੈ। ਇਸ ਲਈ ਅਗਲਾ ਇਕ ਮਹੀਨਾ ਭਾਵ 15 ਅਗਸਤ ਤਕ ਇਸ ਬਿਲਡਿੰਗ ਵਿਚ ਬਹੁਤ ਕੰਮ ਇਮਾਰਤ ਨੂੰ "ਖਾਲਸਾ ਸਕੂਲ" ਲਈ ਤਿਆਰ ਕਰਨ ਲਈ ਕੀਤੇ ਜਾਣਗੇ। ਇਸ ਲਈ ਸਭ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਹੋਣ ਵਾਲੇ ਕੰਮਾਂ ਵਿਚ ਸੇਵਾ ਕਰਕੇ ਆਪਣਾ ਜੀਵਨ ਅਤੇ ਆਪਣੀ ਕਮਾਈ ਸਫਲ ਕਰਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਲੋੜੀਂਦੇ ਸਮਾਨ ਅਤੇ ਹੋਰ ਹੋਣ ਵਾਲੇ ਕੰਮਾਂ ਦਾ ਸੰਖੇਪ ਵਿਚ ਵੇਰਵਾ ਇਸ ਪ੍ਰਕਾਰ ਹੈ :—

1. ਸਕੂਲ ਲਈ 2 ਜਾਂ 3 ਫਰਿਜ਼ਾਂ, ਸਟੋਵ ਆਦਿ
2. ਗੁਰੂ ਮਹਾਰਾਜ ਜੀ ਦੇ ਕਮਰੇ ਲਈ ਚਾਨਣੀ, ਮੰਜੀ ਸਾਹਿਬ, ਤਖਤ ਪੋਸ਼, ਕਾਰਪਿਟ ਆਦਿ ਲੋੜੀਂਦਾ ਸਮਾਨ
3. ਸਕੂਲ ਲਈ ਫਰਨੀਚਰ, ਕੁਰਸੀਆਂ, ਅਲਮਾਰੀਆਂ, ਡਿਸਕਾਂ, ਮੇਜ, ਬਲੈਕ ਬੋਰਡ ਆਦਿ
4. ਸੇਵਾ ਲਈ ਕਾਰਪੈਂਟਰਾਂ ਦੀ, ਪਾਈਪ ਫਿਟਰਾਂ ਅਤੇ ਹੋਰ ਸਹਾਇਕ ਸੇਵਾਦਾਰਾਂ ਦੀ ਜ਼ਰੂਰਤ ਹੈ।
5. ਸਕੂਲ ਦੀ ਬੇਸਮਿੰਟ ਵਿਚ ਇਕ ਸੇਵਾਦਾਰ ਲਈ ਕਮਰਾ ਤਿਆਰ ਕਰਨਾ ਹੈ, ਜਿਸ ਲਈ ਲੱਕੜਾਂ, ਪਲਾਈ ਵੁਡ, ਛਾਵਰ ਅਤੇ ਹੋਰ ਇਮਾਰਤੀ ਸਮਾਨ ਦੀ ਜ਼ਰੂਰਤ ਹੈ।

ਉਪਰ ਦਿੱਤੀਆਂ ਅਤੇ ਹੋਰ ਕਈ ਪ੍ਰਕਾਰ ਦੀਆਂ ਸੇਵਾਵਾਂ ਲਈ ਹੱਥੀ ਸੇਵਾ ਕਰਨ ਵਾਲੇ ਸਜਣਾਂ ਦੀ ਜ਼ਰੂਰਤ ਹੈ, ਸਮਾਨ ਦੀ ਜ਼ਰੂਰਤ ਹੈ। ਸਭ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਕੁਝ ਨਾ ਕੁਝ ਸੇਵਾ ਵਿਚ ਸਾਰੇ ਹੀ ਹਿਸਾ ਜ਼ਰੂਰ ਪਾਵੋ ਜੀ। ਇਨ੍ਹਾਂ ਸੇਵਾਵਾਂ ਲਈ ਹੇਠ ਲਿਖੇ ਸੇਵਾਦਾਰਾਂ ਨੂੰ ਫੂਨ ਕਰੋ ਜੀ :-

ਭਾਈ ਬਲਬੰਤ ਸਿੰਘ ਜੀ — 321-5495 ਭਾਈ ਰਿਪਦੂਮਨ ਸਿੰਘ ਜੀ ਮਲਕ — 263-9657 — ਖਾਲਸਾ ਸਕੂਲ ਦਾ ਫੋਨ ਨੰ: — 321-1226

ਸਕੂਲ ਵਿਚ ਪੱਕੇ ਤੌਰ ਉਪਰ ਰਾਤ ਨੂੰ ਰਹਿ ਕੇ ਸੇਵਾ ਕਰਨ ਵਾਲੇ ਇਕ ਜਾਂ ਦੋ ਸੇਵਾਦਾਰਾਂ ਦੀ ਜ਼ਰੂਰਤ ਹੈ ਜੀ। ਜੋ ਸੱਜਣ ਸਕੂਲ ਦੀ ਰਾਖੀ ਦਾ ਕੰਮ, ਸ੍ਰੀ ਗੁਰੂ ਮਹਾਰਾਜ ਜੀ ਦੀ ਸੇਵਾ ਅਤੇ ਹੋਰ ਲੋੜੀਂਦੀਆਂ ਸੇਵਾਵਾਂ ਮੌਕੇ ਅਨੁਸਾਰ ਕਰ ਸਕਦਾ ਹੋਵੇ ਜੀ। ਐਸੇ ਸੇਵਾਵਾਰਾਂ ਦੀ ਜ਼ਰੂਰਤ ਹੈ, ਜਲਦੀ ਹੀ ਅਰਜ਼ੀਆਂ ਭੇਜੀਆਂ ਜਾਣ ਜੀ।

ਦਿਮਾਗੀ ਰੋਗ ਤੇ ਸਮਾਜਕ ਰਿਸ਼ਤਿਆਂ ਦਾ ਸਬੰਧ

ਚਰਨਪਾਲ ਗਿੱਲ



ਜਦ ਕੋਈ ਵਿਅਕਤੀ ਦਿਮਾਗੀ ਰੋਗ ਦਾ ਸ਼ਿਕਾਰ ਹੋ ਜਾਵੇ ਤਾਂ ਅਸੀਂ ਉਸਨੂੰ ਕਮਲਾ ਸੱਦਦੇ ਹਾਂ। ਇਸ ਕਰਕੇ ਰਿਵਰਵਿਊ ਹਸਪਤਾਲ ਨੂੰ ਸਾਡੇ ਲੋਕ ਕਮਲਿਆਂ ਦਾ ਹਸਪਤਾਲ ਆਖਦੇ ਹਨ। ਇਥੇ ਦੁਖੀ ਬੰਦਿਆਂ ਦਾ ਇਲਾਜ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ ਸਮਾਜ ਨੇ ਦਬਾਇਆ ਤੇ ਭੈੜੇ ਵਰਤਾਓ ਨਾਲ ਉਨ੍ਹਾਂ ਦਾ ਸਿਰ ਫੇਰ ਦਿਤਾ। ਇਹ ਉਹ ਲੋਕ ਹਨ ਜਿਨ੍ਹਾਂ ਨੂੰ ਦਬਾ ਕੇ, ਪੀੜਕੇ, ਸਮਾਜਕ ਰਿਸ਼ਤੇ ਬਿਲਕੁਲ ਤੋੜਕੇ, ਇਸ ਸਮਾਜ ਵਿਚ ਰਹਿਣ ਦੇ ਨਕਾਬਲ ਬਣਾ ਦਿਤਾ ਹੈ ਤੇ ਹੁਣ ਇਹ ਦੁਖੀ ਲੋਕ ਸਰਕਾਰ ਦੇ ਹਵਾਲੇ ਹਨ। ਇਨ੍ਹਾਂ ਦੀਆਂ ਜ਼ਿੰਦਗੀ ਦੀਆਂ ਕਹਾਣੀਆਂ ਬੜੀਆਂ ਦਰਦਨਾਕ ਤੇ ਦੁਖ ਭਰੀਆਂ ਹਨ।

ਭਾਰਤ ਵਿਚ ਪੁਰਾਣੀ ਪਰੰਪਰਾ ਹਿਸਾਬ ਜੋ ਵਿਅਕਤੀ ਦਿਮਾਗੀ ਰੋਗ ਦਾ ਸ਼ਿਕਾਰ ਹੋ ਜਾਵੇ ਉਸਨੂੰ ਆਖਦੇ ਸਨ ਕਿ ਇਸ ਵਿਚ ਭੂਤਾਂ ਆ ਗਈਆਂ ਹਨ। ਸਾਧ ਲੋਕ ਸੰਗਲਾਂ ਨਾਲ ਕੁਟਕੇ ਤਸੀਹੇ ਦੇ ਕੇ ਭੂਤਾਂ ਕੱਢਦੇ ਸਨ। ਕਹਾਣੀਆਂ ਕਈ ਤਰ੍ਹਾਂ ਦੀਆਂ ਪਰਚਲਤ ਹਨ। ਕਈ ਲੋਕ ਕੁਟ ਕਰਕੇ ਮਰ ਭੀ ਗਏ ਤੇ ਕਈ ਇਸਤਰੀਆਂ ਇਨ੍ਹਾਂ ਸਾਧਾਂ ਦੀ ਕਾਮ ਵਾਸ਼ਨਾ ਦਾ ਸ਼ਿਕਾਰ ਭੀ ਹੋਈਆਂ। ਇਸ ਫਿਲਾਸਫੀ ਅਨੁਕੂਲ ਦਿਮਾਗੀ ਰੋਗ ਪਿਛਲੇ ਯੁਗ ਵਿਚ ਮਾੜੇ ਕੰਮ ਕਰਨ ਦਾ ਨਤੀਜਾ ਹੈ। ਇਨ੍ਹਾਂ ਮਾੜੇ ਕਰਮਾਂ ਕਰਕੇ ਪਰਮਾਤਮਾ ਵਿਅਕਤੀ ਨੂੰ ਸਜ਼ਾ ਦੇ ਰਿਹਾ ਹੈ। ਪਰ ਵਿਅਕਤੀ ਦੀਆਂ ਰੋਜ਼ ਦੀਆਂ ਔਕੜਾਂ, ਗੁਲੀ, ਜੁਲੀ ਤੇ ਕੁਲੀ ਬਾਰੇ ਮਜ਼ਦੂਰਾਂ ਦੇ ਅਣਥੱਕ ਘੋਲ ਤੇ ਅਮੀਰਾਂ ਦੀ ਐਸ਼ ਪ੍ਰਸਤੀ ਤੇ ਬਦਚਲਣ ਜ਼ਿੰਦਗੀ ਦਾ ਨਤੀਜਾ ਤੇ ਹੋਰ ਸਮਾਜਕ ਤੇ ਮਨੋਵਿਗਿਆਨਕ ਔਕੜਾਂ ਨੂੰ ਇਕਲਾਂਭੇ ਰਖਿਆ ਗਿਆ ਸੀ। ਅੱਜ ਮੈਂ ਆਪਨੂੰ ਕੈਨੇਡਾ ਵਿਚ ਰਹਿੰਦੇ ਲੋਕਾਂ ਦੇ ਦਿਮਾਗੀ ਬੀਮਾਰੀਆਂ ਦੇ ਕੁਝ ਕੁ ਸਮਾਜਕ ਕਾਰਨਾਂ ਵੱਲ ਧਿਆਨ ਦਿਵਾਵਾਂਗਾ ਇਨ੍ਹਾਂ ਕੁਝ ਕੁ ਸਮਾਜਕ ਦਬਾਵਾਂ ਕਾਰਨ ਕੋਈ ਭੀ ਵਿਅਕਤੀ 'ਕਮਿਲਆਂ' ਦੇ ਹਸਪਤਾਲ ਦੇ ਰਾਹ ਵੱਲ ਤੁਰ ਸਕਦਾ ਹੈ।

ਕੈਨੇਡਾ ਨਿਵਾਸੀਆਂ ਦੀਆਂ ਬਹੁਤ ਸਾਰੀਆਂ ਮੁਸ਼ਕਲਾਂ ਇਮੀਗਰੇਸ਼ਨ ਤੋਂ ਸ਼ੁਰੂ ਹੁੰਦੀਆਂ ਹਨ। ਕਿਵੇਂ ਮੁੰਡੇ, ਕੁੜੀ ਜਾਂ ਆਪਦੇ ਰਿਸ਼ਤੇਦਾਰਾਂ ਨੂੰ ਕੈਨੇਡਾ ਵਿਚ ਮੰਗਵਾਉਣਾ ਹੈ। ਵੱਟਾ ਸੱਟਾ ਕਰਨਾ ਆਪਣੀ ਸਿੰਘਣੀ ਨਾਲ ਤਲਾਕ ਕਰਨਾ ਤੇ ਹੋਰ ਕਿੰਨੇ ਲੋਕਾਂ ਦੀ ਮਿੰਨਤ ਤੇ ਖੁਸ਼ਾਮਦ ਕਰਨੀ। ਦੇਸ਼ ਤੋਂ ਭੈਣ ਭਰਾਵਾਂ ਤੇ ਰਿਸ਼ਤੇਦਾਰਾਂ ਦੀਆਂ ਚਿੱਠੀਆਂ ਤਾਨੇ ਮਿਹਣੇ ਇਤਿਆਦਿ ਚੰਗੇ ਭਲੇ ਲੋਕਾਂ ਤੇ ਅਸਰ ਕਰਦੀਆਂ ਹਨ। ਆਪਦੇ ਨੇੜਿਓਂ ਤੇ ਪਿਆਰ ਮੁਹੱਬਤ ਕਰਨ ਵਾਲਿਆਂ ਵਿਚ ਖਿਚੋਤਾਣ ਮਨ ਤੇ ਭੈੜਾ ਅਸਰ ਕਰਦੀ ਹੈ।

ਜਦ ਕੋਈ ਵਿਅਕਤੀ ਆਪਦੇ ਸਮਾਜਕ ਵਾਤਾਵਰਨ ਵਿਚ ਉਖੜਕੇ ਕੈਨੇਡਾ ਵਿਚ ਆਉਂਦਾ ਹੈ, ਤਾਂ ਉਸਨੂੰ ਸਭ ਕੁਝ ਹੀ ਓਪਰਾ ਲਗਦਾ ਹੈ। ਜੋ ਉਹ ਆਸਾਂ ਚਾਵਾਂ ਤੇ ਮਲਾਰਾਂ ਨਾਲ ਇਸ ਅਮੀਰ ਧਰਤੀ ਨੂੰ ਆਇਆ ਸੀ, ਉਹ ਪੂਰੀਆਂ ਹੁੰਦੀਆਂ ਨਹੀਂ ਦਿਸਦੀਆਂ। ਰੋਟੀ ਕਮਾਕੇ ਖਾਣੀ ਦੇਸ਼ ਨਾਲੋਂ ਭੀ ਦੂਭਰ ਲਗਦੀ ਹੈ। ਠੰਡ ਵਿਚੋਂ ਕੈਨੇਡਾ ਨਿਵਾਸੀ ਭਜਕੇ ਸੂਟ ਬੂਟ ਪਾ ਕੇ ਭਾਰਤ ਵਿਚ ਹਾਲੀਡੇ ਕਰਕੇ ਅੱਗ ਲਾ ਆਏ ਸਨ — ਉਹ ਵੇਲੇ ਚੇਤੇ ਆਉਂਦੇ ਹਨ। ਉਹੀ ਬੰਦਿਆਂ ਨੂੰ ਲਿਬੜੇ ਤਿਬੜੇ ਕੱਪੜਿਆਂ ਵਿਚ ਖੇਤਾਂ ਵਿਚ ਝੱਖ ਮਾਰਦੇ ਵੇਖਕੇ ਉਚੀਆਂ ਆਸਾਂ ਦਾ ਭਾਂਡਾ ਕੜਾਕ ਟੁਟ ਜਾਂਦਾ ਹੈ। ਖਾਂਦੇ ਪੀਂਦੇ ਘਰਾਂ ਦੇ ਮੁੰਡੇ ਕੁੜੀਆਂ ਆ ਕੇ ਜਦ ਵੇਖਦੇ ਹਨ ਕਿ ਕੈਨੇਡਾ ਰੋਟੀ ਤਾਂ ਬੜੀ ਔਖੀ ਕਮਾਈ ਜਾਂਦੀ ਹੈ ਤਾਂ ਉਨ੍ਹਾਂ ਦੇ ਨਾਨੀ ਚੇਤੇ ਆਉਂਦੀ ਹੈ। ਜਦ ਉਹ ਵੇਖਦੇ ਹਨ ਕਿ ਉਨ੍ਹਾਂ ਦੀ ਪੁਜ਼ੀਸ਼ਨ ਸਰਦਾਰਾਂ ਤੋਂ ਸਾਂਝੀਆਂ ਵਰਗੀ ਬਣ ਗਈ ਹੈ ਤੇ ਉਨ੍ਹਾਂ ਦੀ ਪਦਵੀ ਇਕ ਝਟਕੇ ਨਾਲ ਹੀ ਸੌ ਫੁਟ ਡਿਗ ਪਈ ਹੈ — ਇਹ ਗੱਲ ਮਨੋਵਿਗਿਆਨਕ ਤੌਰ ਤੇ ਮਨਜ਼ੂਰ ਨਹੀਂ ਕਰਦੇ ਭਾਵੇਂ ਸਚਾਈ ਉਨ੍ਹਾਂ ਦੇ ਸਾਹਮਣੇ ਹੈ।

ਇਸ ਸੱਟ ਨਾਲ ਬਹੁਤ ਹੀ ਲੋਕ ਇਸ ਗੱਲ ਨੂੰ ਭੁਲਣ ਲਈ ਦੱਬਕੇ ਸ਼ਰਾਬ ਪੀਣ ਲੱਗ ਜਾਂਦੇ ਹਨ। ਇਸ ਕਹਾਣੀ ਨੂੰ ਚਲਦਿਆਂ ਚਾਰ ਪੰਜ ਸਾਲ ਲਗ ਜਾਂਦੇ ਹਨ। ਇਸਤੋਂ ਇਲਾਵਾ ਨਵੇਂ ਆਏ ਇਮੀਗਰੈਂਟਾਂ ਨੂੰ ਕਿਰਾਇਆ ਵਾਪਸ ਦੇਣਾ, ਨੌਕਰੀ ਲੈਣੀ, ਰਹਿਣ ਲਈ ਥਾਂ ਵੇਖਣੀ ਇਤਿਆਦਿ ਔਕੜਾ ਭੀ ਆਉਂਦੀਆਂ ਹਨ। ਕਈਆਂ ਦਾ ਇਸ ਗੇੜ ਵਿਚ ਵਿਆਹ ਆਲਰੇਡੀ ਹੋ ਚੁਕਿਆ ਹੁੰਦਾ ਹੈ ਤੇ ਚਾਰ ਕੁ ਸਾਲ ਬਾਦ ਇਕੋ ਦੋ ਬੱਚੇ ਭੀ ਪਰਮਾਤਮਾ ਬਖਸ਼ ਦੇਂਦਾ ਹੈ। ਗਰੋਸਰੀ ਲਿਆਉਣੀ, ਮਾਰਟਗੇਜ਼ ਜਾ ਕਿਰਾਇਆ ਦੇਣਾ ਤੇ ਨਾਲ ਹੀ ਜ਼ਨਾਨੀ ਕਹਿੰਦੀ ਹੈ ਫਲਾਣਿਆਂ ਦੇ ਨਵੇਂ ਕਰਟਨ, ਸੋਫਾ ਸੈਟ ਤੇ ਡਾਇਨਿੰਗ ਸੈਟ ਲਿਆਂਦਾ ਹੈ ਇਹੋ ਜਿਹਾ ਘਣ ਚੱਕਰ ਚਲਦਾ ਹੈ ਕਿ ਬੰਦਾ ਭੰਵਲਭੂਸੇ 'ਚ ਫਸ ਜਾਂਦਾ ਹੈ — ਇਸ ਗੱਲ ਨੂੰ ਸਾਡੇ ਲੋਕ ਕਬੀਲਦਾਰੀ ਕਹਿੰਦੇ ਹਨ — ਕਬੀਲਦਾਰੀਏ ਨੀ ਕਬੀਲਦਾਰੀਏ ਨਾ ਤੂੰ ਜਿਉਂਦਾ ਰੱਖਦੀ ਹੈਂ, ਨਾ ਤੂੰ ਮਾਰਦੀ ਏਂ।

ਜਦ ਪਹੁੰਚ ਤੋਂ ਟੱਪਕੇ ਵੱਡੇ ਘਰ ਤੇ ਮਹਿੰਗੀਆਂ ਚੀਜ਼ਾਂ ਲੋਕ ਆਪਣਾ ਘੁਮੰਡ ਉਚਾ ਕਰਨ ਲਈ ਲੈਂਦੇ ਹਨ, ਉਸਦਾ ਨਤੀਜਾ ਆਖਰ ਵਿਚ ਇਹ ਨਿਕਲਦਾ ਹੈ ਕਿ ਨਾ ਹੀ ਘਰ ਤੇ ਨਾ ਹੀ ਪਤਨੀ ਰਹਿੰਦੀ ਹੈ। ਤੇ ਕਈ ਵਾਰੀ ਮਰਦ ਜਾਂ ਔਰਤ ਦਿਮਾਗੀ ਰੋਗ ਦਾ ਸ਼ਿਕਾਰ ਹੋ ਜਾਂਦਾ ਹੈ। ਪਰਵਾਰ ਦੇ ਉਖੜਣ ਨਾਲ ਸ਼ਰਾਬ ਪੀ ਕੇ ਗਮ ਨੂੰ ਭੁਲਾਉਣ ਨਾਲ ਮੁਸ਼ਕਲਾਂ ਜ਼ਰਬ ਖਾ ਜਾਂਦੀਆਂ ਹਨ। ਰਿਵਰਵਿਊ ਹਸਪਤਾਲ ਵਿਚ ਦਾਖਲ ਹੋਣ ਵਾਲਿਆਂ ਦੀ ਗਿਣਤੀ ਵਿਚੋਂ 95 ਪਰਸੈਂਟ ਸ਼ਰਾਬ ਪੀਣ ਵਾਲੇ ਹਨ।

ਜੇ ਬੰਦਾ ਉਤਲੇ ਚੱਕਰ ਚੋਂ ਨਿਕਲਕੇ ਪਰਵਾਰ ਪਾਲ ਭੀ ਲਵੇ ਤਾਂ ਜਦ ਬੱਚੇ ਨੌਜੁਆਨ ਹੁੰਦੇ ਹਨ ਤਾਂ ਪਤਾ ਚਲਦਾ ਹੈ ਕਿ ਮਾਂ ਪਿਉ ਤੇ ਬੱਚਿਆਂ 'ਚ ਪਾੜਾ ਬਹੁਤ ਹੀ ਵੱਡਾ ਹੋ ਗਿਆ ਹੈ। ਬੱਚਿਆਂ ਦੀ ਸੋਚਣੀ, ਰਹਿਣੀ ਬਹਿਣੀ ਬਿਲਕੁਲ ਹੀ ਮਾਂ ਪਿਉ ਦੇ ਖਿਆਲਾਂ ਤੋਂ ਉਲਟ ਹੈ। ਉਹ ਆਪਣੇ ਮਾਂ ਪਿਉ ਦੇ ਖਿਆਲਾਂ ਦਾ ਵਿਰੋਧ ਕਰਦੇ ਹਨ ਤੇ ਆਪਣੀ ਬਰਾਬਰਤਾ ਬਰਕਰਾਰ ਕਰਨ ਲਈ ਜਦੋ ਜਹਿਦ ਕਰਦੇ ਹਨ। ਇਹ ਲੜਾਈ ਇੰਨੀ ਗਹਿਰੀ ਤੇ ਗੰਭੀਰ ਹੋ ਜਾਂਦੀ ਹੈ ਕਿ ਕਈ ਵਾਰ ਬੱਚੇ ਜਾਂ ਮਾਪਿਆਂ ਨੂੰ ਦਿਮਾਗੀ ਰੋਗ ਲੱਗ ਜਾਂਦੇ ਹਨ।

ਸਮਾਜਕ ਕਦਰਾਂ ਤੇ ਕੀਮਤਾਂ ਦਾ ਭੀ ਬੜਾ ਭੇੜ ਪੈਂਦਾ ਹੈ। ਜੋ ਲੋਕ ਆਪਦੇ ਬਜ਼ੁਰਗਾਂ ਨੂੰ ਮੰਗਵਾ ਲੈਂਦੇ ਹਨ ਤਾਂ ਬਜ਼ੁਰਗ ਚਾਹੁੰਦੇ ਹਨ ਉਨ੍ਹਾਂ ਦੀ ਉਸੇ ਤਰ੍ਹਾਂ ਇਜ਼ਤ ਹੋਵੇ ਜਿਸ ਤਰ੍ਹਾਂ ਦੇਸ਼ ਵਿਚ ਹੁੰਦੀ ਸੀ ਪਰ ਪਰਵਾਰ ਉਨ੍ਹਾਂ ਨੂੰ ਫਾਰਮਾਂ ਵਿਚ ਬੇਰੀ ਤੋੜਨ ਭੇਜ ਦੇਂਦੇ ਹਨ ਤੇ ਬਜ਼ੁਰਗਾਂ ਦਾ ਚੈਕ ਭੀ ਮੰਗਦੇ ਹਨ ਜਾਂ ਕਹਿੰਦੇ ਹਨ ਕਿ ਸਾਨੂੰ ਰੂਮ ਅਤੇ ਬੋਰਡ ਦਿਤਾ ਜਾਵੇ ਕਿਉਂਕਿ ਕੈਨੇਡਾ ਦਾ ਵਾਤਾਵਰਣ ਬੜਾ ਵੱਖਰਾ ਹੈ। ਇਸ ਵੱਖਰੇ ਵਾਤਾਵਰਣ ਨੇ ਬਹੁਤ ਸਾਰੇ ਆਏ ਬਜ਼ੁਰਗਾਂ ਤੇ ਨੌਜੁਆਨਾਂ ਦੇ ਸਿਰ ਚੁਕ ਦਿਤੇ ਹਨ। ਜਦ ਸਮਰ ਵਿਚ ਪਾਰਕਾਂ ਵਿਚ ਗੋਰੀਆਂ ਬਿਕੀਨੀਆਂ ਪਾਈਆਂ ਫਿਰਦੀਆਂ ਹਨ ਤਾਂ ਨਵੇਂ ਆਏ ਇਮੀਗਰੈਂਟ ਟੇਢੀ ਅੱਖ ਨਾਲ ਵੇਖਦੇ ਹਨ। ਉਨ੍ਹਾਂ ਦੇ ਮਨ ਵਿਚ ਬੜੀ ਬੇਚੈਨੀ ਤੇ ਗੜਬੜ ਹੋ ਜਾਂਦੀ ਹੈ, ਵੇਖਕੇ ਇਹ ਕੀ ਭਾਣਾ ਵਰਤ ਰਿਹਾ ਹੈ। ਇਹ ਤੇਜ਼ੀ ਵਾਲਾ ਤੇ ਨਵਾਂ ਵਾਤਾਵਰਣ ਭੀ ਸਿਰ ਹਿਲਾ ਦਿੰਦਾ ਹੈ ਤੇ ਦਿਮਾਗ ਤੇ ਪਰੈਸ਼ਰ ਵੱਧ ਜਾਂਦਾ ਹੈ।

ਇਸਤਰੀ ਪੁਰਸ਼ ਦਾ ਇਕ ਦੂਜੇ ਤੋਂ ਭਰੋਸਾ ਚਲਿਆ ਜਾਣਾ ਭੀ ਇਸ ਨਵੇਂ ਇਨਡਸਟਰੀ ਵਾਲੇ ਯੁਗ ਤੇ ਵਾਤਾਵਰਣ ਦੀ ਦੇਣ ਹੈ। ਇਸ ਬੇਭਰੋਸੇ ਨਾਲ ਭੀ ਗੜਬੜ ਬਹੁਤ ਵਧਦੀ ਹੈ। ਕੈਨੇਡਾ ਦੀ ਸੁਸਾਇਟੀ ਦਾ ਸਾਡੇ ਉਤੇ ਜ਼ਬਰਦਸਤ ਅਸਰ ਪੈ ਰਿਹਾ ਹੈ ਜਿਸਨੂੰ ਅਸੀਂ ਚੰਗਾ ਨਹੀਂ ਸਮਝਦੇ ਪਰ ਹੜੱਪੇ ਜਾ ਰਹੇ ਹਾਂ। ਇਹ ਭੀ ਫਿਕਰ ਹੈ ਕਿ ਤੀਜੀ ਪੁਸ਼ਤ ਤੱਕ ਸਾਡਾ ਖਾਤਮਾ ਹੋ ਜਾਣਾ ਹੈ। ਮੈਂ ਤੀਜੀ ਪੁਸ਼ਤ ਦੇ ਵੀਹ ਕੁ ਪਰਵਾਰਾਂ ਵੱਲ ਧਿਆਨ ਮਾਰਿਆ ਸੀ, ਉਨ੍ਹਾਂ ਵਿਚੋਂ ਕਿਸੇ ਨੂੰ ਭਾਰਤੀ ਜ਼ਬਾਨ ਨਹੀਂ ਆਉਂਦੀ ਤੇ ਉਹ ਨਿਰੇ ਗੋਰੇ ਬਣ ਗਏ ਹਨ। ਕਈ ਲੋਕ ਭੁਲੇਖਿਆਂ ਵਿਚ ਹਨ ਕਿ ਸਾਡੀ ਔਲਾਦ ਦਾ ਭਵਿਖ ਵਿਚ ਕੀ ਹੋਵੇਗਾ ਭਾਵੇਂ ਨਤੀਜਾ ਉਨ੍ਹਾਂ ਦੇ ਸਾਹਮਣੇ ਹੈ। ਲੋਕ ਸੱਚ ਮੰਨਣ ਤੋਂ ਮੁਨਕਰ ਹਨ।

ਇਹ ਉਤਲੇ ਕੁਝ ਕੁ ਸਮਾਜਕ ਸਬੱਬ ਹਨ ਜੋ ਕਿ ਸਾਡੇ ਲੋਕਾਂ ਨੂੰ ਦਿਮਾਗੀ ਰੋਗ ਲਾਉਂਦੇ ਹਨ। ਭਾਵੇਂ ਹਸਪਤਾਲਾਂ ਵਿਚ ਅਜੇ ਗਿਣਤੀ ਥੋੜੀ ਹੈ ਪਰ ਵਧੇਰੀ ਗਿਣਤੀ ਵਾਲੇ ਨੀਮ-ਪਾਗਲ ਅਜੇ ਘਰਾਂ ਵਿਚ ਹੀ ਬੈਠੇ ਹਨ। ਕੈਨੇਡਾ ਦੇ ਸਮਾਜਕ ਅੰਸਰਾਂ ਤੋਂ ਅਸੀਂ ਕਦੇ ਵਾਂਝੇ ਨਹੀਂ ਰਹਿ ਸਕਦੇ।

ਸਿਵਿਆਂ ਦੀ ਅੱਗ ਬੱਲੀਆਂ ਉਤੇ ਰੱਖੀ ਹੈ !!
ਸੱਚ - ਕੁਤੱਤਣ, ਜਦੋਂ ਕਦੇ ਵੀ ਚੱਖੀ ਹੈ !!

ਓਹੀ ਮੇਰੀ ਅਜ਼ਮਤ ਦਾ ਹੈ ਦੁਸ਼ਮਣ ਅੱਜ !
ਜਿਸ ਦੀ ਇੱਜ਼ਤ ਮੈਂ ਹੀ ਹਮੇਸ਼ਾਂ ਰੱਖੀ ਹੈ।



ਵੱਖ ਵੱਖ ਵਾਰਦਾਤਾਂ ’ਚ 3 ਹਲਾਕ - 2 ਫੱਟੜ

ਚੰਡੀਗੜ੍ਹ — ਪੰਜਾਬ ਵਿਚ ਵਾਪਰੀਆਂ ਹਿੰਸਕ ਵਾਰਦਾਤਾਂ ਦੌਰਾਨ ਦੋ ਵਿਅਕਤੀ ਮਾਰੇ ਗਏ ਜਦ ਕਿ ਦੋ ਹੋਰ ਫੱਟੜ ਹੋਏ। ਅਣਪਛਾਤੇ ਸ਼ੱਕੀ ਬੰਦੇ ਵਾਰਦਾਤਾਂ ਕਰਨ ਪਿਛੋਂ ਫਰਾਰ ਹੋਣ ਵਿਚ ਸਫਲ ਹੋ ਗਏ। ਦੂਜੇ ਪਾਸੇ ਪੁਲਸ ਅਤੇ ਨੀਮ ਫੌਜੀ ਦਲਾਂ ਨੇ 14 ਹੋਰ ਸ਼ੱਕੀ ਵਿਅਕਤੀ ਫੜਨ ਦਾ ਦਾਅਵਾ ਕੀਤਾ ਹੈ। ਜ਼ਿਲਾ ਬਠਿੰਡਾ ਵਿਚ ਨਥਾਣਾ ਨੇੜੇ ਇਕ ਬੈਂਕ ਲੁਟੇ ਜਾਣ ਦਾ ਸਮਾਚਾਰ ਹੈ। ਜਗਰਾਉਂ ਨੇੜੇ ਇਕ ਵਿਅਕਤੀ ਤੋਂ 800 ਰੁਪੈ ਅਤੇ ਇਕ ਹੋਰ ਥਾਂ ਤੇ ਇਕ ਸਕੂਟਰ ਖੋਹੇ ਜਾਣ ਦੀਆਂ ਖਬਰਾਂ ਮਿਲੀਆਂ ਹਨ।

ਪਤੀ ਪਤਨੀ ਦਾ ਕਤਲ

ਫਿਰੋਜ਼ਪੁਰ ਦੇ ਨੇੜੇ ਇਕ ਪਿੰਡ ਵਿਚ ਕੁਝ ਸ਼ੱਕੀ ਬੰਦਿਆਂ ਨੇ ਦੋ ਵਿਅਕਤੀਆਂ ਨੂੰ ਕਤਲ ਕਰ ਦਿਤਾ ਅਤੇ ਫਰਾਰ ਹੋ ਗਏ। ਕਤਲ ਹੋਏ ਵਿਅਕਤੀ ਦੋਨੇ ਪਤੀ ਪਤਨੀ ਦੱਸੇ ਜਾਂਦੇ ਹਨ। ਦੋਨਾਂ ਨੂੰ ਤੇਜ਼ਧਾਰ ਹਥਿਆਰਾਂ ਨਾਲ ਕਤਲ ਕੀਤਾ ਗਿਆ। ਪ੍ਰਾਪਤ ਸੂਚਨਾ ਅਨੁਸਾਰ ਉਕਤ ਦੋਨੋ ਮ੍ਰਿਤਕ ਪਤੀ-ਪਤਨੀ ਇਕ ਧਾਰਮਿਕ ਅਸਥਾਨ ਦੇ ਸੇਵਾਦਾਰ ਦੱਸੇ ਜਾਂਦੇ ਹਨ ਅਤੇ ਜਦੋਂ ਉਹ ਰਾਤ ਨੂੰ ਆਪਣੇ ਕਮਰੇ ਵਿਚ ਸੁੱਤੇ ਹੋਏ ਸਨ ਤਾਂ ਕਿਸੇ ਨੇ ਦਰਵਾਜ਼ਾ ਖੜਕਾਇਆ ਅਤੇ ਜਦ ਦਰਵਾਜ਼ਾ ਖੋਲ੍ਹਿਆ ਗਿਆ ਤਾਂ ਕਥਿਤ ਹਮਲਾਵਰਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਉਨ੍ਹਾਂ ਨੂੰ ਕਤਲ ਕਰ ਦਿਤਾ ਤੇ ਹਨੇਰੇ ਦਾ ਲਾਭ ਉਠਾਉਂਦੇ ਹੋਏ ਫਰਾਰ ਹੋ ਗਏ। ਮ੍ਰਿਤਕਾਂ ਦੇ ਨਾਵਾਂ ਬਾਰੇ ਅਜੇ ਤੱਕ ਪਤਾ ਨਹੀਂ ਲੱਗਿਆ। ਪੁਲਸ ਨੇ ਮੌਕੇ ਤੇ ਪੁਜ ਕੇ ਸਾਰੀ ਸਥਿਤੀ ਦਾ ਜਾਇਜ਼ਾ ਲਿਆ ਤੇ ਕਾਤਲਾਂ ਦੀ ਤਲਾਸ਼ ਸ਼ੁਰੂ ਕਰ ਦਿਤੀ।

ਪਟਰੌਲ ਪੰਪ ਲੁੱਟ ਲਿਆ

ਲੁਧਿਆਣਾ ਤੋਂ ਮਿਲੀ ਸੂਚਨਾ ਅਨੁਸਾਰ ਤਿੰਨ ਹਥਿਆਰਬੰਦ ਨੌਜਵਾਨਾਂ ਨੇ ਪਿਸਤੌਲ ਦੀ ਨੋਕ ਤੇ ਰਾਏਕੋਟ ਦੇ ਨੇੜੇ ਇਕ ਪਟਰੌਲ ਪੰਪ ਤੋਂ 14 ਹਜ਼ਾਰ ਰੁਪਏ ਤੋਂ ਜ਼ਿਆਦਾ ਰਕਮ ਖੋਹ ਲਈ ਅਤੇ ਫਰਾਰ ਹੋ ਗਏ। ਪੁਲਸ ਅਨੁਸਾਰ ਲੁਟੇਰੇ ਸਕੂਟਰ ਤੇ ਸਵਾਰ ਸਨ। ਇਸ ਦੌਰਾਨ ਸਥਾਨਕ ਲੱਕੜ ਬਾਜ਼ਾਰ ਵਿਚੋਂ ਬੀਤੀ ਰਾਤ ਇਕ ਕਾਰ ਚੋਰੀ ਹੋਣ ਦੀ ਸੂਚਨਾ ਹੈ।

ਸ਼ੱਕੀ ਬੰਦੇ ਫੜੇ ਗਏ

ਬਠਿੰਡਾ ਜ਼ਿਲਾ ਪੁਲਸ ਨੇ ਇਥੋਂ ਚਾਰ ਕਿਲੋਮੀਟਰ ਦੂਰ ਬੀਰ ਤਾਲਾਬ ਪਿੰਡ ਵਿਖੇ ਦੋ ਸ਼ੱਕੀ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ। ਉਹ ਟੀ-ਸਟਾਲ ਦੇ ਇਕ ਮਾਲਕ ਨੂੰ ਪਿਸਤੌਲ ਦੀ ਨੋਕ ਤੇ ਲੁੱਟਣ ਦੀ ਯੋਜਨਾ ਬਣਾ ਰਹੇ ਸਨ ਕਿ ਫੜ ਲਏ ਗਏ। ਪੁਲਸ ਨੇ ਉਨ੍ਹਾਂ ਪਾਸੋਂ ਦੋ ਪਿਸਤੌਲ ਅਤੇ ਕਈ ਕਾਰਆਮਦ ਕਾਰਤੂਸ ਬਰਾਮਦ ਕੀਤੇ।

ਅਧਿਆਪਕ ਨੂੰ ਗੋਲੀ ਮਾਰੀ

ਹੁਸ਼ਿਆਰਪੁਰ ਤੋਂ ਪੰਦਰਾਂ ਕਿਲੋਮੀਟਰ ਦੂਰ ਪਿੰਡ ਖਾਨਪੁਰ ਨੇੜੇ ਦੋ ਬੰਦਿਆਂ ਨੇ ਪਿੰਡ ਮੇਘੋਵਾਲ ਦੇ ਇਕ ਸਕੂਲ ਅਧਿਆਪਕ ਨੂੰ ਗੋਲੀ ਮਾਰ ਦਿਤੀ ਜਿਸ ਕਾਰਨ ਉਹ ਫੱਟੜ ਹੋ ਗਿਆ। ਗੋਲੀ ਖੱਬੇ ਮੋਢੇ ਵਿਚ ਲੱਗੀ ਹੈ। ਦੱਸਿਆ ਗਿਆ ਹੈ ਕਿ ਧਰਮਪਾਲਅਜੜਾਮ ਦੇ ਸਕੂਲ ਵਿਚ ਪੜ੍ਹਾਉਣ ਮਗਰੋਂ ਸਕੂਟਰ ਤੇ ਆਪਣੇ ਪਿੰਡ ਪਰਤ ਰਿਹਾ ਸੀ ਕਿ ਖਾਨਪੁਰ ਨੇੜੇ ਦੋ ਬੰਦਿਆਂ ਨੇ ਉਸ ਨੂੰ ਚਾਕੂ ਦਿਖਾਕੇ ਰੋਕਣ ਦਾ ਯਤਨ ਕੀਤਾ ਪਰ ਉਹ ਨਾ ਰੁਕਿਆ ਤਾਂ ਪਿਛੋਂ ਹਮਲਾਵਰਾਂ ਨੇ ਗੋਲੀ ਚਲਾਕੇ ਉਸ ਨੂੰ ਫੱਟੜ ਕਰ ਦਿੱਤਾ। ਇਸੇ ਦੌਰਾਨ ਪੁਲਸ ਨੇ ਬਸੀ ਬਾਹੀਆਂ ਦੇ ਇਕ ਵਿਅਕਤੀ ਬਲਬੀਰ ਸਿੰਘ ਨੂੰ ਗ੍ਰਿਫਤਾਰ ਕਰਕੇ ਉਸ ਤੋਂ ਜਰਮਨ ਸਾਖਤ ਦਾ ਰਿਵਾਲਵਰ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ।

ਜ਼ਿਲਾ ਗੁਰਦਾਸਪੁਰ ’ਚ ਕਈ ਫੜੇ

ਪੀ ਟੀ ਆਈ ਦੀ ਸੂਚਨਾ ਅਨੁਸਾਰ ਨੀਮ ਫੌਜੀ ਦਲਾਂ ਅਤੇ ਪੁਲਸ ਨੇ ਜ਼ਿਲਾ ਗੁਰਦਾਸਪੁਰ ਵਿਚ ਵੱਖ ਵੱਖ ਥਾਵਾਂ ਤੋਂ ਗਿਆਰਾਂ ਸ਼ੱਕੀ ਬੰਦਿਆਂ ਨੂੰ ਗ੍ਰਿਫਤਾਰ ਕੀਤਾ ਹੈ। ਜ਼ਿਲਾ ਪੁਲਸ ਮੁਖੀ ਸ੍ਰੀ ਜੇ ਪੀ ਬਿਰਦੀ ਨੇ ਦੱਸਿਆ ਕਿ ਪੁਲਸ ਨੇ ਬਟਾਲਾ ਤੋਂ ਸੁਰਜੀਤ ਸਿੰਘ, ਕਿਰਪਾਲ ਸਿੰਘ, ਗੁਰਬਚਨ ਸਿੰਘ ਅਤੇ ਭੁਪਿੰਦਰ ਸਿੰਘ ਨੂੰ ਅਤੇ ਸ੍ਰੀ ਹਰਿਗੋਬਿੰਦਪੁਰ ਤੋਂ ਪਰਮਜੀਤ ਸਿੰਘ ਨੂੰ ਗ੍ਰਿਫਤਾਰ ਕੀਤਾ। ਉਸ ਨੇ ਬਟਾਲਾ ਨੇੜੇ ਇਕ ਬੱਸ ਵਿਚ ਸਫਰ ਕਰਦੇ ਤਰਸੇਮ ਸਿੰਘ ਅਤੇ ਮਲਕ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਉਹਨਾਂ ਪਾਸੋਂ ਤੀਹ ਬੋਰ ਦਾ ਪਿਸਤੌਲ ਅਤੇ 22 ਕਾਰਤੂਸ ਬਰਾਮਦ ਕੀਤੇ ਗਏ। ਇਸ ਦੌਰਾਨ ਨੀਮ-ਫੌਜੀ ਫੋਰਸ ਨੇ ਦਿਆਲਗੜ੍ਹ ਪਿੰਡ ਵਿਚ ਛਾਪਾ ਮਾਰਕੇ ਚਾਰ ਸ਼ੱਕੀ ਬੰਦਿਆਂ ਨੂੰ ਗ੍ਰਿਫਤਾਰ ਕੀਤਾ ਜਿਨ੍ਹਾਂ ਦੇ ਨਾਂਅ ਬਲਜੀਤ ਸਿੰਘ, ਪ੍ਰੀਤਮ ਸਿੰਘ, ਕੈਲਾਸ਼ ਸਿੰਘ ਅਤੇ ਹਰਬੰਸ ਸਿੰਘ ਦੱਸੇ ਗਏ ਹਨ।

ਬੈਂਕ ਦਾ ਗਾਰਡ ਹਲਾਕ

ਪਾਇਲ ਤੋਂ ਤਿੰਨ ਵਿਅਕਤੀਆਂ ਨੇ ਇਕ ਟੈਕਸੀ ਕਿਰਾਏ ਤੇ ਲਈ ਅਤੇ ਖੰਨਾ ਵੱਲ ਜਾਣ ਲਈ ਕਿਹਾ। ਪਰ ਪਿੰਡ ਦਾਊਮਾਜਰਾ ਕੋਲ ਉਹਨਾ ਪਿਸਤੌਲ ਦਿਖਾ ਕੇ ਟੈਕਸੀ ਡਰਾਈਵਰ ਨੂੰ ਉਤਾਰ ਦਿਤਾ ਅਤੇ ਟੈਕਸੀ ਲੈ ਕੇ ਭੱਜ ਗਏ। ਮੰਡੀ ਗੋਬਿੰਦਗੜ੍ਹ ਪੁਜ ਕੇ ਉਹਨਾਂ ਸਟੇਟ ਬੈਂਕ ਆਫ ਪਟਿਆਲਾ ਤੇ ਡਾਕਾ ਮਾਰਨ ਦਾ ਅਸਫਲ ਯਤਨ ਕੀਤਾ ਅਤੇ ਬੈਂਕ ਦੇ ਗਾਰਡ ਨੂੰ ਗੋਲੀ ਮਾਰ ਕੇ ਹਲਾਕ ਕਰ ਦਿੱਤਾ। ਪਿਛੋਂ ਇਹ ਟੈਕਸੀ ਖੁਮਾਣੋਂ ਨੇੜੇ ਚਿੜੀ ਪਿੰਡ ਵਿਚ ਇਕ ਟਿਊਬਵੈਲ ਪਾਸੋਂ ਮਿਲੀ।

ਅਸੀਂ ਕਾਹਦੇ ਚੇਅਰਮੈਨ ....

ਬਰਨਾਲਾ — ਪੰਜਾਬ ਦੇ ਬੋਰਡਾਂ ਤੇ ਕਾਰਪੋਰੇਸ਼ਨਾਂ ਦੇ ਨਵੇਂ ਨਿਯੁਕਤ ਕੀਤੇ ਚੇਅਰਮੈਨਾਂ ਵਿਚ ਇਸ ਸਥਿਤੀ ਨੇ ਨਿਰਾਸ਼ਤਾ ਪੈਦਾ ਕੀਤੀ ਹੈ ਕਿ ਸਰਕਾਰ ਨੇ ਉਨ੍ਹਾਂ ਨੂੰ ਅਧਿਕਾਰ ਦੇਣ ਲਈ ਕੋਈ ਕਦਮ ਨਹੀਂ ਲਿਆ। ਸਿਟੇ ਵਜੋਂ ਅਫਸਰ ਪਹਿਲਾਂ ਦੀ ਤਰ੍ਹਾਂ ਮਨਮਾਨੀਆਂ ਕਰ ਰਹੇ ਹਨ। ਕੁਝ ਕੇਸਾਂ ਵਿਚ ਬਦਲੀ ਜਿਹੇ ਮਾਮੂਲੀ ਕੰਮ ਵੀ ਚੇਅਰਮੈਨ ਨਹੀਂ ਕਰਵਾ ਸਕੇ। ਪਤਾ ਲੱਗਿਆ ਹੈ ਕਿ ਬੋਰਡਾਂ ਤੇ ਕਾਰਪੋਰੇਸ਼ਨਾਂ ਦੇ ਚੇਅਰਮੈਨ, ਜਿਨ੍ਹਾਂ ਵਿਚੋਂ ਕਈ ਵਿਧਾਇਕ ਵੀ ਹਨ, ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੂੰ ਇਸ ਬਾਰੇ ਦੋ-ਤਿੰਨ ਵਾਰ ਵੱਖ ਵੱਖ ਤੇ ਇਕ ਵਾਰ ਇਕੱਠੇ ਵੀ ਮਿਲ ਚੁਕੇ ਹਨ। ਉਨ੍ਹਾਂ ਨੇ ਬੋਰਡਾਂ ਤੇ ਕਾਰਪੋਰੇਸ਼ਨਾਂ ਵਿਚ ਪਹਿਲਾਂ ਦੇ ਨਿਯੁਕਤ ਕੁਝ ਅਫਸਰ ਬਦਲਣ ਅਤੇ ਚੇਅਰਮੈਨਾਂ ਨੂੰ ਅਧਿਕਾਰ ਦੇਣ ਦੀ ਮੰਗ ਕੀਤੀ ਹੈ। ਮੁੱਖ ਮੰਤਰੀ ਨੇ ਹਰ ਵਾਰ ‘ਹਾਂ’ ਕਹੀ ਹੈ, ਪਰ ਅਜੇ ਤਕ ਕੋਈ ਕਾਰਵਾਈ ਨਹੀਂ ਹੋਈ। ਇਸ ਸਥਿਤੀ ਕਾਰਨ ਕਈ ਚੇਅਰਮੈਨ ਆਪਸੀ ਗੱਲਬਾਤ ਵਿਚ ਕਹਿੰਦੇ ਹਨ ਕਿ “ਸਾਨੂੰ ਤਾਂ ਚੇਅਰਮੈਨ ਨਾ ਹੀ ਸਮਝੋ।”

ਅਕਾਲੀ ਵਰਕਰਾਂ ਵਿਚ ਇਹ ਆਮ ਚਰਚਾ ਹੈ ਕਿ ਸ੍ਰੀ ਬਰਨਾਲਾ ਆਪਣੇ ਵਰਕਰਾਂ ਦੀ ਥਾਂ ਅਫਸਰਾਂ ਉਤੇ ਵਧੇਰੇ ਟੇਕ ਰੱਖ ਰਹੇ ਹਨ ਭਾਵੇਂ ਕਿ ਉਨ੍ਹਾਂ ਨੂੰ ਮੁੱਖ ਮੰਤਰੀ ਦੀ ਕੁਰਸੀ ਉਤੇ ਅਫਸਰਾਂ ਨੇ ਨਹੀਂ ਵਰਕਰਾਂ ਦੀ ਕੁਰਬਾਨੀ ਨੇ ਪਹੁੰਚਾਇਆ ਹੈ। ਕੁਝ ਤਾਂ ਇਹ ਕਹਿੰਦੇ ਸੁਣੇ ਗਏ ਹਨ ਕਿ ‘ਇਸ ਮਾਮਲੇ ਵਿਚ ਬਰਨਾਲਾ ਸਰਕਾਰ ਉਤੇ ਦਰਬਾਰਾ ਸਿੰਘ ਸਰਕਾਰ ਦਾ ਹੀ ਸਾਇਆ ਹੈ।’ ਵਰਨਣਯੋਗ ਹੈ ਕਿ ਸ੍ਰੀ ਦਰਬਾਰਾ ਸਿੰਘ ਨੇ ਵੀ ਆਪਣੇ ਰਾਜ ਕਾਲ ਦੌਰਾਨ ਕਾਂਗਰਸੀ ਵਰਕਰਾਂ ਨੂੰ ਨਜ਼ਰਅੰਦਾਜ਼ ਕੀਤਾ ਸੀ।

ਬਾਦਲ ਦਾ ਕੋਈ ਅਹੁਦਾ ਨਾ ਲੈਣ ਦਾ ਬਿਆਨ ਗਲਤ ਸਾਬਤ — ਜ਼ੀਰਾ

ਫਿਰੋਜ਼ਪੁਰ — ਹਾਊਸਿੰਗ ਸ਼ਹਿਰੀ ਵਿਭਾਗ ਅਤੇ ਸਿੰਚਾਈ ਮੰਤਰੀ ਸ: ਹਰੀ ਸਿੰਘ ਜ਼ੀਰਾ ਨੇ ਸ: ਪ੍ਰਕਾਸ਼ ਸਿੰਘ ਬਾਦਲ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਅਪੀਲ ਕੀਤੀ ਹੈ ਕਿ ਉਹ ਬਰਨਾਲਾ ਸਰਕਾਰ ਡੇਗਣ ਅਤੇ ਪੰਥ ਨੂੰ ਦੋਫਾੜ ਕਰਕੇ ਖਾਲਸਾ ਪੰਥ ਦੇ ਗਦਾਰ ਨਾ ਬਣਨ। ਉਹਨਾਂ ਕਿਹਾ ਕਿ ਪੰਜਾਬ ਦਾ ਮਾਹੌਲ ਵਿਗਾੜਨ ਲਈ ਸ: ਬਾਦਲ ਅਤੇ ਸ: ਦਰਬਾਰਾ ਸਿੰਘ ਦੀਆਂ ਸਰਕਾਰਾਂ ਜ਼ੁੰਮੇਵਾਰ ਹਨ। ਉਹਨਾਂ ਕਿਹਾ ਕਿ ਸ: ਬਾਦਲ ਵਲੋਂ ਥੋੜੇ ਦਿਨ ਪਹਿਲਾਂ ਦਿਤਾ ਗਿਆ ਇਹ ਬਿਆਨ ਕਿ ਮੈਂ ਕੋਈ ਅਹੁਦਾ ਹਾਸਲ ਨਹੀਂ ਕਰਾਂਗਾ, ਗਲਤ ਸਾਬਤ ਹੋਇਆ। ਉਹਨਾਂ ਕਿਹਾ ਕਿ ਜੇਕਰ ਇਹ ਗਲ ਸੀ ਤਾਂ ਫੇਰ ਸ: ਬਾਦਲ ਆਪ ਪ੍ਰਧਾਨ ਕਿਵੇਂ ਬਣੇ ? ਸ: ਹਰੀ ਸਿੰਘ ਨੇ ਦੋਸ਼ ਲਾਇਆ ਕਿ ਮੁਖ ਮੰਤਰੀ ਬਣਨ ਲਈ ਸ: ਬਾਦਲ ਨੇ ਕੈਪਟਨ ਅਮਰਿੰਦਰ ਸਿੰਘ ਅਤੇ ਰਵੀਇੰਦਰ ਸਿੰਘ ਨੂੰ ਕੇਂਦਰ ਸਰਕਾਰ ਪਾਸ ਦਿੱਲੀ ਭੇਜਿਆ ਹੋਇਆ ਹੈ ਅਤੇ ਇਹ ਨਾਰਾਜ਼ ਲੀਡਰ ਹੀ ਕੇਂਦਰ ਪਾਸ ਪੰਜਾਬ ਸਮਝੌਤਾ ਰੱਦ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਹਨ। ਉਹਨਾਂ ਅਗੇ ਕਿਹਾ ਕਿ ਸ: ਬਾਦਲ ਅਤੇ ਸ: ਟੌਹੜਾ ਕੁਰਸੀ ਬਗੈਰ ਨਹੀਂ ਰਹਿ ਸਕਦੇ। ਉਹਨਾਂ ਦੋਸ਼ ਲਗਾਇਆ ਕਿ ਇਹਨਾਂ ਨੇਤਾਵਾਂ ਨੇ ਪਹਿਲਾਂ ਹੀ ਪੰਜਾਬ ਅਤੇ ਸਿੱਖ ਕੌਮ ਦਾ ਭਾਰੀ ਨੁਕਸਾਨ ਕੀਤਾ ਹੈ ਜੋ ਜਲਦੀ ਪੂਰਾ ਨਹੀਂ ਕੀਤਾ ਜਾ ਸਕਦਾ।

‘ਸੁਪਨਾ ਪੂਰਾ ਨਹੀਂ ਹੋਵੇਗਾ’

ਬਲਾਚੌਰ — ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ: ਕਾਬਲ ਸਿੰਘ ਨੇ ਇਥੋਂ ਨੇੜੇ ਪਿੰਡ ਗਹੂਲ ਵਿਚ ਆਯੋਜਿਤ ਇਕ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ‘ਖਾਲਿਸਤਾਨੀਆਂ’ ਦਾ ਸੁਪਨਾ ਪੂਰਾ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਲਾਲਡੇਂਗਾ ਵੱਖਰੇ ਮੀਜ਼ੋ ਲਈ 22 ਸਾਲ ਹਿੰਸਕ ਸੰਘਰਸ਼ ਕਰਦਾ ਰਿਹਾ ਪਰ ਅੰਤ ਉਸ ਨੂੰ ਵੀ ਭਾਰਤ ਸਰਕਾਰ ਨਾਲ ਸਮਝੌਤਾ ਕਰਨਾ ਪਿਆ। ਉਨ੍ਹਾਂ ‘ਖਾਲਿਸਤਾਨ’ ਪੱਖੀ ਸਮਰਥਕਾਂ ਨੂੰ ਹੋਸ਼ ਤੋਂ ਕੰਮ ਲੈਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਅਜਿਹੇ ਅਨਸਰਾਂ ਦੀਆਂ ਹਰਕਤਾਂ ਦਾ ਪਹਿਲਾਂ ਹੀ ਸਿੱਖ ਕੌਮ ਨੂੰ ਭਾਰੀ ਖਮਿਆਜ਼ਾ ਭੁਗਤਣਾ ਪਿਆ ਹੈ।

ਖੇਤਰੀ ਵਿਵਾਦ ਨਿਬੇੜਨ ਲਈ ਨਵਾਂ ਸੁਝਾਅ ਸ: ਗਿੱਲ ਨੇ ਪੇਸ਼ ਕਰ ਦਿੱਤਾ

ਬਸੀ ਪਠਾਣਾਂ — ਪੰਜਾਬ ਅਤੇ ਹਰਿਆਣਾ ਵਿਚਾਲੇ ਚੰਡੀਗੜ੍ਹ ਅਤੇ ਦੂਜੇ ਇਲਾਕਿਆਂ ਬਾਰੇ ਵਾਦ ਵਿਵਾਦ ਨੂੰ ਸਦਾ ਲਈ ਨਿਬੇੜਨ ਵਾਸਤੇ ਗੋਆ ਦੇ ਸਾਬਕ ਲੈਫਟੀਨੈਂਟ ਗਵਰਨਰ ਕਰਨਲ ਪ੍ਰਤਾਪ ਸਿੰਘ ਗਿੱਲ (ਰਿਟਾ:) ਨੇ ਸ: ਸੁਰਜੀਤ ਸਿੰਘ ਬਰਨਾਲਾ, ਪ੍ਰਕਾਸ਼ ਸਿੰਘ ਬਾਦਲ, ਚੌਧਰੀ ਬੰਸੀ ਲਾਲ, ਚੌਧਰੀ ਦੇਵੀ ਲਾਲ ਅਤੇ ਭਾਜਪਾ ਦੇ ਡਾ: ਬਲਦੇਵ ਪ੍ਰਕਾਸ਼ ਨੂੰ ਇਕ ਮੇਜ਼ ਦੁਆਲੇ ਇਕੱਠਾ ਕੀਤੇ ਜਾਣ ਦੀ ਸਲਾਹ ਦਿਤੀ ਹੈ। ਸ: ਗਿੱਲ ਅਨੁਸਾਰ ਇਸ ਮੀਟਿੰਗ ਵਿਚ ਸਰਕਾਰ ਦਾ ਕੋਈ ਪ੍ਰਤੀਨਿਧ ਸ਼ਾਮਲ ਨਾ ਕੀਤਾ ਜਾਵੇ ਅਤੇ ਮੀਟਿੰਗ ਜੋ ਫੈਸਲਾ ਕਰੇ ਉਸ ਬਾਰੇ ਕੇਂਦਰੀ ਸਰਕਾਰ ਨੂੰ ਜਾਣੂ ਕਰਵਾ ਦੇਵੇ। ਸ: ਗਿਲ ਦਾ ਸੁਝਾਅ ਹੈ ਕਿ ਸਬੰਧਤ ਪੱਟੀ ਸਮੇਤ ਚੰਡੀਗੜ੍ਹ ਪੰਜਾਬ ਨੂੰ ਦਿਤਾ ਜਾਵੇ ਅਤੇ ਇਸ ਦੇ ਬਦਲੇ ਹਰਿਆਣਾ ਨੂੰ ਕੇਂਦਰ ਸਹਾਰਨਪੁਰ (ਯੂ. ਪੀ.) ਜਾਂ ਅਲਵਰ (ਰਾਜਸਥਾਨ) ਦੇ ਖੇਤਰ ਦੇ ਦੇਵੇ। ਜੇਕਰ ਅਲਵਰ ਜਾਂ ਸਹਾਰਨਪੁਰ ਦੀ ਧਰਤੀ ਨਹੀਂ ਦਿਤੀ ਜਾ ਸਕਦੀ ਤਾਂ ਪੁਰਾਣੀ ਦਿੱਲੀ ਰਾਜਧਾਨੀ ਬਣਾਨ ਲਈ ਹਰਿਆਣੇ ਨੂੰ ਦੇ ਦਿੱਤੀ ਜਾਵੇ ਤਾਂ ਕਰੋੜਾਂ ਰੁਪੈ ਦਾ ਖਰਚ ਬਚ ਸਕਦਾ ਹੈ। ਇਸ ਦੌਰਾਨ ਪਤਾ ਲਗਿਆ ਹੈ ਕਿ ਪੰਜਾਬ ਦੇ ਦੋ ਸਰਹੱਦੀ ਜ਼ਿਲਿਆਂ ਵਿਚਲੀ ਸਥਿਤੀ ਦਾ ਜਾਇਜ਼ਾ ਲੈਣ ਲਈ ਜੋ ਟੀਮ ਕੇਂਦਰ ਨੇ ਭੇਜੀ ਸੀ ਉਸ ਨੇ ਆਪਣੀ ਰੀਪੋਰਟ ਸਰਕਾਰ ਨੂੰ ਦੇ ਦਿਤੀ ਹੈ। ਜਾਣਕਾਰ ਹਲਕਿਆਂ ਅਨੁਸਾਰ ਕੇਂਦਰ ਨੇ

ਸਥਿਤੀ ਨਾਲ ਨਿਪਟਣ ਲਈ ਦ੍ਰਿੜ ਨਿਸਚਾ ਕਰ ਲਿਆ ਹੈ। ਸਰਹੱਦੀ ਜ਼ਿਲਿਆਂ ਵਿਚ ਫੌਜ ਦੀ ਤੈਨਾਤੀ ਬਾਰੇ ਕੇਂਦਰ ਨੇ ਮੁਖ ਮੰਤਰੀ ਸ: ਬਰਨਾਲਾ ਕੋਲ ਪ੍ਰਗਟਾਵਾ ਕਰ ਦਿਤਾ ਹੈ ਪ੍ਰੰਤੂ ਸ: ਬਰਨਾਲਾ ਨੇ ਇਸ ਨੂੰ ਮਨਜ਼ੂਰ ਨਹੀਂ ਕੀਤਾ। ਹਲਕਿਆਂ ਅਨੁਸਾਰ ਜੇਕਰ ਸ: ਬਰਨਾਲਾ ਸਰਹੱਦੀ ਜ਼ਿਲਿਆਂ ਅੰਮ੍ਰਿਤਸਰ ਤੇ ਗੁਰਦਾਸਪੁਰ ਵਿਚ ਫੌਜ ਦੀ ਤੈਨਾਤੀ ਬਾਰੇ ਰਜ਼ਾਮੰਦ ਨਾ ਹੋਏ ਤਾਂ ਕੇਂਦਰ ਉਕਤ ਜ਼ਿਲਿਆਂ ਵਿਚ ਐਮਰਜੈਂਸੀ ਲਾਗੂ ਕਰ ਦੇਵੇਗਾ। ਭਾਰਤੀ ਸੰਵਿਧਾਨ ਅਨੁਸਾਰ ਦੇਸ਼ ਦੇ ਕਿਸੇ ਹਿਸੇ ਵਿਚ ਵਿਗੜਦੀ ਹਾਲਤ ਕਾਰਨ ਸਰਹੱਦੀ ਜ਼ਿਲਿਆਂ 'ਚ ਐਮਰਜੈਂਸੀ ਲਗਾਈ ਜਾ ਸਕਦੀ ਹੈ।

ਸਿਆਸੀ ਘਰੂਟ — ਘਰੂਟਾਂ ਵਾਲੇ ਦੀ ਕਲਮ ਤੋਂ

- ਸਾਵਧਾਨ ਰਹੋ ਨਹੀਂ ਤੇ ..... (ਇ: ਕ: ਟਾ:)
— ਅਸੀਂ ਸਰਕਾਰੀ ਕਰਿੰਦਿਆਂ ਕੋਲ ਕਾਂਗਰਸੀ 'ਫੀਲਰ' ਭੇਜ ਰਹੇ ਹਾਂ !
- ਕਤਲ ਤੇ ਲੁੱਟਮਾਰ ਦੀਆਂ ਵਾਰਦਾਤਾਂ ਜਾਰੀ ... ਖਾਲਿਸਤਾਨੀ ਸੁਰਖੀ
— ਕਿਉਂ ਯਬਲ੍ਹੀਆਂ ਮਾਰਨ ਡਿਹੈਂ ? ਉਥੇ ਤਾਂ ਪੂਰੇ ਹਫਤੇ ਤੋਂ ਸੁਖ-ਸਾਂਦ ਹੋ ਗਈ ਹੈ !
- ਅਤਿਵਾਦੀਆਂ ਦੇ ਨੱਥ ਪਾ ਲਈ ਜਾਵੇਗੀ ....
— ਹੁਣ ਤਾਂ ਤੇਰੇ ਵੀ ਅਗਲਿਆਂ ਨੇ ਪਾ ਦਿੱਤੀ ਹੈ !
- ਪੁਲਿਸ ਮੁਕਾਬਲਾ ਬਣਾ ਕੇ ਮਾਰ ਦੇਵੇਗੀ
— ਬਾਦਲ ਹੋਰੀਂ ਵੀ ਇਹੀ ਕਰਤੂਤਾਂ ਕਰਦੇ ਰਹੇ ਹਨ ਪਿਆਰਿਓ !
- ਦਮਦਮੀ ਟਕਸਾਲ ਤੇ ਫੈਡਰੇਸ਼ਨ ਨਾਲ ਗੱਲ ਕਰੋ .... ਬਾਦਲ
— ਤੇ ਫਿਰ ਮੇਰੇ ਨਾਲ ਮੁੱਖ-ਮੰਤਰੀ ਵਾਲਾ ਸੌਦਾ ਕਰੋ !
- ਥਾਂ ਥਾਂ ਸਿੱਖਾਂ ਦੀਆਂ ਗ੍ਰਿਫਤਾਰੀਆਂ ਸ਼ੁਰੂ .... ਇ: ਕ: ਟਾ:
— ਕਿਉਂ ਵਿਚਾਰੇ ਸਿੱਖਾਂ ਨੂੰ ਵਿਚ ਘੜੀਸਦੇ ਹੋ ?
- ਕੈਨੇਡਾ ਦੇ ਸਿੱਖ ਸਾਥੋਂ ਦੋ ਕਦਮ ਅਗੇ — ਬ੍ਰਹਮਪੁਰਾ — (ਰਣਜੀਤ)
— ਇਸੇ ਨੂੰ ਤਾਂ ਕਹਿੰਦੇ ਹਨ ਮੁਦੱਈ ਸੁਸਤ ਗਵਾਹ ਚੁਸਤ 'ਢੋਲ ਜੀ'
- ਖਾਲਿਸਤਾਨੀ ਕਮਾਂਡਾਂ ਦਾ ਅਸਲੀ ਨਾਂ
— 'ਅਸਲੀ' 'ਨਕਲੀ' ਨਾਵਾਂ ਦੀ ਸੂਚੀ ਤੁਹਾਡੇ ਕੋਲ ਜੁ ਹੈ !
- ਕੈਨੇਡਾ ਵਿਚ ਸਿੱਖਾਂ ਲਈ ਦਸਤਾਰ ਦੀ ਇਜ਼ਾਜ਼ਤ ਮਿਲੇਗੀ ਕਿ ਨਹੀਂ ?
—ਇ: ਕ: ਟਾ:
— ਆਪਣੇ ਜਰਨੈਲ 'ਇਕ-ਬਾਂਹ-ਪੁਰੀ' ਨੂੰ ਭਲਾ ਪੁਛੋਂ ਖਾਂ ?
- ਟਾਈਮ ਬੰਬ ਵਾਲਾ ਗ੍ਰਿਫਤਾਰ .... ਇਕ ਸੁਰਖੀ
— ਤੁਹਾਡੇ ਵਾਲੇ ਦਾ ਕੀ ਬਣਿਆ ?
- ਕਵੀ ਤੇ ਕਲਾਕਾਰ ਸ਼ਾਮਲ ਹੋਣਗੇ .....
— ਜੇ ਕਵੀ ਤੇ ਕਲਾਕਾਰ ਆ ਗਏ ਤਾਂ 'ਮਰਾਸੀ' ਕਿਥੇ ਜਾਣਗੇ?
- ਹਰ ਦੌਰ ਸਿਰਜਦਾ ਹੈ ਨਵੇਂ ਸਾਜ਼ ਸੰਦ ਹੋਰ .... ਮੀਸ਼ਾ
— 'ਚਾਚੇ ਸੈਮ' ਪੈਦਾ ਕੀਤੇ ਸੂਰਜ, ਤਾਰੇ, ਚੰਦ ਹੋਰ
- ਕਲਹਿਰੀ - ਮੋਰ
— ਜੋ 'ਜਾਗੋ' ਤੋਂ ਪਿਛੋਂ ਹੁਣ ਹੋਰ ਪੱਤਰਾਂ ਪਿਛੇ ਪੈਲ ਪਾਉਂਦਾ ਹੈ !
- ਚਾਚਾ ਚੰਡੀਗੜ੍ਹੀਆ ਨੇ ਰੱਸੀ ਦੇ ਸੱਪ ਵੇਖੇ ....
— ਜਿਹੜੇ ਤੁਸੀਂ ਚਾਚੇ ਨੂੰ ਵਿਖਾਏ ਸਨ ਉਹ ਹਰ ਆਏ ਗਏ ਕੋਲ ਉਨ੍ਹਾਂ ਦੀ ਜਾਨ ਰੋਂਦਾ ਹੈ !
- 'ਮੇਰਾ ਵੀ ਇਮੇਜ਼ ਬਣ ਗਿਆ ਹੈ' ......
— ਬਣ ਗਿਆ ਹੈ ਕਿ ਟੁੱਟ ਰਿਹਾ ਹੈ ?
- ਦਿੱਲੀ ਦੀ ਬਰਬਰੀਅਤ ਅਹਿਮਦਾਬਾਦ ਦੁਹਰਾਈ ਜਾਣ ਲੱਗੀ ....
— ਫਿਰਕੂ ਸੋਚ ਬੰਦੇ ਦਾ ਕੱਖ ਨਹੀਂ ਛੱਡਦੀ ਪਿਆਰਿਓ !
- ਫਸਾਦ ਦੀ ਜੜ੍ਹ ....
— ਫਿਰਕੂ ਸੱਪ !
- ਕਿਉਂ ਨਾ ਮਰ ਜਾਏਂ ਐਸੀ ਸਾਦਗੀ ਪੇ ......
— ਤੁਸੀਂ ਤਾਂ ਸਾਦਗੀ ਵਿਚ ਹੀ ਮਾਰੇ ਗਏ ਜਾਪਦੇ ਹੋ !
- ਜਦ ਸੌਦੇ ਹੋਣ ਜ਼ਮੀਰਾਂ ਦੇ ....
— ਬੁਰਕੇ ਵਿਚ ਕਦ ਤੱਕ ਛੁਪਿਆ ਜਾ ਸਕਦਾ ਹੈ ?
- ਪਸ਼ੂ ਹੋਣ ਤੱਕ ..... ਇਕ ਕਹਾਣੀ
— ਦੀ ਕਹਾਣੀ ਦਾ ਸਭ ਨੂੰ ਹੀ ਪਤਾ ਹੈ ਪਰ ਤੇਰੇ ਵਰਗੇ ਢੋਡਰ ਕਾਂ ਬੇਸ਼ਰਮੀ ਦੀ ਜੂਨ ਹੰਢਾ ਰਹੇ ਹਨ !

ਭਾਰਤੀ ਹਾਕੀ ਟੀਮ ਦਾ ਪ੍ਰਦਰਸ਼ਨ ਤਸੱਲੀਬਖਸ਼ ਨਾ ਰਿਹਾ

ਨਵੀਂ ਦਿੱਲੀ — ਮਾਸਕੋ ਵਿਖੇ ਚਾਰ ਦੇਸੀ ਕੌਮਾਂਤਰੀ ਹਾਕੀ ਟੂਰਨਾਮੈਂਟ ਵਿਚ ਹਿਸਾ ਲੈਣ ਤੋਂ ਬਾਅਦ ਮੁਹੰਮਦ ਸ਼ਾਹਿਦ ਦੀ ਕਪਤਾਨੀ ਹੇਠ ਸੋਵੀਅਤ ਦੌਰੇ 'ਤੇ ਗਈ 15-ਮੈਂਬਰੀ ਭਾਰਤੀ ਹਾਕੀ ਟੀਮ ਇਥੇ ਵਾਪਸ ਪਰਤ ਆਈ। ਭਾਰਤ ਦੀ ਟੀਮ ਨੇ ਸੋਵੀਅਤ ਟੂਰਨਾਮੈਂਟ ਵਿਚ ਚਾਰ ਮੈਚ ਖੇਡੇ। ਪਹਿਲੇ ਮੈਚ ਵਿਚ ਫਰਾਂਸ ਨੂੰ ਇਸ ਨੇ ਦੋ ਦੇ ਮੁਕਾਬਲੇ ਚਾਰ ਗੋਲਾਂ ਨਾਲ ਹਰਾਇਆ। ਪ੍ਰੰਤੂ ਫਿਰ ਪਹਿਲਾਂ ਸੋਵੀਅਤ ਯੂਨੀਅਨ ਹਥੋਂ 1-3 ਗੋਲਾਂ ਦੇ ਫਰਕ ਨਾਲ ਅਤੇ ਫਿਰ ਫਰਾਂਸ ਹੱਥੋਂ ਸਿਫਰ ਦੇ ਮੁਕਾਬਲੇ ਦੋ ਗੋਲਾਂ ਨਾਲ ਹਾਰੀ। ਇਸ ਪ੍ਰਕਾਰ ਭਾਰਤੀ ਹਾਕੀ ਟੀਮ ਨੇ ਸੋਵੀਅਤ ਯੂਨੀਅਨ ਅਤੇ ਪਾਕਿਸਤਾਨ ਤੋਂ ਬਾਅਦ ਤੀਸਰੀ ਪੁਜ਼ੀਸ਼ਨ ਪ੍ਰਾਪਤ ਕੀਤੀ।

ਟੀਮ ਦੇ ਮੈਨੇਜਰ ਨੇ ਭਾਰਤ ਅਤੇ ਪਾਕਿਸਤਾਨ ਦੀਆਂ ਟੀਮਾਂ ਨੂੰ ਹਰਾ ਕੇ ਪਹਿਲੀ ਪੁਜ਼ੀਸ਼ਨ ਹਾਸਲ ਕਰਨ ਵਾਲੀ ਸੋਵੀਅਤ ਟੀਮ ਦੀ ਖੇਡ ਦੀ ਸ਼ਲਾਘਾ ਕੀਤੀ। ਪਾਕਿਸਤਾਨੀ ਟੀਮ ਬਾਰੇ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਪਾਕਿਸਤਾਨੀ ਟੀਮ ਵਿਚ ਜ਼ਿਆਦਾ ਨੌਜਵਾਨ ਖਿਡਾਰੀ ਸ਼ਾਮਲ ਸਨ ਅਤੇ ਉਹ ਯੂਰਪੀ ਦੇਸ਼ਾਂ ਦੇ ਦੌਰੇ ਤੋਂ ਬਾਅਦ ਸਿੱਧੇ ਹੀ ਮਾਸਕੋ ਪਹੁੰਚੇ ਸਨ। ਇਸ ਲਈ ਮੁਕਾਬਲਤਨ ਵਧੇਰੇ ਤਿਆਰੀ ਵਿਚ ਸਨ।

ਆਖਰ ਫਾਂਸੀ ਚੁੰਮੀ

ਲੰਡਨ — ਇਥੋਂ ਦੀ ਇਕ ਨੌਜਵਾਨ ਅਦਾਕਾਰਾ ਜੂਲੀਅਸ ਬੁਟਲਰ ਜਿਸ ਨੇ ਬਰਤਾਨੀਆ 'ਚ ਫਾਹੇ ਲਾਈ ਜਾਣ ਵਾਲੀ ਆਖਰੀ ਮਹਿਲਾ ਰੂਥ ਏਲੀਸ ਦੀ ਭੂਮਿਕਾ ਨਿਭਾਈ, ਖੁਦ ਫਾਹੇ ਲੱਗੀ ਪਾਈ ਗਈ। ਇਹ ਰੋਜ਼ਾਨਾ ਅਖਬਾਰ 'ਚ ਛਪੀ ਰਿਪੋਰਟ ਅਨੁਸਾਰ 20 ਸਾਲਾ ਜੂਲੀਅਸ ਆਪਣੇ ਨਾਟਕ ਦੇ ਰੋਲ ਵਿਚ ਇੰਨੀ ਡੂੰਘੀ ਤਰ੍ਹਾਂ ਡੁੱਬ ਗਈ ਕਿ ਉਹ ਮੁੜ ਪਹਿਲਾਂ ਵਾਲੀ ਸਥਿਤੀ ਵਿਚ ਨਾ ਆ ਸਕੀ ਤੇ ਉਸ ਨੇ ਖੁਦਕਸ਼ੀ ਕਰ ਲਈ।

ਰੂਥ ਏਲੀਸ ਨੂੰ ਆਪਣੇ ਪ੍ਰੇਮੀ ਦੇ ਕਤਲ ਕਰਨ ਬਦਲੇ 1955 'ਚ ਫਾਂਸੀ ਦਿਤੀ ਗਈ ਸੀ। ਉਸ ਤੋਂ ਬਾਅਦ ਬਰਤਾਨੀਆ 'ਚ ਕਿਸੇ ਔਰਤ ਨੂੰ ਫਾਂਸੀ ਦੀ ਸਜ਼ਾ ਨਹੀਂ ਦਿਤੀ ਗਈ। ਰੂਥ ਦੀ ਜੀਵਨ ਕਹਾਣੀ ਉਤੇ ਹਾਲ ਵਿਚ 'ਡਾਂਸ ਵਿਦ ਏ ਸਟਰੇਂਜਰ' (ਅਜਨਬੀ ਸੰਗ ਨਾਚ) ਨਾਮੀ ਫਿਲਮ ਬਣੀ ਸੀ।

ਵਿਧਾਇਕਾਂ ਦੇ ਮਾਮਲੇ 'ਚ ਕੋਰਟ ਦਖਲ ਨਹੀਂ ਦੇ ਸਕਦੀ — ਮਿਨਹਾਸ

ਫਗਵਾੜਾ — ਪੰਜਾਬ ਵਿਧਾਨ ਸਭਾ ਦੇ ਸਪੀਕਰ ਸ: ਸੁਰਜੀਤ ਸਿੰਘ ਮਿਨਹਾਸ ਨੇ ਕਿਹਾ ਹੈ ਕਿ ਸੰਵਿਧਾਨ ਦੇ ਦਸਵੇਂ ਅਨੁਛੇਦ ਦੀ ਸੱਤਵੀਂ ਧਾਰਾ (52ਵੀਂ ਸੋਧ) ਅਧੀਨ ਕਿਸੇ ਵਿਧਾਇਕ ਜਾਂ ਵਿਧਾਇਕਾਂ ਦੇ ਗਰੁੱਪ ਦੇ ਮਾਮਲੇ ਕਿਸੇ ਅਦਾਲਤ ਦੇ ਅਧਿਕਾਰ ਖੇਤਰ ਅਧੀਨ ਨਹੀਂ ਆਉਂਦੇ। ਨਰਾਜ਼ ਅਕਾਲੀ ਵਿਧਾਇਕਾਂ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਵਲੋਂ ਦਿੱਤੀ ਗਈ ਅੰਤ੍ਰਿਮ ਸਟੇਅ ਦਾ ਜ਼ਿਕਰ ਕਰਦਿਆਂ ਸ. ਮਿਨਹਾਸ ਨੇ ਕਿਹਾ ਕਿ ਦਸਵੇਂ ਅਨੁਛੇਦ ਅਧੀਨ ਆਉਣ ਵਾਲੇ ਇਨ੍ਹਾਂ ਸਾਰੇ ਮਾਮਲਿਆਂ ਵਿਚ ਸਪੀਕਰ ਹੀ ਅੰਤਿਮ ਫੈਸਲਾਦੇਹ ਅਧਿਕਾਰੀ ਹੈ। ਇਹ ਅਨੁਛੇਦ ਵਿਧਾਇਕਾਂ ਨੂੰ ਡਿਸਕੁਆਲੀਫਾਈ ਕਰਨ ਅਤੇ ਵਿਧਾਇਕ ਗਰੁੱਪਾਂ ਨੂੰ ਮਾਨਤਾ ਦੇਣ ਨਾਲ ਸਬੰਧਤ ਹੈ।

ਸ. ਮਿਨਹਾਸ ਨੇ ਦਾਅਵਾ ਕੀਤਾ ਕਿ ਜਿਥੋਂ ਤਕ ਅਦਾਲਤ ਵਲੋਂ ਅੰਤ੍ਰਿਮ ਸਟੇਅ ਦਿਤੇ ਜਾਣ ਦਾ ਸਵਾਲ ਹੈ, ਸਪੀਕਰ ਦੇ ਆਪਣੇ ਸੁਤੰਤਰ ਜੁਡੀਸ਼ਲ ਅਧਿਕਾਰ ਹਨ। ਉਨ੍ਹਾਂ ਪਾਸੋਂ ਪੁੱਛਿਆ ਗਿਆ ਕਿ ਕੈਪਟਨ ਅਮਰਿੰਦਰ ਸਿੰਘ ਦਾ ਰੁੱਸੇ ਧੜੇ ਦਾ ਨੇਤਾ ਹੋਣ ਸਬੰਧੀ ਦਾਅਵਾ ਖਾਰਜ ਹੋਣਾ ਪਿਛੋਂ ਕੀ ਨਰਾਜ਼ ਅਕਾਲੀਆਂ ਨੂੰ ਵੱਖਰੀਆਂ ਸੀਟਾਂ ਦੇਣ ਤੋਂ ਇਨਕਾਰ ਕਰ ਦਿੱਤਾ ਜਾਵੇਗਾ, ਸ. ਮਿਨਹਾਸ ਨੇ ਕਿਹਾ ਕਿ ਵਿਧਾਨ ਸਭਾ ਵਿਚ ਸੀਟਾਂ ਦੀ ਵੰਡ ਸਬੰਧੀ ਕੁਦਰਤੀ ਨਤੀਜੇ ਆਪਣੇ ਆਪ ਨਿਕਲਣਗੇ।

ਅਲਸਲਵਾਡੋਰ ਵਿਚ ਅਮਰੀਕਨ ਰੈਡੀਕਲ ਚਰਚ ਦੇ ਵਫਦ ਨੂੰ ਰੁਕਣ ਦੀ ਇਜਾਜ਼ਤ ਨਾ ਦਿਤੀ

ਪਿਛਲੇ ਦਿਨੀਂ ਬੇਅ ਓਕਲੈਂਡ ਅਮਰੀਕਨ ਰੈਡੀਕਲ ਚਰਚ ਤੋਂ ਇਕ ਵਫਦ ਅਲ-ਸਲਵਾਡੋਰ ਗਿਆ ਜਿਸ ਵਿਚ ਕੁਲ 19 ਵਿਅਕਤੀ ਸਨ ਤੇ ਇਸ ਵਫਦ ਵਿਚ ਜੀਨ ਗਿਬਸਨ ਜੌਨ ਡਾਲੇ ਅਤੇ ਲੀਮਾ ਲਾਇਡ ਓਕਲੈਂਡ ਤੇ ਬੇਅ ਏਰੀਏ ਵਿਚੋਂ ਸਨ ਇਹ ਗਰੁਪ ਅਲਸਲਵਾਡੋਰ ਵਿਚ ਰਫਿਊਜ਼ੀਆਂ ਦੇ ਮੁੜ ਵਸੇਬੇ ਲਈ ਸਹਾਇਤਾ ਕਰਨ ਹਿਤ ਉਥੇ ਗਏ ਸਨ। ਪਰ ਅਮਰੀਕਨ ਪੱਖੀ ਸਰਕਾਰ ਦੇ ਸਿਪਾਹੀਆਂ ਨੇ ਇਹਨਾਂ ਨੂੰ ਏਅਰ ਪੋਰਟ ਤੇ ਉਤਰਦਿਆਂ ਨੂੰ ਹੀ ਗ੍ਰਿਫਤਾਰ ਕਰ ਲਿਆ ਤੇ ਫਿਰ ਛੱਡ ਦਿਤਾ ਬਾਅਦ ਵਿਚ ਜਦੋਂ ਇਹ ਇਕ ਪਿੰਡ ਵਿਚ ਗਏ ਤਾਂਕਿ ਰਫਿਊਜੀਆਂ ਨੂੰ ਵਾਪਸ ਉਹਨਾਂ ਦੇ ਪਿੰਡ ਪਰਤ ਆਉਣ ਲਈ ਪਰੇਰਨਾ ਚਾਹਿਆ ਤਾਂ ਆਲਸਲਵਾਡੋਰ ਦੀ ਮਿਲਟਰੀ ਦੇ ਕਰਨਲ ਓਸਕਾਰ ਆਰਮੇਡੋ ਕਰੈਂਜਾ ਨੇ ਉਹਨਾਂ ਨੂੰ ਤੀਹ ਮਿੰਟ ਵਿਚ ਪਿੰਡ ਛੱਡ ਜਾਣ ਲਈ ਕਿਹਾ ਜਦੋਂ ਇਹਨਾਂ ਨੇ ਪਿੰਡ ਨਾ ਛੱਡਿਆ ਤਾਂ ਉਹਨਾਂ ਨੂੰ ਗ੍ਰਿਫਤਾਰ ਕਰਕੇ ਗੁਆਟੇਮਾਲਾ ਵਿਚ ਧੱਕ ਦਿਤਾ। ਇਹ ਚਰਚ ਗਰੁਪ ਰਫਿਊਜੀਆਂ ਦੇ ਮੁੜ ਵਸੇਬੇ ਲਈ ਕਾਫੀ ਸਲਾਹੁਣਯੋਗ ਕੰਮ ਕਰ ਰਿਹਾ ਹੈ। ਆਜ਼ਾਦੀ ਲਈ ਸੰਘਰਸ਼ ਕਰਦੇ ਲੋਕਾਂ ਦਾ ਇਹ ਹਮੇਸ਼ਾਂ ਸਰਮਥਕ ਰਿਹਾ ਹੈ।

ਖਾਲਸਾ ਸਕੂਲ ਵੈਨਕੂਵਰ

ਆਪ ਸਭ ਸੰਗਤਾਂ ਨੂੰ ਭਲੀ ਭਾਂਤ ਪਤਾ ਲੱਗ ਹੀ ਚੁਕਾ ਹੈ ਕਿ ਨੌਰਥ ਅਮਰੀਕਾ ਵਿਚ ਸਿੱਖਾਂ ਦਾ ਪਹਿਲਾ ਆਪਣਾ (ਪ੍ਰਾਈਵੇਟ) ਖਾਲਸਾ ਸਕੂਲ ਵੈਨਕੂਵਰ ਵਿਚ ਖੁਲ੍ਹ ਚੁਕਾ ਹੈ ਜਿਸ ਵਿਚ ਕਿ ਸਤੰਬਰ, 1986 ਤੋਂ ਕਲਾਸਾਂ ਸ਼ੁਰੂ ਹੋ ਰਹੀਆਂ ਹਨ।

ਇਹ ਖਾਲਸਾ ਸਕੂਲ ਨੌਰਥ ਅਮਰੀਕਾ ਵਿਚ ਸਿੱਖਾਂ ਦਾ ਐਸਾ ਆਪਣਾ ਪਹਿਲਾ ਸਕੂਲ ਹੋਵੇਗਾ, ਜਿਸ ਵਿਚ ਸਾਡੇ ਬੱਚਿਆਂ ਨੂੰ ਸਿੱਖ ਧਰਮ ਦੀ ਮਰਯਾਦਾ ਅਨੁਸਾਰ ਅਤੇ ਸਿੱਖ ਸਭਿਆਚਾਰ ਦੇ ਵਾਤਾਵਰਨ ਵਿਚ ਉਚੇ ਪੱਧਰ ਦੀ ਆਕੈਡਮਿਕ ਅਤੇ ਧਾਰਮਿਕ ਵਿਦਿਆ ਦਾ ਪ੍ਰਬੰਧ ਹੋਵੇਗਾ ਤਾਂ ਕਿ ਸਾਡੇ ਬੱਚੇ ਜੋ ਦੂਸਰੇ ਸਕੂਲਾਂ ਵਿਚ ਸਿੱਖੀ ਤੋਂ ਦੂਰ ਜਾ ਰਹੇ ਹਨ ਜਾਂ ਕਿਸੇ ਬਾਹਰੀ ਪ੍ਰਭਾਵ ਥੱਲੇ ਆ ਕੇ ਸਿੱਖੀ ਵਿਰਸੇ ਤੋਂ ਦੂਰ ਜਾ ਰਹੇ ਹਨ, ਉਨ੍ਹਾਂ ਨੂੰ ਸਿੱਖੀ ਸਰੂਪ ਵਿਚ ਕਾਇਮ ਰਖਿਆ ਜਾ ਸਕੇ ਅਤੇ ਉਨ੍ਹਾਂ ਨੂੰ ਸਵੈਮਾਨਤਾ ਨਾਲ ਇਸ ਦੇਸ਼ ਵਿਚ ਰਹਿਣ ਦੇ ਕਾਬਲ ਬਣਾਇਆ ਜਾ ਸਕੇ। ਖਾਲਸਾ ਸਕੂਲ ਦੀ ਵਿਦਿਆ ਦਾ ਪੱਧਰ ਬਿਲਕੁਲ ਬੀ. ਸੀ. ਦੇ ਸਕੂਲਾਂ ਦੇ ਸਲੇਬਸ ਅਨੁਸਾਰ ਹੋਵੇਗਾ ਅਤੇ ਅਧਿਆਪਕ ਬੀ. ਸੀ. ਦੇ ਪ੍ਰੋਫੈਸ਼ਨਲ ਟੀਚਇੰਗ ਸਰਟੀਫਿਕੇਟ ਵਾਲੇ ਮਨਜ਼ੂਰ ਸ਼ੁਦਾ ਹੋਣਗੇ। ਇਸ ਦੇ ਨਾਲ ਹੀ ਬੱਚਿਆਂ ਲਈ ਪੰਜਾਬੀ ਅਤੇ ਧਾਰਮਿਕ ਵਿਦਿਆ ਦਾ ਪ੍ਰਬੰਧ ਵੀ ਹੋਵੇਗਾ।

ਪਹਿਲੇ ਸਾਲ "ਕਿੰਡਰਗਾਰਟਨ ਤੋਂ 6ਵੀਂ" ਕਲਾਸ ਤੱਕ ਦੀਆਂ ਕਲਾਸਾਂ ਹੋਣਗੀਆਂ। ਕਿਉਂਕਿ ਨਵਾਂ ਸਕੂਲ ਖੁਲ੍ਹ ਰਿਹਾ ਹੈ, ਇਸ ਲਈ ਸੀਟਾਂ ਦੀ ਗਿਣਤੀ ਜ਼ਿਆਦਾ ਨਹੀਂ ਰੱਖੀ ਜਾ ਸਕਦੀ। ਹੁਣ ਤਕ ਕਾਫੀ ਸਟੂਡੈਂਟ (ਵਿਦਿਆਰਥੀ) ਦਾਖਲਾ ਲੈ ਚੁਕੇ ਹਨ। ਇਸ ਲਈ ਸਭ ਮਾਪਿਆਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਜਲਦੀ ਤੋਂ ਜਲਦੀ ਦਾਖਲੇ ਦਾ ਫਾਰਮ ਭਰਕੇ ਆਪਣੇ ਬੱਚੇ ਲਈ ਸੀਟ ਰਾਖਵੀ ਕਰਵਾ ਲਈ ਜਾਵੇ।

ਫੀਸ ਦਾ ਵੇਰਵਾ ਇਸ ਪ੍ਰਕਾਰ ਹੈ :—

ਮਾਸਕ ਫੀਸ 10 ਮਹੀਨਿਆਂ ਲਈ ਹੈ
ਕਿੰਡਰਗਾਰਟਨ — 25 ਡਾਲਰ (ਇਕ ਬੱਚਾ)
ਇਕ ਤੋਂ ਛੇਵੇਂ ਗਰੇਡ ਤਕ — 40 ਡਾਲਰ (ਇਕ ਬੱਚਾ)
ਪ੍ਰਤੀ ਪ੍ਰਵਾਰ ਇਕ ਤੋਂ ਵੱਧ ਬੱਚੇ ਲਈ — 30 ਡਾਲਰ (ਇਕ ਬੱਚਾ)

ਖਾਲਸਾ ਸਕੂਲ ਲਈ ਅਧਿਆਪਕ ਨਿਯੁਕਤ ਕੀਤੇ ਜਾ ਚੁਕੇ ਹਨ।

ਖਾਲਸਾ ਸਕੂਲ ਦੇ ਮੈਂਬਰ ਬਣਨ ਲਈ ਅਜ ਹੀ ਮੈਂਬਰਸ਼ਿਪ ਦਾ ਫਾਰਮ ਭਰਕੇ ਅਤੇ ਨੀਯਤ ਕੀਤੀ ਮੁਢਲੀ ਫੀਸ 1000 ਡਾਲਰ ਸਕੂਲ ਦੇ ਫੰਡ ਵਿਚ ਜਮ੍ਹਾਂ ਕਰਵਾਕੇ, ਮੈਂਬਰਸ਼ਿਪ ਪ੍ਰਾਪਤ ਕਰੋ ਜੀ।

ਖਾਸ ਸੂਚਨਾ :

ਇਸੇ ਸਕੂਲ ਵਿਚ ਸ਼ਾਮ ਦੇ ਸਮੇਂ ਪੰਜਾਬੀ, ਗੁਰਬਾਣੀ ਕੀਰਤਨ, ਗੁਰਬਾਣੀ ਸ਼ੁਧ ਉਚਾਰਨ ਦੀਆਂ ਕਲਾਸਾਂ ਵੀ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਨੌਜਵਾਨਾਂ ਅਤੇ ਭਾਰਤ ਤੋਂ ਆਏ ਨਵੇਂ ਇਮੀਗਰੈਂਟਾਂ ਲਈ ਕੰਪਿਊਟਰ ਸਿਖਣ ਜਾਂ ਕੰਪਿਊਟਰ ਵਾਰੇ ਜਾਣਕਾਰੀ ਸਬੰਧੀ ਵਿਸ਼ੇਸ਼ ਕਲਾਸਾਂ ਦਾ ਪ੍ਰਬੰਧ ਹੋਵੇਗਾ। ਬੱਚਿਆਂ ਨੂੰ ਖੇਲ ਕੁੱਦ (Sports) ਦੀ ਸਹੂਲਤ ਪੂਰੀ ਹੋਵੇਗੀ। ਤੇ ਇਸ ਸਹੂਲਤ ਦੀ ਪੂਰਤੀ ਲਈ ਜਿਮਨੇਜ਼ੀਅਮ (ਖੇਡ-ਘਰ) ਵੀ ਲੈ ਲਿਆ ਹੈ।

ਅਖਬਾਰਾਂ ਸਹਿਯੋਗ ਦੇਣ ਤਾਂ ਮਸਲਾ ਹੱਲ ਹੋ ਸਕਦੈ — ਦਾਲਮ

ਨਵੀਂ ਦਿੱਲੀ — ਜੇਕਰ ਪ੍ਰਚਾਰ ਸਾਧਨ ਵਿਸ਼ੇਸ਼ ਕਰਕੇ ਅਖਬਾਰਾਂ ਸਹਿਯੋਗ ਦੇਣ ਤਾਂ ਪੰਜਾਬ ਵਿਚ ਸ਼ਾਂਤੀ ਕਾਇਮ ਕਰਨ ਵਿਚ ਬਹੁਤ ਸਹਾਇਤਾ ਮਿਲ ਸਕਦੀ ਹੈ। ਇਹ ਗੱਲ ਪੰਜਾਬ ਦੇ ਲੋਕ ਸੰਪਰਕ ਵਿਭਾਗ ਦੇ ਮੰਤਰੀ ਸ. ਨੱਥਾ ਸਿੰਘ ਦਾਲਮ ਨੇ ਇਥੇ ਪੰਜਾਬੀ ਅਖਬਾਰਾਂ ਦੇ ਪ੍ਰਤੀਨਿਧੀਆਂ ਨਾਲ ਗਲਬਾਤ ਕਰਦਿਆਂ ਹੋਇਆਂ ਆਖੀ। ਇਸ ਗੱਲ ਨੂੰ ਸਪੱਸ਼ਟ ਕਰਦਿਆਂ ਉਨ੍ਹਾਂ ਆਖਿਆ ਕਿ ਪੰਜਾਬ ਵਿਚ ਹੋ ਰਹੀਆਂ ਘਟਨਾਵਾਂ ਦੇ ਸਬੰਧ ਵਿਚ ਦਹਿਸ਼ਤਵਾਦੀਆਂ ਅਤੇ ਸਮਾਜ ਵਿਰੋਧੀ ਤੱਤਾਂ ਵਲੋਂ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਨੂੰ ਰਲਗਡ ਨਾ ਕੀਤਾ ਜਾਏ, ਹਿੰਸਕ ਘਟਨਾਵਾਂ ਦਾ ਸ਼ਿਕਾਰ ਹੋਣ ਵਾਲਿਆਂ ਦੇ ਫੋਟੋ ਨਾ ਛਾਪੇ ਜਾਣ ਅਤੇ ਨਾ ਹੀ ਹਿੰਸਕ ਕਾਰਵਾਈਆਂ ਕਰਨ ਵਾਲਿਆਂ ਅਤੇ ਸ਼ਿਕਾਰ ਹੋਣ ਵਾਲਿਆਂ ਦੀ ਪਛਾਣ ਦਿਤੀ ਜਾਏ। ਜੇਕਰ ਇਹ ਤਿੰਨ ਗੱਲਾਂ ਅਖਬਾਰਾਂ ਵਲੋਂ ਸਵੀਕਾਰ ਕਰ ਲਈਆਂ ਜਾਣ ਤਾਂ ਪੰਜਾਬ ਵਿਚ ਸ਼ਾਂਤੀ ਕਾਇਮ ਕਰਨ ਵਿਚ ਬਹੁਤ ਮਦਦ ਮਿਲ ਸਕਦੀ ਹੈ। ਸ੍ਰੀ ਦਾਲਮ ਨੇ ਹੋਰ ਦੱਸਿਆ ਕਿ ਉਹ ਇਸ ਸਬੰਧ ਵਿਚ ਕੌਮੀ ਪ੍ਰੈਸ ਦੇ ਪ੍ਰਤੀਨਿਧੀਆਂ ਨਾਲ ਵੀ ਗੱਲ ਕਰ ਰਹੇ ਹਨ, ਉਨ੍ਹਾਂ ਵਿਚੋਂ ਕੁਝ ਨੇ ਇਹ ਗੱਲ ਸਵੀਕਾਰ ਕਰ ਲਈ ਹੈ। ਪੰਜਾਬ ਦੇ ਪ੍ਰੈਸ ਦੇ ਸਬੰਧ ਵਿਚ ਪੁੱਛੇ ਜਾਣ 'ਤੇ ਉਨ੍ਹਾਂ ਦੱਸਿਆ ਕਿ ਜਲੰਧਰ ਦੇ ਇਕ ਗਰੁਪ ਦੇ ਅਖਬਾਰਾਂ ਦੇ ਪ੍ਰਬੰਧਕਾਂ ਨੂੰ ਛੱਡ ਕੇ ਬਾਕੀ ਸਭ ਨੇ ਪੰਜਾਬ ਸਰਕਾਰ ਦੇ ਉਪਰੋਕਤ ਸੁਝਾਓ ਨੂੰ ਸਵੀਕਾਰ ਕਰ ਲਿਆ ਹੈ। ਉਨ੍ਹਾਂ ਇਸ ਗੱਲ 'ਤੇ ਦੁੱਖ ਪ੍ਰਗਟ ਕੀਤਾ ਕਿ ਪੰਜਾਬ ਦੇ ਮੁਖ ਮੰਤਰੀ ਸ. ਬਰਨਾਲਾ ਨੇ ਪੰਜਾਬ ਤੋਂ ਪਲਾਇਨ ਕਰ ਕੇ ਬਾਹਰ ਗਏ ਪਰਵਾਰਾਂ ਦੇ ਜੋ ਅੰਕੜੇ (941) ਦਿਤੇ ਉਹ ਤਾਂ ਕੌਮੀ ਪ੍ਰੈਸ ਨੇ ਪ੍ਰਕਾਸ਼ਤ ਕਰ ਦਿਤੇ ਪਰ ਜੋ ਅੰਕੜੇ ਪੰਜਾਕੋਂ ਬਾਹਰਲੇ ਰਾਜਾਂ ਤੋਂ ਪਲਾਇਨ ਕਰ ਕੇ ਪੰਜਾਬ ਵਿਚ ਗਏ ਪਰਿਵਾਰਾਂ (26,300) ਦੇ ਜੋ ਅੰਕੜੇ ਉਨ੍ਹਾਂ ਦਿਤੇ, ਉਨ੍ਹਾਂ ਦਾ ਜ਼ਿਕਰ ਤਕ ਨਹੀਂ ਕੀਤਾ ਗਿਆ। ਸ੍ਰੀ ਦਾਲਮ ਅਨੁਸਾਰ ਇਹ ਅੰਕੜੇ ਜੂਨ ਤਕ ਦੇ ਹਨ। ਇਸ ਤੋਂ ਬਾਅਦ ਵੀ ਅਨੇਕਾਂ ਪਰਿਵਾਰ ਵੱਖ ਵੱਖ ਰਾਜਾਂ ਤੋਂ ਪੰਜਾਬ ਦੇ ਵੱਖ ਵੱਖ ਜ਼ਿਲਿਆਂ ਵਿਚ ਪੁਜ ਰਹੇ ਹਨ ਜਿਨ੍ਹਾਂ ਨੂੰ ਵਸਾਉਣ ਦੇ ਪ੍ਰਬੰਧ ਕੀਤੇ ਜਾ ਰਹੇ ਹਨ।

ਸ੍ਰੀ ਦਾਲਮ ਅਨੁਸਾਰ ਪੰਜਾਬ ਦੇ ਪਿੰਡਾਂ ਵਿਚ ਕੋਈ ਤਣਾਓ ਨਹੀਂ ਤੇ ਨਾ ਹੀ ਉਥੋਂ ਕੋਈ ਪਲਾਇਨ ਹੋ ਰਿਹਾ ਹੈ। ਇਸ ਸਬੰਧ ਵਿਚ ਉਨ੍ਹਾਂ ਸੀਮਾ ਨੇੜਲੇ ਕਲਾਰਾਓ ਅਤੇ ਡੇਰਾ ਬਾਬਾ ਨਾਨਕ ਦੇ ਵਿਸ਼ੇਸ਼ ਤੌਰ 'ਤੇ ਉਦਾਹਰਣ ਦਿਤੇ। ਕਲਾਰਾਓ ਵਿਚਲੀ ਦਸ ਹਜ਼ਾਰ ਦੀ ਆਬਾਦੀ ਵਿਚ ਸੱਤ ਹਜ਼ਾਰ ਹਿੰਦੂਆਂ ਦੀ ਅਤੇ ਤਿੰਨ ਹਜ਼ਾਰ ਦੂਜਿਆਂ ਦੀ ਹੈ। ਅਖੀਰ ਵਿਚ ਉਨ੍ਹਾਂ ਕਿਹਾ ਕਿ ਪੰਜਾਬ ਦੇ ਸਬੰਧ ਵਿਚ ਪ੍ਰੈਸ ਦਾ ਰੋਲ ਠੀਕ ਨਹੀਂ ਹੈ। ਇਸ ਸਬੰਧ ਵਿਚ ਉਨ੍ਹਾਂ ਦੱਸਿਆ ਕਿ ਪਿਛਲੇ ਪਦਨ ਅਹਿਮਦਾਬਾਦ ਵਿਚ ਫਿਰਕੂ ਫਸਾਦ ਹੋਏ ਉਸ ਵਿਚ ਮਰਨ ਵਾਲਿਆਂ ਦੀ ਕੋਈ ਪਛਾਣ ਨਹੀਂ ਦਿਤੀ ਗਈ, ਇਸੇ ਤਰ੍ਹਾਂ ਬਿਹਾਰ ਵਿਚ ਹੋਏ ਕਤਲਾਂ ਨੂੰ ਕਿਸੇ ਪ੍ਰਮੁਖਤਾ ਨਹੀਂ ਦਿਤੀ, ਪ੍ਰੰਤੂ ਪੰਜਾਬ ਵਿਚ ਸਮਾਜ ਵਿਰੋਧੀ ਕਾਰਵਾਈਆਂ ਨੂੰ ਵੀ ਦਹਿਸ਼ਤਵਾਦੀਆਂ ਨਾਲ ਜੋੜ ਕੇ ਅਤੇ ਉਛਾਲ ਕੇ ਦਹਿਸ਼ਤ ਪੈਦਾ ਕੀਤੀ ਜਾ ਰਹੀ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਪੰਜਾਬ, ਦੇਸ਼ ਅਤੇ ਕੌਮ ਦੇ ਵੱਡੇ ਹਿਤਾਂ ਨੂੰ ਮੁਖ ਰੱਖਦਿਆਂ ਪ੍ਰੈਸ ਆਪਣੇ ਰੋਲ ਦੀ ਜ਼ਰੂਰ ਸੀਖਿਆ ਕਰੇਗਾ ਅਤੇ ਉਸ ਨੂੰ ਬਦਲਣ ਵਲ ਕਦਮ ਵਧਾਏਗਾ।

ਪੰਜਾਬੀ ਲੇਖਕ ਮੰਚ ਵੈਨਕੂਵਰ
ਅਗਲੀ ਮੀਟਿੰਗ ਨਵੇਂ ਥਾਂ

ਮੰਚ ਦੀ ਅਗਲੀ ਮੀਟਿੰਗ 3 ਅਗਸਤ 86 ਦਿਨ ਐਤਵਾਰ 5:30 ਵਜੇ ਸ਼ਾਮ ਨੂੰ **ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੇ ਦਫਤਰ # 1 — 4725 ਕਿੰਗਜ਼ਵੇ, ਬਰਨਬੀ (ਦੂਜੀ ਮੰਜ਼ਿਲ) ਵਿਚ ਹੋਵੇਗੀ।**

ਸਾਰੇ ਮੈਂਬਰਾਂ ਨੂੰ ਸ਼ਾਮਿਲ ਹੋਣ ਲਈ ਉਚੇਚੀ ਬੇਨਤੀ ਕੀਤੀ ਜਾਂਦੀ ਹੈ।

ਲੰਡਨ ਡਾਇਰੀ



ਅਵਤਾਰ ਸਾਦਿਕ

ਪਿਛਲੇ ਦਿਨੀਂ ਬਰਤਾਨਵੀ ਮੈਟਰੋਪੋਲੀਟਨ ਪੁਲੀਸ ਵਲੋਂ 'ਪਬਲਿਕ ਔਰਡਰ' Public Ooder ਦਾ (1981-85) ਦਾ ਰੀਵੀਊ ਛਪਿਆ ਹੈ। ਇਸ ਰੀਵੀਊ ਵਿਚ ਇਨਰ ਸਿਟੀਜ (inner cities) ਵਿਚ ਹੋਏ ਸਿਵਲ ਫਸਾਦਾਂ ਜਾਂ ਦੰਗਿਆਂ ਤੇ ਭਵਿਖ ਵਿਚ ਕਾਬੂ ਪਾਉਣ ਲਈ 71 ਸਿਫਾਰਸ਼ਾਂ ਕੀਤੀਆਂ ਗਈਆਂ ਹਨ। ਪੁਲੀਸ ਵਿਭਾਗ ਦੇ ਦਾਓ ਪੇਚਾਂ ਵਿਚ ਤਬੀਦੀਲੀ ਤੋਂ ਲੈ ਕੇ ਪੁਲੀਸ ਅਫਸਰਾਂ ਦੀ ਟਰੇਨਿੰਗ ਤੇ ਉਸ ਸਮਾਨ ਨੂੰ ਵਰਤਣ ਦੀ ਸਿਫਾਰਸ਼ ਕੀਤੀ ਗਈ ਹੈ ਜਿਹੜਾ ਕਿ ਉਤਰ ਆਇਰਲੈਂਡ ਵਿਚ ਸੁਤੰਤਰਤਾ ਸੰਗਰਾਮੀਆਂ ਦੇ ਘੋਲ ਨੂੰ ਕੁਚਲਣ ਲਈ ਵਰਤਿਆ ਜਾਂਦਾ ਹੈ। ਰਬੜ ਦੀਆਂ ਗੋਲੀਆਂ, ਸੀ. ਐਸ. ਗੈਸ 26 ਇੰਚ ਦਾ ਲਕੜੀ ਦਾ ਡੰਡਾ ਜਿਹੜਾ ਕਿ ਹੁਣ 16 ਇੰਚ ਤੱਕ ਵਰਤਣ ਦੀ ਆਗਿਆ ਹੈ। ਰਾਤ ਵੇਲੇ ਹੈਲੀਕੌਪਟਰਾਂ ਰਾਹੀਂ ਅਜਿਹੇ ਸਾਮਾਨ ਨੂੰ ਵਰਤਣ ਦੀ ਸਿਫਾਰਸ਼ ਕੀਤੀ ਗਈ ਹੈ।

ਸਿਵਲ ਫਸਾਦਾਂ ਦੇ ਸਬੰਧ ਵਿਚ ਰੀਵੀਊ ਛਪਣ ਦੇ ਤੁਰੰਤ ਬਾਅਦ ਹੀ ਹੋਮ ਸੈਕਟਰੀ ਡਗਲਸ ਹਰਡ ਨੇ ਨਵਾਂ ਸਾਮਾਨ ਖਰੀਦਣ ਦਾ ਐਲਾਨ ਕਰ ਦਿਤਾ ਹੈ (ਜੁਲਾਈ 3, ਟਾਈਮਜ਼ ਅਖਬਾਰ) ਉਸ ਨੇ ਹਾਊਸ ਆਫ ਕਾਮਨਜ਼ ਨੂੰ ਦਸਿਆ ਕਿ ਉਸ ਨੇ 24 ਲੈਂਡ ਰੋਵਰਜ਼ (ਵੈਨਾਂ) 80 ਅਫਸਰਾਂ ਨੂੰ ਢੋਣ ਵਾਲੀਆਂ ਮੋਟਰਾਂ, 1500 ਡੰਡੇ ਤੇ 700 ਹੋਰ ਰੇਡੀਓ ਖਰੀਦਣ ਦੀ ਆਗਿਆ ਦੇ ਦਿੱਤੀ ਹੈ — ਉਨ੍ਹਾਂ ਇਹ ਵੀ ਦਸਿਆ ਕਿ ਅਜਿਹਾ ਸਾਮਾਨ ਲੰਡਨ ਦੇ ਏਰੀਏ ਤੋਂ ਬਾਹਰ ਵੀ ਵਰਤਿਆ ਜਾ ਸਕੇਗਾ ਤੇ ਪਬਲਿਕ ਔਰਡਰ ਦੀ ਕਾਇਮੀ ਲਈ ਤੇ ਹਿੰਸਕ ਹਜੂਮ ਦਾ ਮੁਕਾਬਲਾ ਕਰਨ ਲਈ ਅਜਿਹਾ ਸਾਮਾਨ ਵਰਤਣ ਦੀ ਪੂਰੀ ਖੁਲ੍ਹ ਹੋਣੀ ਚਾਹੀਦੀ ਹੈ — ਅਜਿਹੀ ਖੁਲ੍ਹ ਨਾਲ ਪੁਲਸ ਤੇ ਪਬਲਿਕ ਦਾ ਆਪਸੀ ਟਕਰਾਅ ਦੀ ਸਥਿਤੀ ਵਿਚ ਸੁਧਾਰ ਆਉਣ ਦੀ ਸੰਭਾਵਨਾ ਘਟ ਨਜ਼ਰ ਆਉਂਦੀ ਹੈ।

ਲੋਕ ਜਾਣਦੇ ਹਨ ਕਿ 28 ਅਤੇ 29 ਸਤੰਬਰ ਨੂੰ ਪਿਛਲੇ ਵਰ੍ਹੇ ਬਰਿਕਸਟਨ ਵਿਚ ਪੁਲਸ ਕੋਲੋਂ ਅਚਾਨਕ ਮਿਸਿਜ਼ ਚੈਰੀ ਗਰੋਸ ਦੇ ਗੋਲੀ ਲਗਣ ਕਾਰਣ ਫਸਾਦਾਂ ਦਾ ਰੂਪ ਧਾਰ ਲਿਆ ਸੀ। ਪੁਲਸ ਜਦ ਕਿ ਦਖਣੀ ਲੰਡਨ ਵਿਚ ਇਕ ਹਥਿਆਰਾਂ ਨਾਲ ਸਬੰਧਤ ਘਟਨਾ ਦੇ ਸਬੰਧ ਵਿਚ ਉਸ ਦੇ ਲੜਕੇ ਦੀ ਭਾਲ ਵਿਚ ਸੀ।

ਇਵੇਂ ਹੀ 6 ਅਕਤੂਬਰ ਨੂੰ ਟੋਟਨਮ ਵਿਖੇ ਮਿਸਿਜ਼ ਸਿੰਥੀਆ ਜੈਰਟ ਪੁਲਸ ਦੇ ਘਰ ਆਉਣ ਨਾਲ ਘਬਰਾਕੇ ਡਿਗੀ ਤੇ ਮਰ ਗਈ। ਪੁਲਸ ਉਸ ਦੇ ਮੁੰਡੇ ਦੀ ਭਾਲ ਵਿਚ ਘਰ ਆਈ ਸੀ। ਉਪਰੋਕਤ ਘਟਨਾਵਾਂ ਕਾਲੇ ਰੰਗ ਦੇ ਘਰਾਂ ਵਿਚ ਵਾਪਰੀਆਂ ਸਨ। ਪੁਲਸ ਵਤੀਰੇ ਦੇ ਸਬੰਧ ਵਿਚ ਫਸਾਦ ਦੇ ਦੌਰਾਨ ਤੇ ਬਾਦ ਵਿਚ ਕਰੜੀ ਅਲੋਚਨਾ ਹੋਈ ਸੀ।

ਟੋਟਨਮ ਤੇ ਬ੍ਰਿਕਸਨ ਦੇ ਫਸਾਦਾਂ ਸਮੇਂ ਇਕ ਫੋਟੋ ਗ੍ਰਾਫਰ ਤੇ ਇਕ ਪੁਲੀਸਮੈਨ ਦੀ ਮੌਤ ਹੋਈ ਸੀ ਉਨ੍ਹਾਂ ਦੰਗਿਆਂ ਵਿਚ ਰੀਵੀਊ ਅਨੁਸਾਰ 381 ਲੋਕਾਂ ਦੇ ਸੱਟਾ ਲਗੀਆਂ ਜਿਨ੍ਹਾਂ ਵਿਚ 348 ਪੁਲੀਸ ਦੇ ਅਫਸਰ ਵੀ ਸ਼ਾਮਲ ਸਨ। 395 ਲੋਕਾਂ 2.4 ਮਿਲੀਅਨ ਪੌਂਡ ਦਾ ਹਰਜਾਨਾ ਭਰਨ ਲਈ ਪੁਲੀਸ ਕੋਲ ਅਰਜੀਆਂ ਦਿਤੀਆਂ ਸਨ।

ਪੁਲਸ ਅਧਿਕਾਰੀਆਂ ਇਸ ਗਲ ਦਾ ਯਕੀਨ ਦਵਾਇਆ ਹੈ ਕਿ ਭਵਿਖ ਵਿਚ ਅਜਿਹੇ ਸਾਮਾਨ ਦੀ ਵਰਤੋਂ ਨਾਲ ਪਬਲਿਕ ਬੇਚੈਨੀ ਜਾਂ ਦੰਗਿਆਂ ਤੇ ਤੁਰੰਤ ਕਾਬੂ ਪਾ ਲਿਆ ਜਾਵੇਗਾ। ਉਨ੍ਹਾਂ ਅਜੇ ਭਵਿਖ ਵਿਚ ਵਾਪਰਨ ਵਾਲੇ ਦੰਗਿਆਂ ਵਾਰੇ ਕੋਈ ਭਵਿਖਬਾਣੀ ਨਹੀਂ ਕੀਤੀ। ਉਨ੍ਹਾਂ ਲੰਡਨ ਦੇ ਚਾਰ ਇਲਾਕਿਆਂ ਭਾਵ ਹੈਕਨੀ, ਕਿਲਬਰਨ, ਹੈਰਿੰਗੇ ਤੇ ਲੈਮਬਥ ਵਿਚਲੇ ਤਿਖੇ ਤਣਾਵਾਂ ਵਲ ਇਸ਼ਾਰਾ ਜ਼ਰੂਰ ਕੀਤਾ ਹੈ।

ਮਾਰੂ ਹਥਿਆਰਾਂ ਦੀ ਖੁਲ੍ਹ — ਹਿੰਸਕ ਰਾਹ

ਬਰਤਾਨੀਆ ਦੇ ਲੋਕ ਜਾਣਦੇ ਹਨ ਕਿ ਟੋਰੀ ਸਰਕਾਰ ਦੀਆਂ ਆਰਥਿਕ ਪਾਲਸੀਆਂ ਕਾਰਣ ਬੇਰੁਜ਼ਗਾਰੀ ਪੰਜ ਮਿਲੀਅਨ ਹੋ ਗਈ ਹੈ। ਲੋਕ ਭਲਾਈ ਦੀਆਂ ਸਹੂਲਤਾਂ ਵਿਚ ਕਟੌਤੀ ਕੀਤੀ ਜਾ ਰਹੀ ਹੈ। ਦਸ ਮਿਲੀਅਨ ਤੋਂ ਉਪਰ ਲੋਕ ਗਰੀਬੀ ਦੀ ਹੱਦ ਤੋਂ ਥੱਲੇ ਰਹਿ ਰਹੇ ਹਨ। ਇਨਰਸਿਟੀਜ ਵਿਚ ਬੇਰੁਜ਼ਗਾਰੀ ਕੌਮੀ ਔਸਤ ਨਾਲੋਂ ਤਿੰਨ ਗੁਣਾਂ ਵਾਧੂ ਹੈ। ਭਵਿਖ ਵਿਚ ਨੌਕਰੀਆਂ ਪ੍ਰਾਪਤ ਕਰਨ ਦੀ ਆਸ ਲੋਕਾਂ ਦੇ ਮਨ ਵਿਚੋਂ ਅਲੋਪ ਹੋ ਗਈ ਹੈ। ਲੋਕ ਜਾਣਦੇ ਹਨ ਕਿ ਟੋਰੀ ਸਰਕਾਰ ਮੁਨਾਫੇਖੋਰਾਂ ਦੇ ਹਿਤ ਪਾਲਣ ਲਈ ਬੇਰੁਜ਼ਗਾਰੀ ਗਰੀਬੀ ਤੇ ਜੀਵਨ ਪੱਧਰ ਨੂੰ ਜਾਣ ਬੁਝ ਕੇ ਥੱਲੇ ਲਿਆ ਰਹੀ ਹੈ। ਕਾਲੇ ਲੋਕੀ ਬਹੁਗਿਣਤੀ ਵਿਚ ਇਨਰਸਿਟੀਜ ਵਿਚ ਰਹਿੰਦੇ ਹੋਣ ਕਾਰਨ ਕੌਮੀ ਪ੍ਰੈਸ ਸਮਾਜਕ-ਆਰਥਕ ਸਮਸਿਆਵਾਂ ਨਸਲੀ ਵਿਤਕਰੇ ਤੇ ਨਸਲੀ ਹਮਲਿਆਂ ਕਾਰਣ ਪਾਈ ਜਾਂਦੀ ਬੇਚੈਨੀ ਲਈ, ਕਾਲੇ ਲੋਕਾਂ ਨੂੰ ਹੀ ਜ਼ੁੰਮੇਂਵਾਰ ਠਹਿਰਾਉਣ ਦਾ ਤਾਣ ਲਾਉਂਦੀ ਹੈ ਪ੍ਰੈਸ ਨੇ ਇਹ ਵੀ ਤਾਣ ਫਸਾਦਾਂ ਸਮੇਂ ਲਾਇਆ ਕਿ ਦੇਸ ਦੀ ਭੂਮੀ ਅੰਦਰ ਹੀ ਦੇਸ਼ ਦੇ ਦੁਸ਼ਮਣ ਪੈਦਾ ਹੋ ਗਏ ਹਨ।

ਨਸਲੀਵਾਦੀ ਲੀਡਰ ਈਨੌਕ ਪਾਵਲ ਨੇ ਪੰਦਰਾਂ ਸਤੰਬਰ 1985 ਦੇ 'ਸੰਡੇ ਐਕਸਪ੍ਰੈਸ' ਦੇ ਅਖਬਾਰ ਵਿਚ ਕਿਹਾ ਸੀ "ਕਿ ਕਰਤਾਨੀਆ ਨੂੰ ਦੰਗਿਆਂ ਦੀ ਅੱਗ ਵਿਚ ਝੋਕਣ ਤੋਂ ਪਹਿਲਾਂ ਕਾਲੇ ਲੋਕਾਂ ਨੂੰ ਦੇਸ਼ ਨਿਕਾਲਾ ਦੇਣਾ ਹੀ ਇਕੋ ਇਕ ਤਰੀਕਾ ਹੈ —" ਸ਼ਹਿਰਾਂ ਵਿਚ ਸ਼ਾਂਤੀ ਕਾਇਮ ਕਰਨ ਦਾ।

ਪਿਛਲੇ ਦਿਨੀਂ ਹੋਮ ਸੈਕਟਰੀ ਨੇ ਆਪ ਮੰਨਿਆ ਹੈ ਕਿ ਕਾਲੇ ਲੋਕ ਨਸਲੀ ਵਿਤਕਰੇ ਦੀ ਹੋਂਦ ਕਾਰਣ ਸਮਾਜ ਵਿਚ ਬਰਾਬਰ ਦੇ ਮੌਕੇ ਪ੍ਰਾਪਤ ਕਰਨ ਤੋਂ ਵੰਚਿਤ ਹਨ। (ਗਾਰਡੀਅਨ 2 ਜੁਲਾਈ) ਹੋਮ ਸੈਕਟਰੀ ਨੇ ਮੰਨਿਆ ਹੈ ਕਿ ਟੋਰੀ ਪਾਰਟੀ ਦੀਆਂ ਇਨਰ ਸਿਟੀਜ ਦੇ ਗਰੀਬ ਲੋਕਾਂ ਦੀਆਂ ਲੋੜਾਂ ਨੂੰ ਪੂਰੀਆਂ ਕਰਨ ਲਈ ਕੁਤਾਹੀ ਕਰਦੀ ਰਹੀ ਹੈ। ਇਨਰਸਿਟੀਜ ਵਿਚ ਗਰੀਬੀ, ਬੇਰੁਜ਼ਗਾਰੀ, ਜੁਰਮ ਨਿਰਾਸ਼ਾ, ਘਰਾਂ ਦੀ ਭੈੜੀ ਹਾਲਤ, ਸਕੂਲ ਲਈ ਸਹੂਲਤਾਂ ਦੀ ਕਮੀ ਅਤੇ ਭੈੜਾ ਵਾਤਾਵਰਣ ਆਦਿ ਸਮਸਿਆਵਾਂ ਹੋਣ ਕਾਰਨ ਇਨਰਸਿਟੀਜ ਦੀ ਵਸੋਂ ਦੇ ਰਵੱਈਏ ਵਿਚ ਵਿਰੋਧਤਾ ਤਿਖੇ ਰੂਪ ਵਿਚ ਪ੍ਰਗਟ ਹੋ ਰਹੀ ਹੈ। ਇਨਰਸਿਟੀਜ਼ ਵਿਚ ਵਸਦੇ ਨੌਜਵਾਨ ਸਮਾਜ ਨਾਲੋਂ ਬਹੁਮਾਤਰਾ ਵਿਚ ਨਿਖੜ ਰਹੇ ਹਨ ਇਸ ਨਿਖੇੜੇ ਕਾਰਣ ਇਨਰਸਿਟੀਜ ਦੀ ਵਸੋਂ ਨੇ ਭੂਤ ਵਿਚ ਹਿੰਸਕ ਰੂਪ ਧਾਰਿਆ ਸੀ। ਇਨ੍ਹਾਂ ਸਮਾਜਕ ਤੇ ਆਰਥਕ ਹਾਲਾਤਾਂ ਕਾਰਣ ਕਾਲੇ ਲੋਕਾਂ ਦੀ ਜੇਲ੍ਹਾਂ ਵਿਚ ਗਿਣਤੀ ਸਮੁੱਚੀ ਵਸੋਂ ਨਾਲੋਂ ਅਠ ਗੁਣਾ ਜ਼ਿਆਦਾ ਹੈ। ਹੋਮ ਆਫਿਸ ਦੀ ਹੁਣੇ ਪ੍ਰਕਾਸ਼ਤ ਹੋਈ ਰੀਪੋਰਟ ਨਾਲ ਬਰਤਾਨਵੀ ਅਦਾਲਤਾਂ ਦੀ ਅਲੋਚਨਾ ਹੋਣੀ ਸ਼ੁਰੂ ਹੋ ਗਈ ਹੈ ਕਿ ਕਾਲੇ ਲੋਕਾਂ ਨਾਲ ਅਦਾਲਤਾਂ ਵਿਚ ਵੀ ਵਿਤਕਰਾ ਕੀਤਾ ਜਾਂਦਾ ਹੈ।

ਹੋਮ ਆਫਿਸ ਦੀ ਰੀਪੋਰਟ ਦੇ ਅੰਕੜੇ ਹੇਠ ਦਿਤੇ ਅਨੁਸਾਰ ਹਨ :

ਸਾਰੇ ਲੋਕਾਂ ਦੇ ਮੁਕਾਬਲੇ ਵਿਚ 25 % ਉਮਰ ਕੈਦ ਭੋਗਣ ਵਾਲੇ ਕਾਲੇ ਲੋਕ ਹਨ, 40% ਬੋਰਸਟਲਜ਼ ਵਿਚ ਰਹਿਣ ਵਾਲੇ ਕਾਲੇ ਹਨ (ਸੋਲਾਂ ਸਾਲ ਤੋਂ ਥੱਲੇ ਵਾਲੇ), 23% ਬਰਤਾਨਵੀ ਜੇਲ੍ਹਾਂ ਵਿਚ ਕਾਲੇ ਲੋਕ ਹਨ (ਕਾਲੇ ਲੋਕਾਂ ਦੀ ਵਸੋਂ ਜਦ ਕਿ ਚਾਰ ਪ੍ਰਤੀਸ਼ਤ ਦੇ ਲਗਭਗ ਹੈ।)

ਸਮਾਨਤਾ ਕਮਿਸ਼ਨ ਨੇ ਆਪਦੀ ਸਾਲਾਨਾ ਰੀਪੋਰਟ ਵਿਚ ਪਿਛਲੇ ਵਰ੍ਹਿਆਂ ਵਿਚ ਵਾਪਰੀ ਸਮਾਜਕ ਬੇਚੈਨੀ ਤੇ ਦੰਗਿਆਂ ਲਈ ਇਨਰਸਿਟੀਜ ਵਿਚ ਪਾਈਆਂ ਜਾਂਦੀਆਂ ਅਰਥਕ/ਸਮਾਜਕ ਹਾਲਤਾਂ ਨੂੰ ਜ਼ੁੰਮੇਂਵਾਰ ਠਹਿਰਾਇਆ ਹੈ (ਅਜਿਹੀਆਂ ਹਾਲਤਾਂ ਟੋਰੀ ਪਾਰਟੀ ਦੀਆਂ ਪਾਲਸੀਆਂ ਦਾ ਨਤੀਜਾ ਹੈ) ਹਜ਼ਾਰਾਂ ਲੋਕ ਨਸਲੀ ਵਿਤਕਰੇ ਦਾ ਸ਼ਿਕਾਰ ਹਨ। ਸਮਾਨਤਾਂ ਕਮਿਸ਼ਨ ਦੀ ਰੀਪੋਰਟ ਨੇ ਕਾਲੇ ਲੋਕਾਂ ਤੇ ਵੱਧ ਰਹੇ ਨਸਲੀ ਹਮਲਿਆਂ ਦਾ ਵੀ ਜ਼ਿਕਰ ਕੀਤਾ ਹੈ ਅਤੇ ਸਰਕਾਰ ਨੂੰ ਸੁਝਾ ਦਿਤਾ ਹੈ ਕਿ ਨਸਲੀ ਸਬੰਧਾਂ ਨੂੰ ਠੀਕ ਕਰਨ ਲਈ ਨਸਲੀ ਸਬੰਧਾਂ ਦੇ ਕਾਨੂੰਨ ਨੂੰ ਹੋਰ ਕਰੜਾ ਕੀਤਾ ਜਾਵੇ। ਬਹੁ ਸਭਿਆਚਾਰਕ ਵਿਦਿਆ ਦਾ ਪ੍ਰਬੰਧ ਕੀਤਾ ਜਾਵੇ। ਲੋਕਲ ਅਥਾਰਟੀਜ਼ ਬਰਾਬਰ ਦੇ ਮੌਕੇ ਪ੍ਰਦਾਨ ਕਰਨ ਲਈ ਵਧੇਰੇ ਰੂਪ ਵਿਚ ਯਤਨਸ਼ੀਲ ਹੋਣ। ਜਿਹੜੇ ਠੇਕੇਦਾਰ ਬਰਾਬਰ ਦੇ ਮੌਕੇ ਪ੍ਰਦਾਨ ਕਰਨ ਦੀ ਗਰੰਟੀ ਨਾ ਦੇਣ ਉਨ੍ਹਾਂ ਨੂੰ ਠੇਕੇ ਨਹੀਂ ਦੇਦੇ ਚਾਹੀਦੇ। ਨਸਲੀ ਵਿਤਕਰੇ ਨੂੰ ਖਤਮ ਕਰਨ ਲਈ ਸਰਕਾਰ ਪਹਿਲਾਂ ਆਪ ਠੋਸ ਕਦਮ ਚੁਕੇ ਆਦਿ ਸਿਫਾਰਸ਼ ਰੀਪੋਰਟ ਰਾਹੀਂ ਕੀਤੀਆਂ ਗਈਆਂ ਹਨ (ਜੂਨ 1985 ਦੀ ਰੀਪੋਰਟ)

ਬੇਰੁਜ਼ਗਾਰੀ ਨੂੰ ਹਲ ਕਰਨ ਲਈ ਸਰਕਾਰ ਦੀਆਂ ਨੌਜਵਾਨਾਂ ਲਈ ਚਲਾਈਆਂ ਟਰੇਨਿੰਗ ਸਕੀਮਾਂ ਹੁਨਰ ਸਿਖਣ ਦੀਆਂ ਸਕੀਮਾਂ ਵੀ ਸਫਲ ਨਹੀਂ ਹੋ ਰਹੀਆਂ। ਕੁਝ ਮਹੀਨੇ ਪਹਿਲਾਂ ਟੋਰੀ ਸਰਕਾਰ ਨੇ "ਟਾਸਕ ਫੋਰਸ" ਦੇ ਸਿਰਲੇਖ ਥੱਲੇ ਬਰਤਾਨੀਆਂ ਤੇ 8 ਸ਼ਹਿਰਾਂ ਦੇ ਨਿਘਰ ਰਹੇ ਇਲਾਕਿਆਂ ਨੂੰ ਅੱਠ ਮਿਲੀਅਨ ਗਰਾਂਟ ਦੇ ਕੇ ਹਾਲਤ ਸੁਧਾਰਨ ਦੀ ਪਹੁੰਚ ਅਪਨਾਈ ਹੈ। ਜਦ ਕਿ ਸਰਕਾਰ ਦੀਆਂ ਚਲਾਈਆਂ ਇੰਨਰ ਏਰੀਏ ਪਰੋਗਰਾਮ ਇਨਰਸਿਟੀਜ਼ ਲਈ 1979 ਤੋਂ ਚਲ ਰਹੇ ਪਰੋਗਰਾਮ ਕੋਈ ਸੁਧਾਰ ਨਹੀਂ ਲਿਆ ਸਕੇ।

ਬਰਤਾਨੀਆ ਵਿਚ ਆਰਥਕ ਸੰਕਟ ਕਾਰਣ ਬੇਚੈਨੀ ਵਧ ਰਹੀ ਹੈ। ਲੋਕਾਂ ਦਾ ਜੀਵਨ ਪੱਧਰ ਲਗਾਤਾਰ ਡਿਗ ਰਿਹਾ ਹੈ। ਸਰਕਾਰ ਪਬਲਿਕ ਤੇ ਸਿਹਤ ਵਿਭਾਗ ਵਿਚ ਲਗਾਤਾਰ ਕਟੌਤੀਆਂ ਕਰਕੇ ਸਥਿਤੀ ਨੂੰ ਹੋਰ ਵਿਗਾੜ ਰਹੀ ਹੈ। ਫੌਜੀ ਬਜਟ ਤੇ ਪੁਲੀਸ ਦੇ ਬਜਟ ਵਿਚ ਵਾਧਾ ਕਰ ਰਹੀ ਹੈ। ਸਰਕਾਰ ਦੀਆਂ ਆਰਥਕ ਤੇ ਸਮਾਜਕ ਪਾਲਸੀਆਂ ਕਾਰਣ ਜਮਾਤੀ ਪਾੜਾ ਵਧਿਆ ਹੈ ਤੇ ਜਮਾਤੀ ਲੜਾਈ ਜਾਂ ਜਮਾਤੀ ਟੱਕਰ ਤੇ ਕਾਬੂ ਪਾਉਣ ਲਈ ਸਰਕਾਰ ਵਲੋਂ ਪੁਲਸ ਨੂੰ ਰਬੜ ਦੀਆਂ ਗੋਲੀਆਂ, ਬੀ. ਐਸ. ਗੈਸ ਤੇ ਲੰਮੇ ਡੰਡੇ ਆਦਿ ਦੀ ਵਰਤੋਂ ਕਰਨ ਦੀ ਆਗਿਆ ਨਾਲ ਸਥਿਤੀ ਨਹੀਂ ਸੁਧਰੇਗੀ।

1981 ਦੇ ਦੰਗਿਆਂ ਬਾਅਦ ਸਕਾਰਮੈਂਨ ਦੀ ਰੀਪੋਰਟ ਨੇ ਗਰੀਬੀ ਬੇਰੁਜ਼ਗਾਰੀ, ਇਨਰਸਿਟੀਜ ਦੀ ਭੈੜੀ ਹਾਲਤ, ਨਸਲਵਾਦ ਤੇ ਨਸਲੀ ਵਿਤਕਰੇ ਆਦਿ ਜਹੀਆਂ ਆਰਥਕ ਸਮਾਜਕ ਬੀਮਾਰੀਆਂ ਤੇ ਕਾਬੂ ਪਾਉਣ ਲਈ ਸਿਫਾਰਸ਼ਾਂ ਕੀਤੀਆਂ ਸਨ। ਜਦ ਤਕ ਸਰਕਾਰ ਉਪਰੋਕਤ ਦੱਸੇ ਮਸਲੇ ਹਲ ਕਰਨ ਵੱਲ ਨਹੀਂ ਤੁਰਦੀ — ਸਮਾਜਕ ਅਸ਼ਾਂਤੀ ਦੇ ਪ੍ਰਗਟਾਵਿਆਂ ਨੂੰ ਸਖਤੀ ਨਾਲ ਕਾਬੂ ਪਾਉਣ ਦੀ ਪਾਲਸੀ ਲੋਕਾਂ ਦੇ ਹੱਕੀ ਘੋਲ ਨੂੰ ਦਬਾ ਨਹੀਂ ਸਕੇਗੀ।

ਇਕ ਪਾਸੇ ਸਰਕਾਰ ਪੁਲਸ ਨੂੰ ਮਾਰੂ ਹਥਿਆਰਾਂ ਨਾਲ ਲੈਸ ਕਰ ਰਹੀ ਹੈ ਦੂਜੇ ਪਾਸੇ ਇਨ੍ਹਾਂ ਸਮਾਜਕ-ਆਰਥਕ ਥੁੜਾਂ ਦੀ ਜ਼ੁੰਮੇਂਵਾਰੀ ਫਾਸ਼ਿਸ਼ਟ ਜਥੇਬੰਦੀਆਂ ਵਲੋਂ ਕਾਲੇ ਲੋਕਾਂ ਤੇ ਸੁੱਟੀ ਜਾ ਰਹੀ ਹੈ — ਕਿ ਇਨ੍ਹਾਂ ਲੋਕਾਂ ਇਨਰਸਿਟੀਜ ਦਾ ਸੰਕਟ ਪੈਦਾ ਕੀਤਾ ਹੈ। ਹੁਣੇ ਪ੍ਰਕਾਸ਼ ਹੋਈ ਰਨੀਮੀਡ ਟਰਸਟ ਦੀ ਰੀਪੋਰਟ ਅਨੁਸਾਰ 70,000 ਲੋਕ ਨਸਲੀ ਹਮਲਿਆਂ ਦਾ ਸ਼ਿਕਾਰ ਹੋਏ ਤੇ ਦਰਜਨਾਂ ਲੋਕ ਬੇਰਹਿਮੀ ਨਾਲ ਮਾਰੇ ਗਏ ਹਨ। ਇਨਰਸਿਟੀਜ ਵਿਚ ਵਧ ਰਹੀ ਦਹਿਸ਼ਤਪਸੰਦੀ ਨੇ ਲੋਕਾਂ ਲਈ ਭੈਅ ਦੀ ਰੌਂਅ ਪੈਦਾ ਕੀਤੀ ਹੋਈ ਹੈ ਅਜਿਹੇ ਮਸਲਿਆਂ ਨੂੰ ਨਜਿਠਣ ਲਈ ਪੁਲਸ ਵਤੀਰੇ ਦੀ ਨਿੰਦਾ ਵੀ ਕੀਤੀ ਗਈ ਹੈ।

ਪਬਲਿਕ ਔਰਡਰ ਦੀ ਸੁਤੀ ਵਿਚ ਪੁਲਸ ਨੂੰ ਹਥਿਆਰ ਦੇ ਕੇ ਸਥਿਤੀ ਵਿਚ ਸੁਧਾਰ ਲਿਆਉਣ ਲਈ ਅਸਮਰਥ ਰਹੇਗੀ। ਮਜ਼ਦੂਰ ਸਭਾ ਹੋਮ ਆਫਿਸ ਦੀ ਇਸ ਹਿੰਸਕ ਪਹੁੰਚ ਦੀ ਨਿਖੇਧੀ ਕਰਦੀ ਕਿਉਂਕਿ ਮਾਰੂ ਹਥਿਆਰ ਦੀ ਖੁਲ ਬਰਤਾਨੀਆ ਦੀਆਂ ਗਲੀਆਂ ਤੇ ਹਿੰਸਾ ਨੂੰ ਵਧੇਰੇ ਰੂਪ ਵਿਚ ਜਨਮ ਦੇਵੇਗੀ।

ਜਾਸੂਸੀ ਨਾਵਲਾਂ ਦਾ ਪ੍ਰਸਿਧ ਲੇਖਕ, ਰੈਕਸ ਸਟਾਊਟ ਕਿਤਾਬਾਂ ਦੇ ਵਾਯੂਮੰਡਲ ਵਿਚ ਵੱਡਾ ਹੋਇਆ ਸੀ। ਉਸ ਦੇ ਪਿਤਾ ਕੋਲ ਘਰ ਵਿਚ ਢੇਰਾਂ ਕਿਤਾਬਾਂ ਸਨ। ਰੈਕਸ ਦੀ ਮਾਂ ਨੂੰ ਵੀ ਪੜ੍ਹਨ ਦਾ ਬਹੁਤ ਸ਼ੌਕ ਸੀ। ਕੋਈ ਕਿਤਾਬ ਪੜ੍ਹਨ ਵੇਲੇ ਉਹ ਆਪਣੀ ਬਗਲ ਵਿਚ ਇਕ ਭਾਂਡੇ ਵਿਚ ਠੰਡਾ ਪਾਣੀ ਤੇ ਨਾਲ ਤੌਲੀਆ ਰਖ ਲੈਂਦੀ। ਉਸ ਦੇ ਨੌਆਂ ਬੱਚਿਆਂ 'ਚੋਂ ਜਦ ਕਦੇ ਕੋਈ ਬੱਚਾ ਉਸ ਕੋਲ ਆ ਕੇ ਉਸ ਦੇ ਪੜ੍ਹਨ ਵਿਚ ਵਿਘਨ ਪਾਉਂਦਾ, ਤਾਂ ਉਹ ਉਸੇ ਵੇਲੇ ਠੰਡੇ ਪਾਣੀ ਵਿਚ ਤੌਲੀਆ ਭਿਉਂ ਕੇ ਉਹਦਾ ਮੂੰਹ ਧੋਣ ਲਗਦੀ। ਕੁਝ ਹੀ ਚਿਰ ਪਿਛੋਂ ਬੱਚਿਆਂ ਨੇ ਉਸ ਦੇ ਪੜ੍ਹਨ ਵੇਲੇ ਉਸ ਕੋਲ ਆਉਣਾ ਛੱਡ ਦਿੱਤਾ ਸੀ।

ਕੌਮੀ-ਸ਼ਾਵਨਵਾਦ ਦੀ ਭੱਠੀ ਵਿੱਚ ਸੜਦਾ—ਭੁੱਜਦਾ, ਪੰਜਾਬ

ਯੁਵਰਾਜ ਰਤਨ

ਅੱਜ ਇਕੱਲਾ ਪੰਜਾਬ ਹੀ ਕੌਮੀ-ਸ਼ਾਵਨਵਾਦ ਦੀ ਭੱਠੀ ਵਿਚ ਹੀ ਨਹੀਂ ਭੁੱਜ ਰਿਹਾ। ਇਸ ਤੋਂ ਪਹਿਲਾਂ ਨਾਗਾਲੈਂਡ, ਆਸਾਮ, ਜੰਮੂ-ਕਸ਼ਮੀਰ ਅਤੇ ਲੰਕਾ ਵਿਚ ਤਾਮਿਲਾਂ ਨੂੰ ਭਾਰਤੀ ਸਰਕਾਰ ਦੇ ਜਮੂਰੇ ਵੱਲੋਂ ਜਨੂੰਨੀ ਜ਼ਹਿਰ ਦੇ ਪਿਆਲੇ ਭਰ ਭਰ ਪਿਆਏ ਜਾ ਰਹੇ ਹਨ — ਭਾਰਤ ਵਿਚ ਥਾਂ ਥਾਂ ਜਨੂੰਨੀ ਅੱਗ ਉਗਲੱਛੀ ਜਾ ਰਹੀ ਹੈ। ਦੁੱਖ ਆਸਾਨੂੰ ਉਨ੍ਹਾਂ ਹੀ ਜਿੰਨ੍ਹਾਂ ਪੰਜਾਬੋਂ ਬਾਹਰ ਨਿਕਲਿਆਂ ਵਿਚ ਧਰਮਾਂ ਦੀ ਆੜ ਵਿਚ ਇਨਸਾਨਾਂ ਦੇ ਖ਼ੂਨ ਨਾਲ ਹੋਲੀ ਖੇਡੀ ਜਾ ਰਹੀ ਹੈ। ਜਿਵੇਂ ਕਿ ਹੁਣ ਪਿਛਲੇ ਚਾਰ ਕੁ ਸਾਲਾਂ ਤੋਂ ਪੰਜਾਬ ਇਸ ਦੀ ਲਪੇਟ ਵਿਚ ਆਇਆ ਹੋਇਆ ਹੈ।

ਇਸ ਦੀ ਸਿੱਧੀ ਜ਼ੁੰਮੇਂਵਾਰੀ ਦਿੱਲੀ ਦੀ ਸਰਕਾਰ ਸਿਰ ਹੈ। ਉਹ ਇੱਕਵੀਂ ਸਦੀ ਦੀ ਅਖੌਤੀ ਲੋਕ-ਤੰਤਰ ਸਰਕਾਰ ਦੇ ਮਖੌਟੇ ਵਿਚ ਪੁੱਜਕੇ ਫਿਰਕਾਪ੍ਰਸਤ ਹੈ। ਧਰਮ, ਬੋਲੀ, ਇਲਾਕਾਵਾਦ ਦੀ ਆੜ ਵਿਚ ਇਕ ਦੂਸਰੇ ਨੂੰ ਲੜਾ ਲੜਾ ਆਪਣਾ ਉਲੂ ਸਿੱਧਾ ਕਰ ਰਹੀ ਹੈ — ਜਿਸਦਾ ਦੂਸਰਾ ਨਾਂ ਹੈ ਕੁਰਸੀ ਨੂੰ ਕਾਇਮ ਰੱਖਣਾ।

ਜਿਵੇਂ ਕਿ ਆਰਥਕ ਸੰਕਟ ਨੇ ਪੰਜਾਬ ਤੇ ਸਮੁੱਚੇ ਤੌਰ ਤੇ ਭਾਰਤ ਦੇ ਕਿਸਾਨ ਤੇ ਮਜ਼ਦੂਰ ਦਾ ਜਿਉਣਾ ਦੁੱਭਰ ਕੀਤਾ ਹੋਇਆ ਹੈ। ਮਜ਼ਦੂਰ ਦਾ ਪੁੱਤ ਤਾਂ ਮਜ਼ਦੂਰ ਹੀ ਰਹਿ ਜਾਂਦਾ ਹੈ; ਪਰ ਸਾਧਾਰਨ ਕਿਸਾਨ ਦਿਨ ਭਰ ਲੱਕ-ਤੋੜਵੀਂ ਮਿਹਨਤ ਕਰਕੇ ਆਪਣੇ ਬੱਚਿਆਂ ਨੂੰ ਅੱਡੀ-ਚੋਟੀ ਦਾ ਜ਼ੋਰ ਲਾਕੇ, ਕਰਜਾ ਚੁੱਕਕੇ ਸਕੂਲ-ਕਾਲਜਾਂ ਦੀ ਪੜ੍ਹਾਈ ਕਰਾਉਂਦਾ ਹੈ। ਇਸ ਆਸ ਦੇ ਸਹਾਰੇ ਕਿ ਉਹ ਕੱਲ੍ਹ ਨੂੰ ਉਸ ਨਾਲ ਆਰਥਕ-ਮੋਢਾ ਲਾ ਕੇ ਪਰਵਾਰ ਦੇ ਵਾਰੇ-ਨਿਆਰੇ ਕਰੇਗਾ। ਤੇ ਵੱਡਾ ਫਿਕਰ ਸ਼ਾਹੂਕਾਰ ਦਾ ਕਰਜਾ ਹੈ ਤੇ ਉਸਨੂੰ ਲਾਹੇਗਾ — ਬੱਚੇ ਔਖ ਸੌਖ ਨਾਲ ਪੜ੍ਹ ਲਿਖ ਤਾਂ ਜਾਂਦੇ ਹਨ ਪਰ ਨੌਕਰੀ ਲਈ ਥਾਂ ਥਾਂ ਦੀਆਂ ਠੋਕਰਾਂ ਖਾਂਦੇ ਫਿਰਕੇ ਰਹਿੰਦੇ ਹਨ — ਪਰ ਕੰਮ ਮਿਲ ਜਾਣ ਦੀ ਆਸ ਨਹੀਂ ਬੱਝਦੀ। ਮਨ ਨੂੰ ਢਾਰਸ ਦੇ ਕੇ ਆਪਣੇ ਬਾਪ ਨਾਲ ਹੀ ਖੇਤ ਵਿਚ ਜਾ ਮਿੱਟੀ ਨਾਲ ਮਿੱਟੀ ਹੋਣਾ ਪੈਂਦਾ ਹੈ — ਇਹ ਕਹਾਣੀ ਬਹੁਤ ਪੁਰਾਣੀ ਹੈ, ਜੋ ਪੀੜ੍ਹੀ ਦਰ ਪੀੜ੍ਹੀ ਚਲੀ ਆ ਰਹੀ ਹੈ - ਛੋਟੀ ਕਿਸਾਨੀ ਹੁਣ ਦਲਿਤ-ਮਜ਼ਦੂਰਾਂ ਨਾਲ ਆ ਮਿਲੀ ਹੈ। ਤੇ ਦਰਮਿਆਨੀ ਕਿਸਾਨੀ ਨੇ ਛੋਟੀ ਕਿਸਾਨੀ ਦੀ ਥਾਂ ਆ ਲਈ ਹੈ — ਹੋਰ ਅਗਲੀ ਪੀੜ੍ਹੀ ਵਿਚ ਉਹ ਮਜ਼ਦੂਰ ਜਮਾਤ ਵਿਚ ਮਜ਼ਬੂਰਨ ਜਾਵੇਗੀ - ਜਦ ਤੀਕ ਅਜੋਕੇ ਗਲੇ-ਸੜੇ ਨਿਜ਼ਾਮ ਦਾ ਤੱਖਤਾ ਮੂੱਧਾ ਨਹੀਂ ਮਾਰਿਆ ਜਾਂਦਾ।

ਇਸੇ ਦੌਰਾਨ ਮੌਕਾਪ੍ਰਸਤ ਪਾਰਟੀਆਂ ਲੋਕਾਂ ਦੀ ਨਬਜ਼ ਪਛਾਣਕੇ, ਅਖੌਤੀ ਤੇ ਡੰਗ-ਟਪਾਊ ਮੰਗਾਂ ਦਾ ਚਾਰਟ ਲੈ ਕੇ ਲੋਕਾਂ ਵਿਚ ਜਾਂਦੇ ਹਨ, ਤੇ ਇਸ ਤਰ੍ਹਾਂ ਵੋਟਾਂ ਵਟੋਰਕੇ ਆਪਣੀ ਚੌਧਰ ਦੀ ਕੁਰਸੀ ਅਗਲੇ ਪੰਜਾਂ ਸਾਲਾਂ ਲਈ ਪੱਕੀ ਕਰ ਲੈਂਦੇ ਹਨ — ਜਿਉਂ ਕੁਰਸੀ ਸੰਭਾਲੀ ਮੰਗਾਂ ਉਸ ਵੇਲੇ ਕੁਰਸੀ ਦਾ ਭੂਤ ਹੜੱਪ ਕਰ ਜਾਂਦਾ ਹੈ।

ਅਕਾਲੀ ਆਰਥਕ ਮੰਗਾਂ ਦਾ ਵੱਡਾ ਪਲੰਦਾ ਤਿਆਰ ਕਰਕੇ ਲੋਕਾਂ ਵਿਚ ਲੈ ਕੇ ਗਏ। ਉਸ ਆਰਥਕ ਪਲੰਦੇ ਵਿਚ ਪੇਂਡੂ ਨੌਜਵਾਨਾਂ ਨੂੰ ਨੌਕਰੀਆਂ ਦੇਣ ਦੀ ਸਕੀਮ ਸੀ — ਇਹੋ ਜਿਹੇ ਸਬਜ਼ਬਾਗ ਦਿਖਾ ਕੇ ਤਕਰੀਬਨ ਸਾਰੀ ਪੇਂਡੂ ਕਿਸਾਨੀ ਨੂੰ ਆਪਣਗ ਨਾਲ ਲੈ ਲਿਆ — ਪਲ ਭਰ ਲਈ ਅਕਾਲੀ ਹੀ ਉਨ੍ਹਾਂ ਨੂੰ ਰਹਿਨੁਮਾ ਮਿਲੇ, ਜਿਵੇਂ ਅਕਾਲੀ ਸਰਕਾਰ ਬਣੀ ਤਿਵੇਂ ਹੀ ਆਰਥਕ ਮੰਗਾਂ ਦਾ ਚਾਰਟ ਦਾ ਰੰਗ ਦਿਨੋਂ ਦਿਨ ਗਿਰਗਿਟ ਦੀ ਤਰ੍ਹਾਂ ਬਦਲਣ ਲਗਾ।

ਆਖਿਰ ਉਹ ਦਿਨ ਆ ਗਿਆ ਜਦੋਂ ਇਹ ਆਰਥਕ ਮੰਗਾਂ ਧਰਮ-ਯੁੱਧ ਦੇ ਰੂਪ ਵਿਚ ਵੱਟ ਗਈਆਂ। ਧਰਮ-ਯੁੱਧ ਦੌਰਾਨ ਪੀਲਿਆਂ ਦੀ ਆਪਸ ਵਿਚ ਹੀ ਮੁੱਠ-ਭੇੜ ਸ਼ੁਰੂ ਹੋ ਗਈ। ਜਿਹੜੀਆਂ ਆਰਥਕ ਮੰਗਾਂ ਨੂੰ ਮੁੱਖ ਰੱਖਕੇ ਪੰਜਾਬ ਦੀ ਜਵਾਨ ਕਰੀਮ ਨੂੰ ਸੰਗ ਲੈ ਕੇ ਚਲੇ, ਅਕਾਲੀਆਂ ਵਿਚ ਛਿੱਤਰੀਂ ਦਾਲ ਵੰਡੀ ਜਾਣ ਲੱਗੀ। ਜਨੂੰਨ ਦਾ ਵਿਹੁਲਾ ਸੱਪ ਨੌਜਵਾਨਾਂ ਨੂੰ ਪੂਰੀ ਤਰ੍ਹਾਂ ਡੰਗ ਚੁੱਕਾ ਸੀ ਜਨੂੰਨ ਆਉਂਦਾ ਖੋਟੇ ਪੈਸੇ ਵਾਂਗੂ ਹੈ, ਤੇ ਜਾਂਦਾ ਹੈ ਕੀੜੀ ਦੀ ਤੋਰ। ਭਾਵ ਜਨੂੰਨ ਦੇ ਭੂਤ ਨੂੰ ਉਤਾਰਨ ਲਈ ਸਿਰੜ, ਮਿਹਨਤ ਤੇ ਪੂਰੀ ਸੂਝ ਬੂਝ ਦੀ ਲੋੜ ਹੈ ਤਾਂ ਹੀ ਕੁਰਾਹੇ ਨੂੰ ਰਾਹ ਤੇ ਲਿਆਂਦਾ ਜਾਂਦਾ ਹੈ — ਪਰ ਇਸ ਦੌਰਾਨ ਪੰਜਾਬੀ ਭਾਈਚਾਰੇ ਵਿਚ ਜਨੂੰਨੀ ਸੱਪ ਦੀ ਜ਼ਹਿਰ ਇਨੀ ਫੈਲ ਚੁੱਕੀ ਸੀ। ਮਾਸੂਮਾਂ ਦਾ ਕਤਲ, ਔਰਤਾਂ ਦੀ ਬੇਪਤੀ, ਲੁੱਟਾਂ-ਖੋਹਾਂ ਤੇ ਡਕੈਤੀਆਂ ਨੇ ਪੰਜਾਬ ਦੀ ਭਾਈਚਾਰੇ ਵਿਚ ਇਕ ਦਮ ਜੰਗਲ ਦੀ ਅੱਗ ਵਾਂਗੂ ਫੈਲ ਗਈ ਸੀ — ਦਿੱਲੀ ਦੇ ਤਖਤ ਤੇ ਬੈਠਾ ਸ਼ਾਵਨਵਾਦੀ ਜਮੂਰਾ ਵਹਿਸ਼ੀਆਂ ਵਾਲਾ ਹਾਸਾ ਹੱਸ ਰਿਹਾ ਸੀ — ਜੋ ਸਦੀਆਂ ਤੋਂ ਹਿੰਦੂ-ਸਿੱਖ ਭਰਾਵਾਂ ਦੀ ਤਰ੍ਹਾਂ ਚਲੇ ਆ ਰਹੇ ਸਨ - ਹੁਣ ਇਕ ਦੂਸਰੇ ਦੇ ਖ਼ੂਨ ਦੇ ਪਿਆਸੇ ਬਣੇ ਬੈਠੇ ਹਨ — ਇਹ ਜਨੂੰਨੀ ਅੱਗ ਕੌਣ ਲਾ ਰਿਹਾ ਹੈ। ਸਾਦਾ ਜਵਾਬ ਹੈ ਦਿੱਲੀ ਦੇ ਤਖਤ ਦਾ ਜਮੂਰਾ। ਉਸਦੇ ਦੋਵੇਂ ਹੱਥੀਂ ਲੱਡੂ ਹਨ। ਉਸਨੂੰ ਕੋਈ ਪਰਵਾਹ ਨਹੀਂ ਹਿੰਦੂ ਮਰੇ ਜਾਂ ਸਿੱਖ, ਉਸਨੂੰ ਤਾਂ ਆਪਣੀ ਕੁਰਸੀ ਦੀ ਹੀ ਪਰਵਾਹ ਹੈ, ਉਹ ਕਿਵੇਂ ਕਾਇਮ ਰਹਿੰਦੀ ਹੈ ਤੇ ਉਸ ਕੁਰਸੀ ਨੂੰ ਕਾਇਮ ਰੱਖਣ ਲਈ ਬਾਹਰੀ ਤਾਕਤਾਂ ਦਾ ਦੱਲਾ ਹੋ ਗੁਜ਼ਰਿਆ ਹੈ - ਅਕਾਲੀ ਪਾਰਟੀ ਵਿਚੋਂ ਹੀ ਏ. ਆਈ. ਐਸ. ਐਸ. ਐਫ. ਨੇ ਜਨਮ ਲਿਆ। ਜਮਾਤੀ ਖਾਸਾ ਇਹਨਾਂ ਸਾਰਿਆਂ ਦਾ ਸਮੇਤ ਦਿੱਲੀ ਦੀ ਸਰਕਾਰ ਦਾ ਇਕੋ ਹੀ ਹੈ — ਸ਼ਕਲਾਂ ਵਿਚ ਹੀ ਫਰਕ ਹੈ — ਇਹ ਸਭ ਲੋਕਾਂ ਦੀ ਲੁੱਟ ਘਸੁੱਟ ਕਰਕੇ ਆਪਣੀ ਕੁਰਸੀ ਨੂੰ ਕਾਇਮ ਰੱਖਣਾ ਚਾਹੁੰਦੇ ਹਨ। ਭੱਠ ਪਏ ਪੰਜਾਬ ਅਕਾਲੀਆਂ ਲਈ ਤੇ ਹਿੰਦੋਸਤਾਨ ਰਾਜੀਵ ਲਈ — ਅਕਾਲੀਆਂ ਵਿਚ ਇਕ ਗਰਮਦਲੀਏ ਹਨ ਜਿਹੜੇ ਅਮਰੀਕਾ ਦੇ ਕੌਲੀ ਚੱਟ ਹਨ, ਦੂਸਰੇ ਨਰਮਦਲੀਏ ਹਨ ਜਿਨ੍ਹਾਂ ਨੂੰ ਕਾਂਗਰਸ ਦੇ ਕੌਲੀ ਚੱਟ ਕਹਿਕੇ ਸੱਦਿਆ ਜਾਂਦਾ ਹੈ। ਤੇ ਕੌਲੀ-ਚੱਟਾਂ ਦਾ ਖਾਸਾ ਕੀ ਹੁੰਦਾ ਹੈ। ਇਸ ਪ੍ਰਤੀ ਸ਼ੱਕ ਨਹੀਂ ਰਹਿ ਜਾਂਦਾ —

ਅਕਾਲੀ ਸਰਕਾਰ ਬਣਨ ਤੇ ਪੰਜਾਬੀਆਂ ਦੀਆਂ ਆਰਥਕ ਮੰਗਾਂ ਦਾ ਕੁਝ ਬਣਿਆ ? ਉਹ ਤਾਂ ਕੁਰਸੀ ਦੇ ਭੂਤ ਨੇ ਸਭ ਕੁਝ ਭੁਲਾ ਦਿਤਾ। ਚਲੋ ਮੰਗਾਂ ਤਾਂ ਗਿਣ ਲਈਏ

(1) ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾਣਗੀਆਂ
(2) ਪਾਣੀ ਕਿਸਾਨਾਂ ਨੂੰ ਪੂਰਾ ਮਿਲਣ ਲਗ ਜਾਵੇਗਾ ਤੇ ਬਿਜਲੀ ਵੀ।
(3) ਖਾਦਾਂ ਤੇ ਖਾਣ ਪੀਣ ਵਾਲੀਆਂ ਵਸਤਾਂ ਦੇ ਭਾਅ ਘੱਟ ਕੀਤੇ ਜਾਣਗੇ।
(4) ਮਾਸੂਮਾਂ ਦੇ ਕਤਲ ਨਹੀਂ ਹੋਣ ਦਿਆਂਗੇ।

ਹੋਇਆ ਬਿਲਕੁਲ ਇਸਦੇ ਉਲਟ — ਉਨ੍ਹਾਂ ਨੂੰ ਤਾਂ ਇਹ ਵੀ ਭੁਲ ਗਿਆ ਕਿ ਅਸੀਂ ਕੋਈ ਮੰਗਾਂ ਲੈ ਕੇ ਲੋਕਾਂ ਵਿਚ ਗਏ ਵੀ ਸੀ — ਇਹ ਸਭ ਕੁਰਸੀ ਦੇ ਚਮਤਕਾਰ ਨੇ।

ਹੁਣ ਤਾਂ ਇਸ ਕੁਰਸੀ ਦੇ ਭੇੜ ਵਿਚ ਲੋਕ ਪੀਸੇ ਜਾ ਰਹੇ ਹਨ — ਸਿੱਖੀ ਦੇ ਭੇਸ ਵਿਚ ਗਦਾਰ ਤੁਹਾਨੂੰ ਆਮ ਮਿਲਣਗੇ - ਇਸਦਾ ਸਬੂਤ ਆਪਣੇ ਸਾਰਿਆਂ ਸਾਹਮਣੇ ਹੈ — ਬਾਦਲ ਨੂੰ ਮੁੱਖ ਮੰਤਰੀ ਨਹੀਂ ਮਿਲੀ ਤਾਂ ਬਰਨਾਲੇ ਦੀ ਲੱਤ ਪਹਿਲੇ ਦਿਨੋਂ ਹੀ ਖਿਚਣੀ ਸ਼ੁਰੂ ਕਰ ਦਿੱਤੀ — ਸਿੱਖ ਇਤਿਹਾਸ ਵਿਚ ਸਮੇਂ ਸਮੇਂ ਸਿਰ ਗਦਾਰ ਬਣਦੇ ਰਹੇ ਹਨ — ਅੱਜ ਜਿੰਦਾ ਮਿਸਾਲ ਸਾਡੇ ਸਾਹਮਣੇ ਹੈ — ਇਹੋ ਗਦਾਰ ਮੁੱਖ ਮੰਤਰੀ ਦੀ ਕੁਰਸੀ ਤੇ ਦੋ ਵੇਰਾਂ ਬੈਠ ਚੁਕਾ ਹੈ। ਕੀ ਉਸ ਵੇਲੇ ਇਸਨੇ ਪੰਜਾਬ ਦੇ ਲੋਕਾਂ ਦਾ ਕਲਿਆਣ ਕੀਤਾ — ਲੋਕਾਂ ਨੂੰ ਗੁਲੀ - ਜੁਲੀ - ਕੁਲੀ ਦਿੱਤੀ ਨਹੀਂ! ਤੇ ਹੁਣ ਤੁਰੰਤ ਲੋੜ ਹੈ ਲੋਕਾਂ ਨੂੰ ਚੁਕੰਨੇ ਹੋਣ ਦੀ। ਜਦੋਂ ਇਹ ਵੋਟਾਂ ਦੇ ਬਣਜਾਰੇ ਤੁਹਾਡੇ ਕੋਲ ਆਉਣ ਇਨ੍ਹਾਂ ਦੇ ਮੂੰਹਾਂ ਤੇ ਥੁੱਕਿਆ ਜਾਵੇ ਤਦ ਹੀ ਤੁਸੀਂ ਬਣਦੀ ਭਾਜੀ ਮੋੜ ਸਕਦੇ ਹੋ। ਹਾਂ, ਇਹ ਵੀ ਸੱਚ ਹੀ ਹੈ ਬਰਨਾਲਾ ਦਿੱਲੀ ਦੇ ਰਹਿਮੋ ਕਰਮ ਤੇ ਹੈ। ਟੌਹੜੇ ਨੇ ਖੁੱਸੀ ਚੌਧਰ ਨੂੰ ਹਾਸਲ ਕਰਨ ਲਈ ਥੁੱਕਕੇ ਚੱਟ ਲਿਆ ਹੈ। ਜਮਾਤੀ ਖਾਸਾ ਹੀ ਟੌਹੜੇ ਦਾ ਇਹੋ ਹੈ — 27 ਵਧਾਇਕਾਂ ਨੂੰ ਬਾਦਲ ਦੀ ਮੱਦਦ ਨਾਲ ਗੱਠ-ਜੋੜ ਕੇ ਆਪਣਾ ਧੜਾ ਅਲਹਿਦਾ ਬਣਾ ਲਿਆ ਹੈ। ਉਧਰ ਦਰਬਾਰ ਸਾਹਿਬ ਵਿਚ ਬਾਬਾ ਗੁਰਦੇਵ ਸਿੰਘ ਨੇ ਆਪਣੀਆਂ ਚੰਮ ਦੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ — ਦਰਬਾਰ ਸਾਹਿਕ ਦਾ ਮੁੱਖ-ਜਥੇਦਾਰ ਹੋ ਬੈਠਾ। ਇਕ ਹੋਰ ਜਨੂੰਨੀ ਵਿਹੁਲੇ ਸੱਪ ਨੇ ਆਣ ਡੇਰੇ ਲਾਏ।

ਪੀਲਾ ਸਟਾਰ ਜਾਂ ਮੁੱਖ-ਮੰਤਰੀ ਦਾ ਅਹੁਦਾ :- ਰਾਜੀਵ ਨੇ ਬਰਨਾਲੇ ਨੂੰ ਧਮਕੀ ਦਿੱਤੀ ਜੇ ਤੂੰ ਦਰਬਾਰ ਸਾਹਿਬ ਤੇ ਹਮਲਾ ਕਰਕੇ ਦਹਿਸ਼ਤ ਪਸੰਦਾਂ ਨੂੰ ਬਾਹਰ ਨਹੀਂ ਕੱਢ ਸਕਦਾ ਤਾਂ ਕੁਰਸੀ ਛੱਡਕੇ ਲਾਂਭੇ ਹੋ ਜਾ। ਬਰਨਾਲਾ ਆਪਣੇ ਲੋਭੀ - ਇਮਤਿਹਾਨ ਵਿਚੋਂ ਪਾਸ ਹੋ ਗਿਆ ਜਦੋਂ ਕਿ ਉਸ ਨੇ ਮੁੱਖ ਮੰਤਰੀ ਦੀ ਕੁਰਸੀ ਨੂੰ ਚੁਣ ਲਿਆ। ਤੇ ਪੀਲਾ-ਸਟਾਰ ਕਰ ਮਾਰਿਆ। ਜਥੇਦਾਰ ਗੁਰਦੇਵ ਸਿੰਘ ਸਮੇਤ ਤਿੰਨ ਸੌ ਆਦਮੀਆਂ ਨੂੰ ਗ੍ਰਿਫਤਾਰ ਕਰਕੇ ਰਾਜਸਥਾਨ ਜਾ ਸਿੱਟਿਆ — ਵੇਖਿਆ ਕੌਮੀ-ਸ਼ਾਵਨਵਾਦ ਦੀ ਖੇਡ, ਤੀਰ ਚਲਾਇਆ ਬਰਨਾਲੇ ਦੇ ਮੋਢੇ ਤੇ ਰੱਖਕੇ।

ਇਸ ਸਭ ਕੁਝ ਦੇ ਪਿੱਛੇ ਇਕ ਗਿਣੀ ਮਿਥੀ ਸਾਜ਼ਸ਼ ਸੀ। ਕਾਹਲੋਂ ਧੜਾ ਸਿੱਖ ਸਟੂਡੈਂਟ ਫੈਡਰੇਸ਼ਨ ਤੋਂ ਵੱਖਰਾ ਹੋ ਗਿਆ - ਜਾਂ ਇਹ ਕਹਿ ਲਵੋ ਕਿ ਬਰਨਾਲੇ ਨੇ ਉਨ੍ਹਾਂ ਨੂੰ ਲੋਭ-ਲਾਲਚ ਦੇ ਕੇ ਭੰਨ-ਤੋੜ ਕਰ ਲਈ - ਪੰਜ ਮੈਂਬਰੀ ਕਾਹਲੋਂ ਗਰੁੱਪ ਨੇ ਆਪਦੀ ਅਲਹਿਦਾ ਹੀ ਐਡਹਾਕ ਕਮੇਟੀ ਬਣਾ ਲਈ — ਦਿੱਲੀ-ਪੰਜਾਬ ਦੀਆਂ ਸਰਕਾਰਾਂ ਨੇ ਕਾਹਲੋਂ ਕੋਲੋਂ ਖਾਲਿਸਤਾਨ ਦਾ ਐਲਾਨ ਕਰਵਾ ਦਿੱਤਾ — ਇਹ ਕਿਉਂ ? ਜਵਾਬ ਇਹ ਕਿ ਪੰਜਾਬ ਸਰਕਾਰ ਨੂੰ ਪੀਲਾ ਸਟਾਰ ਕਰਨ ਦਾ ਮੌਕਾ ਮਿਲ ਗਿਆ - ਮਜੇ ਵਾਲੀ ਗਲ ਇਹ ਕਿ ਜਦੋਂ ਪੀਲਾ ਸਟਾਰ ਕਰਕੇ ਗੁਰਦੇਵ ਸਿੰਘ ਤੇ ਉਸਦੇ ਚੇਲਿਆਂ ਨੂੰ ਤਾਂ ਫੜ ਲਿਆ — ਪਰ ਕਾਹਲੋਂ ਤੇ ਉਸਦੇ ਆਦਮੀ ਦਰਬਾਰ ਸਾਹਿਬ ਵਿਚ ਹੀ ਨਹੀਂ ਸਨ, ਜਦੋਂ ਕਿ ਖਾਲਿਸਤਾਨ ਦਾ ਐਲਾਨ ਉਨ੍ਹਾਂ ਖੁਦ ਕੀਤਾ ਸੀ।

ਉਧਰ ਬਾਦਲ ਗਰੁਪ ਦੀਆਂ ਚੜ੍ਹ ਮੱਚੀਆਂ। ਉਨ੍ਹਾਂ ਬਰਨਾਲੇ ਤੇ ਇੰਦਰਾ ਗਾਂਧੀ ਨੂੰ ਇਕੋ ਰੱਸੇ ਲੰਘਾ ਦਿਤਾ — ਲੱਗੇ ਸਾਰੇ ਸਿੱਖ ਮਰਿਆਦਾ ਦਾ ਗੋਗਾ ਗਾਉਣ — ਉਹ ਸਿੱਖ ਮਰਿਆਦਾ ਜੋ ਬਾਦਲ ਤੇ ਟੌਹੜੇ ਤੇ ਵੀ ਉਨ੍ਹੀ ਹੀ ਢੁੱਕਦੀ ਹੈ ਜਦੋਂ ਉਹਨਾਂ ਕੋਲ ਹਕੂਮਤ ਸੀ, ਪੰਜਾਬ ਦੀ ਜਾਂ ਅਕਾਲੀ ਪਾਰਟੀ ਦੀ ਉਨ੍ਹਾਂ ਨੇ ਵੀ ਇਵੇਂ ਹੀ ਸਿੱਖ ਮਰਿਆਦਾ ਦੀਆਂ ਧੱਜੀਆਂ ਉਡਾਈਆਂ ਸਨ — ਉਨ੍ਹਾਂ ਨੇ ਇਕੋ ਰੱਟ ਲਗਾਉਣੀ ਸ਼ੁਰੂ ਕਰ ਦਿੱਤੀ। ਬਰਨਾਲੇ ਨੇ ਸਿੱਖ ਕੌਮ ਨਾਲ ਗਦਾਰੀ ਕੀਤੀ, ਉਸਨੂੰ ਮੁੱਖ ਮੰਤਰੀ ਤੋਂ ਅਸਤੀਫਾ ਦੇ ਦੇਣਾ ਚਾਹੀਦਾ ਹੈ — ਉਦੋਂ ਇਹਨਾਂ ਭੱਦਰ ਪੁਰਸ਼ਾਂ ਨੇ ਬਰਨਾਲੇ ਨੂੰ ਅਸਤੀਫੇ ਵਾਸਤੇ ਨਹੀਂ ਕਿਹਾ ਜਦੋਂ 26 ਜਨਵਰੀ ਨੂੰ ਦਿੱਲੀ ਦੀ ਸਰਕਾਰ ਚੰਡੀਗੜ੍ਹ ਪੰਜਾਬ ਨੂੰ ਦੇਣੋਂ ਮੁੱਕਰ ਗਈ ਸੀ — ਜਾਂ ਬਰਨਾਲਾ ਹੀ ਜਿੰਦਾ ਦਿਲੀ ਵਿਖਾਉਂਦਾ ਕੁਰਸੀ ਛੱਡਣ ਦੀ।

ਕੀ ਦਹਿਸ਼ਤਵਾਦੀਏ ਅਸਲੀ ਹਨ ? ਆਰਥਕ ਮੰਗਾਂ ਦੀ ਲਪੇਟ ਵਿਚ ਆਏ ਨੌਜਵਾਨਾਂ ਨੂੰ ਵਰਗਲਾ ਕੇ ਜਨੂੰਨੀ ਭੱਠੀ ਵਿਚ ਝੋਕ ਦਿੱਤਾ ਇਸ ਵਿਚ ਰੱਤੀ ਭਰ ਸ਼ੱਕ ਨਹੀਂ, ਜ਼ਿਆਦਾ ਤਰ ਨੌਜਵਾਨ ਜਜਬਾਤ ਵਿਚ ਆ ਕੇ ਜਨੂੰਨ ਦੀ ਮਾਰ ਹੇਠ ਐਨੀ ਦੂਰ ਚਲੇ ਗਏ ਹਨ। ਹੁਣ ਉਨ੍ਹਾਂ ਨੂੰ ਵਾਪਸ ਮੁੜਨਾ ਮੁਸ਼ਕਲ ਹੋ ਗਿਆ ਹੈ। ਕਿਉਂਕਿ ਡਰਦੇ ਮਾਰੇ ਉਨ੍ਹਾਂ ਨੇ ਪਨਾਹ ਦਰਬਾਰ ਸਾਹਿਬ ਵਿਚ ਲੈ ਲਈ ਸੀ। ਕੁਰਾਹੇ ਪਏ ਨੌਜਵਾਨਾਂ ਨੂੰ ਰਾਹੇ ਲਿਆਉਣਾ, ਇਹ ਸਮੁੱਚੇ ਪੰਜਾਬੀਆਂ ਨੂੰ ਬਹੁਤ ਵੱਡੀ ਚਨੌਤੀ ਹੈ। ਜੋ ਆਗੂਆਂ ਦੇ ਕਤਲ ਹੋ ਰਹੇ ਹਨ, ਉਹ ਚਿੱਟੇ ਦਿਨ ਵਰਗੀ ਬਦਮਾਸ਼ੀ ਹੈ, ਜੋ ਪੰਜਾਬ ਸਰਕਾਰ ਦੇ ਚਾਟੜੇ ਭਾਵੇਂ ਪੁਲਸੀਏ ਹਨ ਜਾਂ ਮੰਤਰੀ ਦੇ ਆਪਣੇ ਚਾਟੜਿਆਂ ਨੇ ਹੁਲੜਬਾਜ਼ੀ ਮਚਾਈ ਹੋਈ ਹੈ। ਹਰ ਪੰਜਾਬੀ ਦਾ ਚਿਹਰਾ ਉਤਰਿਆ ਤੇ ਸਹਿਮੇ ਸਹਿਮੇ ਨਜ਼ਰੀਂ ਆਉਂਦੇ ਹਨ। ਸਭ ਇਕ ਦੂਸਰੇ ਨੂੰ ਸ਼ੱਕੀ ਨਿਗਾਹਾਂ ਨਾਲ ਵੇਖਦੇ ਹਨ — ਇਹ ਸ਼ੱਕੀ ਨਿਗਾਹਾਂ ਲੋਕਾਂ ਤੀਕ ਸੀਮਤ ਨਹੀਂ ਹੈ — ਇਹ ਜਨੂੰਨੀ ਕੋਹੜ ਸਰਕਾਰੀ ਅਦਾਰਿਆਂ ਵਿਚ ਵੀ ਪੈ ਚੁੱਕਾ ਹੈ। ਹਿੰਦੂ, ਹਿੰਦੂ ਦੀ ਰਾਇ ਕਰਨ ਲਗ ਪਿਆ ਹੈ, ਤੇ ਸਿੱਖ ਸਿੱਖ ਦੀ। ਇਨਸਾਨੀਅਤ ਜੇ ਕਿਤੇ ਨਜ਼ਰੀਂ ਪੈਂਦੀ ਹੈ ਤਾਂ ਟਾਵੀਂ ਟਾਵੀਂ। ਇਸ ਗਲ ਸੜ ਚੁੱਕੇ ਢਾਂਚੇ ਨੂੰ ਲੋੜ ਹੈ ਮੁੱਢੋਂ-ਸੁਢੋਂ ਉਖੇੜ ਕੇ ਨਵੇਂ ਤੇ ਲੋਕ-ਹਿਤੂ ਸਰਕਾਰ ਦੀ।

ਕੀ ਕਰਨਾ ਚਾਹੀਦਾ ਹੈ :— ਪੰਜਾਬ ਵਿਚ ਦੋ ਭਾਈਚਾਰਿਆਂ ਵਿਚ ਪਈ ਜਨੂੰਨੀ ਦਰੇੜ ਨੂੰ ਸਦਭਾਵਨਾ ਨਾਲ ਬੰਦ ਕਰਨ ਦਾ ਉਪਰਾਲਾ ਕਰਨਾ ਚਾਹੀਦਾ ਹੈ। ਹਰ ਇਸ ਪੰਜਾਬੀ ਦਾ ਇਖਲਾਕੀ ਫਰਜ਼ ਬਣਦਾ ਹੈ ਜੋ ਸਮਝਦੇ ਹਨ, ਇਨਸਾਨ ਨੂੰ ਇਨਸਾਨ ਸਮਝਿਆ ਜਾਵੇ ਅਤੇ ਹਰ ਇਕ ਦੇ ਜਜਬਾਤ ਦੀ ਕਦਰ ਕੀਤੀ ਜਾਵੇ। ਘੱਟੋ ਘੱਟ ਪਰੋਗਰਾਮ ਉਲੀਕ ਕੇ ਸਾਰੀਆਂ ਅਗਾਂਹਵਧੂ ਪਾਰਟੀਆਂ, ਨਾਟਕਕਾਰਾਂ, ਸਾਹਿਤਕਾਰਾਂ ਤੇ ਉਹ ਸੰਸਥਾਵਾਂ ਜੋ ਲੋਕ-ਹਿਤੂ ਸਭਿਆਚਾਰ ਉਸਾਰਨ ਦਾ ਉਪਰਾਲਾ ਕਰ ਰਹੀਆਂ ਹਨ ਨੂੰ ਮਿਲਕੇ ਇਕ ਸਾਂਝੇ ਪਲੈਟਫਾਰਮ ਤੇ ਆਉਣ ਤੇ ਇਸ ਗਲ ਤੇ ਉਨ੍ਹਾਂ ਨੂੰ ਸਹਿਮਤ ਹੋਣਾ ਚਾਹੀਦਾ ਹੈ, ਇਸ ਸੜਦੇ ਭੁੱਜਦੇ ਪੰਜਾਬ ਉਤੇ ਰਲਕੇ ਸਦਭਾਵਨਾ ਦੀ ਬਰਸ਼ਾ ਕਰਨ।

ਲੋਕ-ਹਿਤੂ ਪਾਰਟੀਆਂ ਨੂੰ ਸੁਹਿਰਦਤਾ ਨਾਲ ਇਸ ਜਨੂੰਨੀ ਅੱਗ ਨੂੰ ਸ਼ਾਂਤ ਕਰਨ ਲਈ ਆਪਣਾ ਪੂਰਾ ਟਿਲ ਲਾਉਣਾ ਚਾਹੀਦਾ ਹੈ। ਜੋ ਨੌਜਵਾਨ ਤਬਕਾ ਹਿੰਦੂ-ਸਿੱਖ ਜਨੂੰਨ ਦੀ ਧਾਰਾ ਵਿਚ ਰੁੜ ਰਿਹਾ ਉਨ੍ਹਾਂ ਕੁਰਾਹੇ ਪਿਆਂ ਨੂੰ ਦਲੀਲਾਂ ਨਾਲ ਕਾਇਲ ਕਰਕੇ ਸਦਭਾਵਨਾ ਵਾਲੇ ਸਕੂਲ ਰੈਲੀਆਂ, ਮੀਟਿੰਗਾਂ ਤੇ ਗਰੁੱਪਾਂ ਵਿਚ ਬਿਠਾਕੇ ਰੁੜਦੇ ਜਾਂਦੇ ਸਮੁੱਚੇ ਭਾਈਚਾਰੇ ਨੂੰ ਮੁੜ ਪਿਆਰ ਦੀ ਤੀਲੇ ਦੀ ਲੋੜ ਹੈ ਤੇ ਸਾਰੇ ਯਤਨ ਜਾਰੀ ਰੱਖਣੇ ਚਾਹੀਦੇ ਹਨ - ਦੁਸ਼ਮਣ ਤੇ ਦੋਸਤ ਦੀ ਪਹਿਚਾਣ ਕਿਵੇਂ ਕਰਨੀ ਹੈ, ਇਸ ਪ੍ਰਤੀ ਵਿਸਥਾਰ ਨਾਲ ਦਲੀਲਾਂ ਦੇ ਕੇ ਦਸਿਆ ਜਾਵੇ। ਪਏ ਪਾੜੇ ਵਿਚ ਪਿਆਰ ਦਾ ਛੱਟਾ ਦਿੱਤਾ ਜਾਵੇ ਤਾਂ ਕਿ ਭਵਿੱਖ ਵਿਚ ਇਹੋ ਜਿਹੀ ਅਣ-ਮਨੁੱਖੀ ਘਟਨਾ ਫਿਰ ਕਦੇ ਨਾ ਘਟੇ।

ਖੱਬੀਆਂ ਪਾਰਟੀਆਂ ਦੀ ਜ਼ੁੰਮੇਂਵਾਰੀ :— ਭੂਤਕਾਲ ਵਿਚ ਹੋਈਆਂ ਗਲਤੀਆਂ ਨੂੰ ਸਾਹਮਣੇ ਰੱਖਕੇ ਨਸ਼ੰਗ ਹੋ ਕੇ ਪੜਚੋਲ ਤੇ ਆਪਾ ਪੜਚੋਲ ਕਰਕੇ ਭਵਿਖ ਲਈ ਲੱਠ ਵਰਗੀ ਝੁਜਾਰੂ ਸਾਇੰਸੀ ਸਿਆਸਤ ਨੂੰ ਮਿਹਨਤਕਸ਼ ਲੋਕਾਂ ਵਿਚ ਤਨ-ਦੇਹੀ ਨਾਲ ਲਿਜਾਕੇ ਉਨ੍ਹਾਂ ਨੂੰ ਚੇਤੰਨ ਕਰਨ ਦੀ ਅਤਿ ਲੋੜ ਹੈ — ਲੋਕ ਚੇਤੰਨ ਆਉਣ ਨਾਲ ਹੀ ਜਨੂੰਨ ਦੀਆਂ ਜੜ੍ਹਾਂ ਪੁੱਟੀਆਂ ਜਾਣਗੀਆਂ। ਦੋਗਲੀ ਜਮਾਤ ਦਾ ਖਾਸਾ ਖੱਬੀਆਂ ਪਾਰਟੀਆਂ ਦਾ ਨਿਘਾਰ ਸਾਬਤ ਹੋਇਆ ਹੈ।

(ਪੰਨਾ 13 ਦੀ ਬਾਕੀ)

ਇਸ ਕੋਹੜ ਨੂੰ ਵਗਾਹ ਮਾਰੋ ਤੇ ਪਿਛਲੇ ਸੱਤਰਾਂ ਸਾਲਾਂ ਤੋਂ ਹੁੰਦੀ ਖੱਬੀ ਲਹਿਰ ਨੂੰ ਖਲਵਾੜ ਹੋਣ ਤੋਂ ਬਚਾਉਣ ਦੀ ਅਤਿ ਲੋੜ ਹੈ। ਲੱਤ-ਖਿਚ ਤੇ ਚੌਧਰ ਦੀ ਭੁੱਖ ਇਨਕਲਾਬੀ ਪਾਰਟੀਆਂ ਵਿਚ ਵੀ ਪਲੇਗ ਦੀ ਤਰ੍ਹਾਂ ਫੈਲ ਚੁੱਕੀ ਹੈ। ਇਸਦੀ ਜਿੰਦਾ ਮਿਸਾਲ ਹੈ ਜੋ ਅੱਜ ਤੀਕ ਆਪਣੇ ਆਪ ਨੂੰ "ਅਸਲੀ ਇਨਕਲਾਬੀ" ਕਹਾਉਂਦੇ ਆਏ ਹਨ ਤੇ ਉਹ ਇਥੋਂ ਤੀਕ ਨਿਘਰ ਚੁੱਕੇ ਹਨ ਤੇ ਉਨ੍ਹਾਂ ਨੂੰ ਹਰ ਪਾਸਿਉਂ ਫਿਟਕਾਰਾਂ ਪੈ ਰਹੀਆਂ ਹਨ। ਇਹੀ ਵੱਡਾ ਕਾਰਨ ਹੈ ਅਜੋਕੀ ਪੰਜਾਬ ਦੀ ਜਨੂੰਨੀ ਅੱਗ ਨੂੰ ਠੰਡਾ ਕਰਨ ਵਿਚ ਪੂਰਾ ਯੋਗਦਾਨ ਨਹੀਂ ਪਾਇਆ ਜਾ ਰਿਹਾ। ਆਸਾਨੂੰ ਦੁੱਖ ਹੈ "ਅਸਲੀ ਇਨਕਲਾਬੀ" ਤੇ "ਅਗਾਂਹ ਵਧੂ ਸਾਹਿਤਕਾਰ" ਅੱਜ ਅਕਾਲੀਆਂ ਦੀਆਂ ਸਟੇਜਾਂ ਤੇ ਬੋਲਦੇ ਨਜ਼ਰੀਂ ਪੈ ਰਹੇ ਹਨ। ਇਸ ਦੀ ਜਿੰਦਾ ਮਿਸਾਲ ਹੈ, ਅਜੋਕਾ ਪੰਜਾਬ ਦਾ ਨੌਜਵਾਨ ਜਨੂੰਨੀ ਅੱਗ ਵਿਚ ਲੱਥ ਪੱਥ ਹੋਇਆ ਪਿਆ ਹੈ। ਹਿੰਦੂ ਸਿੱਖਾਂ ਦੇ ਬੈਨਰ ਹੀ ਵੱਖਰੇ ਹਨ ਤੇ ਕਰਤੂਤਾਂ ਵਾਲੇ ਕਿਰਦਾਰ ਵਿਚ ਉਹ ਭਾਈ ਭਾਈ ਹੀ ਹਨ। ਤੇ ਨੌਜਵਾਨਾਂ ਨੂੰ ਸਹੀ ਸੇਧ ਦੇਣ ਵਿਚ ਖੱਬੀਆਂ ਪਾਰਟੀਆਂ ਤੇ ਅਗਾਂਹਵਧੂ ਸਾਹਿਤਕਾਰ ਸਮੁੱਚੇ ਤੌਰ ਤੇ ਫੇਲ ਹਨ — ਹਾਲੇ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ ਤੇ ਦੂਸ਼ਨਬਾਜੀ ਵਿਚ ਹੁਣ ਸਮਾਂ ਗੁਆਉਣ ਦੀ ਬਿਲਕੁਲ ਲੋੜ ਨਹੀਂ। ਸਮਾਂ ਬਲਵਾਨ ਹੈ, ਸੁਹਿਰਦ ਤੇ ਨੇਕ-ਨੀਯਤ ਵਾਲੀ ਭਾਵਨਾ ਲੈ ਕੇ ਫਿਰ ਲੋਕਾਂ ਵਿਚ ਤਨ-ਦੇਹੀ ਨਾਲ ਜਾਇਆ ਜਾਵੇ ਤਦ ਹੀ ਅਸੀਂ ਉਸ ਮਿਸਾਲ ਦੀ ਰੌਸ਼ਨੀ ਨੂੰ ਜੀਵਤ ਰੱਖ ਸਕਦੇ ਹਾਂ, ਜਿਸਨੇ ਲੋਕ-ਹਿਤੂ ਸਮਾਜ ਦਾ ਮੂੰਹ-ਮੁਹਾਂਦਰਾ ਬਨਾਉਣਾ ਹੈ। ਸੋ ਸਾਨੂੰ ਪੰਜਾਬ ਦੇ ਲੋਕਾਂ ਨੂੰ ਸੁਚੇਤ ਕਰਨ ਦੀ ਲੋੜ ਹੈ ਕੌਮੀ-ਸ਼ਾਵਨਵਾਦ ਤੋਂ, ਉਹ ਕਿਸੇ ਵੀ ਮਖੌਟੇ ਵਿਚ ਆ ਕੇ ਲੋਕਾਂ ਦਾ ਘਾਣ ਕਰਨ ਤੋਂ ਗੁਰੇਜ ਨਹੀਂ ਕਰੇਗਾ।

ਪੰਜਾਬੀਓ ! ਆਉ ਹੰਭਲਾ ਮਾਰੀਏ ਤੇ ਹੱਸਦੇ ਗਾਉਂਦੇ ਪੰਜਾਬ ਨੂੰ ਮੁੜ ਸੁਰਜੀਤ ਕਰੀਏ। ਇਹ ਤਦ ਹੀ ਹੋ ਸਕਦਾ ਹੈ, ਜਦੋਂ ਅਸੀਂ ਇਕ ਦੂਸਰੇ ਦੇ ਜਜ਼ਬਾਤਾਂ ਦੀ ਕਦਰ ਉਸਾਰੂ ਢੰਗ ਨਾਲ ਕਰਾਂਗੇ। ਇਸ ਤੋਂ ਉਪਰੰਤ ਦ੍ਰਿੜ ਹੋ ਕੇ ਪਹਿਚਾਣੇ-ਦੁਸ਼ਮਣਾਂ ਦੇ ਮੂੰਹਾਂ ਤੇ ਥੁੱਕੀਏ ਤੇ ਉਨ੍ਹਾਂ ਨੂੰ ਸਭ ਲੋਕਾਂ ਵਿਚ ਉਨ੍ਹਾਂ ਦੇ ਕਿਰਦਾਰ ਨੂੰ ਨੰਗਾ ਕਰੀਏ ਜਿੰਨ੍ਹਾਂ ਨੇ ਜ਼ਹਿਰ ਭਰੇ ਵਾਤਾਵਰਣ ਨੂੰ ਜਨਮ ਦਿਤਾ ਸਦਭਾਵਨਾ ਵਾਲੀ ਮਿਸ਼ਾਲ ਵਿਚ ਪਿਆਰ ਦੇ ਤਿਲ ਸੁੱਟਕੇ ਉਸਦੀ ਭਰੱਪੇਪਨ ਦੀ ਰੌਸ਼ਨੀ ਨੂੰ ਸਦਾ ਲਈ ਜੀਵਤ ਰੱਖੀਏ। ਇਹ ਤਦ ਹੀ ਹੋ ਸਕਦਾ ਹੈ ਜੇ ਅਸੀਂ ਹਿੰਦੂ-ਸਿਖ ਤੋਂ ਉਪਰ ਇਨਸਾਨੀ ਪਹਿਰਾਵੇ ਵਿਚ ਆ ਕੇ ਪੂਰੀ ਸੁਹਿਰਦਤਾ ਨਾਲ ਇਸ ਬੀੜੇ ਨੂੰ ਚੁੱਕਕੇ ਤੁਰਦੇ ਰਹਾਂਗੇ। ਇਹ ਅਸਾਡੇ ਸਾਹਮਣੇ ਹੁਣ ਬਹੁਤ ਵੱਡੀ ਵੰਗਾਰ ਹੈ, ਚਨੌਤੀ ਹੈ ਤੇ ਇਸ ਨੂੰ ਖਿੜੇ ਮੱਥੇ ਕਬੂਲ ਕਰਨਾ ਚਾਹੀਦਾ ਹੈ।

ਰਾਜਪਾਲ ਰੇਅ ਦਾ ਹੜ੍ਹ ਖੇਤਰਾਂ ਦਾ ਦੌਰਾ

ਅੰਮ੍ਰਿਤਸਰ — ਪੰਜਾਬ ਦੇ ਰਾਜਪਾਲ ਸ੍ਰੀ ਰੇਅ ਜ਼ਿਲਾ ਫਰੀਦਕੋਟ ਦੇ ਮੁਕਤਸਰ, ਸਾਦਿਕ ਅਤੇ ਜ਼ਿਲਾ ਫਿਰੋਜ਼ਪੁਰ ਦੇ ਹੜ੍ਹ ਮਾਰੇ ਖੇਤਰਾਂ ਦਾ 17 ਜੁਲਾਈ ਨੂੰ ਦੌਰਾ ਕੀਤਾ।

ਤਿੰਨ ਗ਼ਜ਼ਲਾਂ

ਹਰਭਜਨ ਸਿੰਘ ਹੁੰਦਲ

ਤਾਰੇ ਤੋੜਦੇ ਨੇ ਕਿਹੜੇ ਨਿਰੇ ਨਾਹਰਿਆਂ ਦੇ ਨਾਲ
ਕੌਣ ਗੀਤ ਨੂੰ ਸਜਾਉਂਦੇ ਨੇ ਸਿਤਾਰਿਆਂ ਦੇ ਨਾਲ।

ਉਹਨੂੰ ਸਿੱਕਿਆਂ ਦੀ ਤਾਂਘ ਨੇ ਮਧੋਲ ਸੁਟਿਆ
ਗੱਲਾਂ ਕਰਦਾ ਸੀ ਹੁੰਦਾ ਜੋ ਅੰਗਾਰਿਆਂ ਦੇ ਨਾਲ।


ਜਿਹਦੀ ਅੱਖ ਵਿਚ ਉੱਸਰੇ ਨੇ ਪਰੀ ਦੇ ਮਹੱਲ
ਕਦੋਂ ਅੱਖ ਹੈ ਮਿਲਾਉਂਦਾ ਭਲਾ ਢਾਰਿਆਂ ਦੇ ਨਾਲ।

ਕਿਹੜੀ ਗੱਲ ਉੱਤੇ ਆਪਣਾ ਈਮਾਨ ਵੇਚਦੈ
ਕਿਹੜੀ ਗੱਲ ਤੋਂ ਵਿਗਾੜਦਾ ਏਂ ਸਾਰਿਆਂ ਦੇ ਨਾਲ।

ਪਤਾ ਲੱਗਣਾ ਸੀ ਖ਼ੂਨ ਹੁੰਦਾ ਕਿਹੜੇ ਰੰਗ ਦਾ
ਗਲ ਜੂਝਦੋਂ ਜੇ ਮਿੱਤਰਾਂ ਪਿਆਰਿਆਂ ਦੇ ਨਾਲ।



ਜਸਬੀਰ ਸਿੰਘ ਜੱਸ



ਕੈਸੇ ਰੰਗ ਵਿਖਾਏ ਕੁਰਸੀ।
ਕਿੰਨੇ ਕਹਿਰ ਕਮਾਏ ਕੁਰਸੀ।

ਭਾਈਆਂ ਨੂੰ ਲੜਵਾਏ ਕੁਰਸੀ,
ਨਫ਼ਰਤ-ਅੱਗ ਮਚਾਏ ਕੁਰਸੀ।

ਇਹ ਹੈ ਹਰ ਇਕ ਦੀ ਮਹਿਬੂਬਾ,
ਹਰ ਕੋਈ ਸਦਕੇ ਜਾਏ ਕੁਰਸੀ।

ਇਸ ਖ਼ਾਤਰ ਕੁਰਬਾਨ ਹੈ ਨੇਤਾ,
ਜੇ ਨਜ਼ਰੀਂ ਚੜ੍ਹ ਜਾਏ ਕੁਰਸੀ।

ਭੱਠ-ਪਵੇ ਜਨਤਾ-ਤੇ ਜੰਨਤ:
ਜੇ ਕਿਰਪਾ ਫੁਰਮਾਏ ਕੁਰਸੀ।

ਲੋਥਾਂ ਤੇ ਚੜ੍ਹ ਖ਼ੁਸ਼ੀਆਂ ਕਰਦੀ,
ਰੱਤ ਦੇ ਨਾਲ ਨਹਾਏ ਕੁਰਸੀ।

ਰੋਮ ਸੜੇ ਤਾਂ ਸੜਦਾ ਜਾਵੇ.
ਨੀਰੂ ਰਾਗ ਸੁਣਾਏ ਕੁਰਸੀ।

ਰੱਬ ਕਰਕੇ ਮਰ ਜਾਏ ਕੁਰਸੀ।
ਹਾਏ ਹਾਏ ਹਾਏ ਕੁਰਸੀ।

ਦੀਪਕ ਜੈਤੋਈ

ਮੁਹੱਬਤ-ਕਿੰਨੀ ਗੂੜ੍ਹੀ ਸੀ-ਦਿਲਾਂ ਵਿਚ ਕੁਝ ਸਮਾਂ ਪਹਿਲਾਂ।
ਕਿ 'ਅਪਣੀ' ਜਾਨ ਪਿੱਛੋਂ ਸੀ, ਮਗਰ ਸੀ ਗੁਲਸਿਤਾਂ ਪਹਿਲਾਂ।

ਜਿਦ੍ਹਾ ਜਿੱਧਰ ਨੂੰ ਮੂੰਹ ਹੈ-ਓਧਰੇ ਉਹ ਨੱਠਿਆ ਜਾਂਦੈ
ਮਗਰ ਮੰਜ਼ਿਲ ਦੇ ਵਲ ਤੁਰਦਾ ਸੀ ਮਿਲਕੇ ਕਾਰਵਾਂ ਪਹਿਲਾਂ।

ਕਿਸੇ ਦੇ ਦਿਲ 'ਚ ਹਸਰਤ ਹੈ-ਉਹ ਦੂਜੀ ਵਾਰ ਆ ਜਾਵੇ
ਮਗਰ ਇਸ ਵਾਰ ਤਾਂ ਜਾਣਾ ਹੈ-ਸਿਰ ਵਾਰਨ ਅਸਾਂ ਪਹਿਲਾਂ।

ਕਹਾਣੀ 'ਇਹ ਨਹੀਂ' ਅੱਜ ਦੀ-ਚਿਰਾਂ ਤੋਂ ਇਹ ਰਵਾਇਤ ਹੈ
ਸੁਆਗਤ ਮੌਤ ਦਾ ਕੀਤੈ-ਹਮੇਸ਼ਾ ਆਸ਼ਿਕਾਂ ਪਹਿਲਾਂ।

ਇਨ੍ਹਾਂ ਫੁਲ ਚੋਣਿਆਂ ਨੂੰ ਫੇਰ ਪੁੱਛਾਂਗੇ ਅਸੀਂ ਯਾਰੋ !
ਹੁਣ ਇਹ ਪੁੱਛੋ ! ਕਿ ਕੀ ਕਰਦੇ ਰਹੇ ਹਨ ਬਾਗ਼ਬਾਂ ਪਹਿਲਾਂ।

ਕਿਵੇਂ ਫੁੱਲਾਂ ਤੇ ਬੀਤੀ ਕਿਸ ਤਰ੍ਹਾਂ ਕਲੀਆਂ ਤੇ ਗੁਜ਼ਰੀ ਹੈ ?
ਕਿਸੇ ਨੂੰ ਜੇ ਪਤੈ ? ਦੱਸੇ, ਚਮਨ ਦੀ ਦਾਸਤਾਂ ਪਹਿਲਾਂ।

ਤੂੰ ਰੱਜਵੇਂ ਕਹਿਕਹੇ ਮਾਰੀਂ ਫਜ਼ਾ ਅੰਦਰ ਨਙੱਕ ਹੋਕੇ
ਨ ਹੱਕੇ ਖ਼ੂਨ ਤੇ ਅਥਰੂ ਤੇ ਸੁਟ ਐ ਆਸਮਾਂ ਪਹਿਲਾਂ।

ਦੁਹਾਈ ਕਾਸਤੋਂ ਹੁਣ ਪਾ ਰਹੇ ਹਨ, ਇਹ ਚਮਨ ਵਾਲੇ ?
ਇਹ ਦੱਸਣ ! ਬੰਦ ਕਿਉਂ ਰੱਖੀ ਸੀ, ਇਹਨਾਂ ਨੇ ਜ਼ੁਬਾਂ ਪਹਿਲਾਂ।

ਸਕੂਲ ਇਹ ਇਸ਼ਕ ਹੀ ਦਾ ਹੈ, ਕਿ ਜਿਸ ਦੀ ਖ਼ਾਸੀਅਤ ਹੈ ਇਹ
ਕਿ ਮਿਲਦੈ ਦਾਖਲਾ ਪਿੱਛੋਂ ਹੈ ਹੁੰਦਾ ਇਮਤਹਾਂ ਪਹਿਲਾਂ।

ਨਾ ਇਹ ਹਾਲਤ ਵਿਗੜਣੀ ਸੀ, ਨਾ ਇਹ ਮਾਹੌਲ ਬਨਣਾ ਸੀ
ਕਦਮ ਕੁਝ ਸੋਚ ਕੇ ਪੁਟਿਆ ਜੇ ਹੁੰਦਾ-ਮਾਲੀਆਂ ਪਹਿਲਾਂ।

ਤੂੰ ਕਿਉਂ ਪਿੱਟਦੈਂ ਦੁਹੱਥੀਂ ਕਿਉਂ ਜਨਾਜ਼ਾ ਇਸ਼ਕਾ ਦਾ ਕੱਢਦੈਂ ?
ਨਾ ਟੰਗਦਾ ਅਕਲ ਛਿੱਕੇ ਤੇ, ਤੂੰ ਐ ਦੀਪਕ—ਮਿਆਂ ਪਹਿਲਾਂ।

ਸਾ ਹਿ ਤ ਦ ਰ ਪ ਣ

ਕਹਾਣੀ

ਦੀਪ ਕਦੋਂ ਜਗੇਗਾ ?

ਅਵਤਾਰ ਸਾਦਿਕ

ਮੇਰੀ ਪਤਨੀ ਹਰ ਰੋਜ਼ ਕਿਸੇ ਆਨੇ ਬਹਾਨੇ ਗਵਾਂਢੀਆਂ ਦੇ ਕੁੱਤੇ ਦੀ ਗਲ ਛੇੜ ਦੇਂਦੀ। ਕਦੇ ਕਹਿੰਦੀ, ਬੇਗਮਪੁਰੀਏ ਭਾਅ ਜੀ ਹੋਰਾਂ ਦੋ ਸੌ ਪੌਂਡ ਕੁੱਤੇ ਤੇ ਖਰਚਿਆ — ਲੈਬਰਡੋਰ ਨਸਲ ਦਾ ਦਸਦੇ ਆ — ਵੇਖਣ ਨੂੰ ਸੱਚ ਮੁੱਚ ਬਹੁਤ ਸਹੁਣਾ ਲਗਦੇ। ਇਕ ਦਿਨ ਮੈਂ ਆਪਣੀ ਪਤਨੀ ਦੀ ਵਿਚੋਂ ਗਲ ਟੋਕ ਕੇ ਕਿਹਾ, 'ਭਲਾ ਉਨ੍ਹਾਂ ਕੁੱਤਾ ਕੀ ਕਰਨੈ — ਆਪ ਤਾਂ ਪਰਸ਼ੋਤਮ ਸਿਹੁੰ ਫੌਂਡਰੀ ਵਿਚ ਰਾਤਾਂ ਤੇ ਕੰਮ ਕਰਦੈ — ਉਸ ਦੀ ਪਤਨੀ ਦਿਨਾਂ ਤੇ। ਦੋਨੋ ਬੱਚੇ ਸਕੂਲੇ ਚਲੇ ਜਾਂਦੇ ਆ — ਉਨ੍ਹਾਂ ਦੀ ਕਿਹੜੀ ਕੋਈ ਦੁਕਾਨ ਆ ਜਿਸਦੀ ਕੁੱਤੇ ਨੇ ਰਾਖੀ ਕਰਨੀ ਆ —'

"ਕੁੱਤੇ ਕਿਤੇ ਲੋਕੀ ਰਾਖੀ ਲਈ ਰਖਦੇ ਆ — ਅੰਗਰੇਜ਼ਾਂ ਵੱਲ ਵੇਖੋ — ਕੋਈ ਕੁੱਤਾ ਲੈ ਕੇ ਤੁਰਿਆ ਹੁੰਦੈ — ਕਈਆਂ ਸ਼ੌਂਕ ਮਾਰੇ ਬਿੱਲੀਆਂ ਰਖੀਆਂ — ਸ਼ੌਂਕ ਦਾ ਕੋਈ ਮੁਲ ਆ ਭਲਾਂ — ਤੁਸੀਂ ਕੁੱਤਾ ਵੇਖਣ ਤਾਂ ਚਲੋ — ਰੂਹ ਖੁਸ਼ ਹੁੰਦੀ ਆ ਕੁੱਤਾ ਵੇਖ ਕੇ —' ਗੁਰਬਿੰਦਰ ਬੋਲੀ।

ਮੈਂ ਕੁੱਤੇ ਦੀਆਂ ਗੱਲਾਂ ਸੁਣਕੇ ਇਕ ਦਿਨ ਆਪਣੀ ਪਤਨੀ ਨੂੰ ਕਿਹਾ, 'ਗੁਰਮਿੰਦਰ — ਚੱਲ ਕੁੱਤਾ ਵੇਖਣ ਚਲੀਏ।"

ਗੁਰਮਿੰਦਰ ਨੇ ਬੇਗਮਪੁਰੀਆਂ ਦੇ ਦਰਵਾਜ਼ਾ ਜਾ ਖੜਕਾਇਆ ਤਾਂ ਪ੍ਰਸ਼ੋਤਮ ਦੀ ਪਤਨੀ ਸੁਰਜੀਤ ਨੇ ਦਰਵਾਜਾ ਖੋਹਲਿਆ। ਭੂਰੇ ਰੰਗ ਦਾ ਕੁੱਤਾ ਛਾਲਾਂ ਮਾਰਦਾ ਸਾਡੇ ਵਲ ਵਧਿਆ। ਆਪਣੀ ਛੋਟੀ ਜਿਹੀ ਬੂਥੀ ਨਾਲ ਸਾਡੇ ਪੈਰ ਸੁੰਘਣ ਲਗ ਪਿਆ। ਗੁਰਮਿੰਦਰ ਨੇ ਕੁੱਤੇ ਦੀ ਸਿਫਤ ਵਿਚ ਅਜੇ ਦੋ ਕੁ ਸ਼ਬਦ ਪੂਰੇ ਕੀਤੇ ਸਨ ਕਿ ਪਰਸ਼ੋਤਮ ਹੋਰੀਂ ਬੋਲੇ, 'ਭੈਣ ਜੀ - ਇਸ ਦੀ ਸਿਫਤ ਕੀ ਕਰਨੀ ਆ — ਅਜੇ ਤਾਂ ਬਾਰਾਂ ਹਫਤਿਆਂ ਦਾ ਪਰਸੋਂ ਹੋਇਆ — ਬੜੀ ਮੁਸ਼ਕਲ ਨਾਲ ਮਿਲਿਆ ਇਹ ਮਹਾਰਾਣੀ ਦੇ ਕੁੱਤੇ ਦੀ ਨਸਲ ਵਿਚੋਂ ਆ —'

ਗੱਲ ਨੂੰ ਵਿਚੋਂ ਅਧੂਰੀ ਛੱਡਕੇ ਉਹ ਸਾਹਮਣੀ ਸ਼ੈਲਫ ਵਿਚੋਂ ਇਕ ਲੰਮਾ ਜਿਹਾ ਕਾਗਜ਼ ਕੱਢ ਲਿਆਇਆ। ਮੇਰੇ ਹੱਥਾਂ ਵਿਚ ਫੜਾ ਕੇ ਕਹਿਣ ਲੱਗਾ, 'ਇਕਬਾਲ ਵੀਰ ਜੀ ਆਹ ਪੜੋ - ਇਹਦਾ ਜਨਮ-ਪਤਰਾ — ਵੇਖੋ ਤਾਂ ਸਹੀ - ਇਸ ਵਿਚ ਇਸ ਦੇ ਸਭ ਵਡੇਰਿਆਂ ਦਾ ਇਤਿਹਾਸ ਦਰਜ ਆ — ਅਸੀਂ ਇਸ ਨੂੰ ਇਸ ਦੇ ਜਮਨਪਤਰੇ ਵਾਲੇ ਨਾਮ ਨਾਲ ਬੁਲਾਉਂਦੇ ਆ —'

ਏਨੇ ਨੂੰ ਫਰੰਟਰੂਮ ਵਿਚ ਗੇੜੀਆਂ ਦੇਂਦੇ ਕੁੱਤੇ ਨੂੰ ਅੰਗਰੇਜ਼ੀ ਵਿਚ ਸ਼ਾਹੀ ਹੁਕਮਰਾਨਾਂ ਵਾਂਗ ਪਰਸ਼ੋਤਮ ਨੇ ਵਾਜ ਮਾਰੀ, 'ਟਾਈਗਰ ਇਧਰ ਆ'

ਕੁੱਤਾ ਪੂਛ ਹਲਾਉਂਦਾ ਕੋਲ ਆ ਗਿਆ। ਉਸ ਪਿਆਰ ਨਾਲ "ਟਾਈਗਰ" ਨੂੰ ਚੁਕਕੇ ਹਿਕ ਨਾਲ ਲਾ ਲਿਆ ਤੇ ਸਿਰ ਤੇ ਹਥ ਫੇਰਨ ਲੱਗ ਪਿਆ।

ਹਿਕ ਨਾਲ ਲਗੇ ਕੁੱਤੇ ਨੂੰ ਵੇਖਕੇ ਸੁਰਜੀਤ ਬੋਲੀ 'ਇਕਬਾਲ ਵੀਰ ਜੀ — ਕੁੱਤੇ ਨੇ ਤਾਂ ਸਾਡੇ ਘਰ ਗੰਦ ਪਾਇਆ ਪਿਆ — ਜਦੋਂ ਦਿਲ ਕਰਦੈ ਕਾਰਪੇਟ ਤੇ ਪਸ਼ਾਬ ਕਰ ਦੇਂਦੈ — ਕਿਚਨ ਵਿਚ ਭਾਂਡਿਆਂ ਨੂੰ ਮੂੰਹ ਮਾਰਦਾ ਰਹਿੰਦਾ - ਗੰਦੇ ਪੈਰੀਂ ਸੋਫੇ ਤੇ ਚੜ੍ਹ ਵਹਿੰਦੈ — ਮੈਂ ਤਾਂ ਤੰਗ ਆਈ ਪਈ ਆਂ —'

'ਤੇਰੇ ਪਿਓ-ਦਾਦੇ ਨੇ ਕਦੇ ਬਿੱਲੀ ਨਹੀਂ ਰੱਖੀ ਤੈਨੂੰ ਸਮਝ ਕਿਦਾਂ ਆਉਂਦੀ ਕੁੱਤੇ ਰੱਖਣ ਦੀ —' ਪਰਸ਼ੋਤਮ ਬੋਲਿਆ।



ਅਵਤਾਰ ਸਾਦਿਕ

'ਇਹ ਸਮਝ ਤੁਹਾਨੂੰ ਮੁਬਾਰਕ' ਕਹਿਕੇ ਉਹ ਕਿਚਨ ਵਿਚ ਚਲੀ ਗਈ ਤੇ ਪਰਸ਼ੋਤਮ ਮੈਨੂੰ ਕੁੱਤੇ ਲਈ ਬਾਹਰ ਬਣਾਇਆ ਕਮਰਾ ਵਖਾਉਣ ਲਗ ਪਿਆ। ਉਸ ਦੇ ਨਵੇਂ ਉਸਰੇ ਕਮਰੇ ਵਿਚ ਕਾਰਪੇਟ ਵਿਛਾਈ ਹੋਈ ਸੀ। ਮੈਂ ਕਮਰਾ ਵੇਖਕੇ ਕੁਰਸੀ ਤੇ ਆਣ ਬੈਠਾ। ਮੇਜ ਤੇ ਚਾਹ ਦਾ ਕੱਪ ਧਰਦਿਆਂ ਸੁਰਜੀਤ ਬੋਲੀ, 'ਵੀਰ ਜੀ ਫਿਲਪ ਦੇ ਰਹਿਣ ਲਈ ਸ਼ਾਹੀ ਮਹੱਲ ਤਾਂ ਉਸਰ ਗਿਆ — ਇਸ ਦੀ ਦੇਖ ਭਾਲ ਲਈ ਇਨ੍ਹਾਂ ਨੂੰ ਕਹੋ — ਕੋਈ ਨੌਕਰ ਵੀ ਰਖ ਲੈਣ — ਆਪਣੇ ਹੱਥੀਂ ਨਲਾਉਂਦੇ ਚੰਗੇ ਨਹੀਂ ਲਗਦੇ —'

ਸੁਰਜੀਤ ਦੀਆਂ ਗੱਲਾਂ ਸੁਣਕੇ ਪਰਸ਼ੋਤਮ ਲੋਹਾ ਲਾਖਾ ਹੋ ਗਿਆ ਤੇ ਬੜੇ ਗੁੱਸੇ ਨਾਲ ਬੋਲਿਆ, 'ਐਮੇਂ ਕਿਉਂ ਭੌਂਕੀਂ ਜਾਨੀ ਆਂ — ਜਾਹ ਆਪਣਾ ਕੰਮ ਕਰ —'

ਪਰਸ਼ੋਤਮ ਫੌਂਡਰੀ ਵਿਚ ਰਾਤ ਲਾ ਕੇ ਆਉਂਦਾ। ਚਾਹ ਦਾ ਕੱਪ ਪੀਤੇ ਬਿਨਾਂ ਕੁੱਤੇ ਨੂੰ ਬਾਹਰ ਜੰਗਲ-ਪਾਣੀ ਲਈ ਲੈ ਕੇ ਜਾਂਦਾ। ਘਰ ਆ ਕੇ ਕੁੱਤੇ ਨੂੰ ਖਾਣਾ ਖੁਆਉਂਦਾ ਤੇ ਕੁੱਤੇ ਨਾਲ ਅੰਗਰੇਜ਼ੀ ਵਿਚ ਗੱਲਾਂ ਕਰਦਾ। ਪਰਸ਼ੋਤਮ ਨੂੰ ਕਦੇ ਵੀ ਮੈਂ ਪੱਬ ਵਿਚ ਮਿਲਦਾ ਤਾਂ ਉਹ ਕੁੱਤਿਆਂ ਦੀਆਂ ਨਸਲਾਂ ਤੇ ਪੰਜਾਬ ਵਿਚ ਆਪਣੀ ਜੁਆਨੀ ਵੇਲੇ ਖੇਡੇ ਸ਼ਿਕਾਰ ਦੀਆਂ ਗੱਲਾਂ ਬੜੇ ਸ਼ੌਂਕ ਨਾਲ ਸੁਣਾਉਂਦਾ। ਸੂਰਾਂ ਦਾ ਸ਼ਿਕਾਰ, ਸੂਰ ਦਾ ਮੀਟ, ਸੂਰ ਦਾ ਆਚਾਰ ਤੇ ਸੂਰਾਂ ਦੇ ਮਾਰਖੋਰੇ ਸੁਭਾਵਾਂ ਦੀਆਂ ਅਨੇਕਾਂ ਕਹਾਣੀਆਂ ਸੁਣਾਕੇ ਪੱਬ ਵਿਚ ਬੈਠੇ ਹਮਜੋਲੀਆਂ ਦਾ ਦਿਲ ਲਾਈ ਰੱਖਦਾ। ਸ਼ਿਕਾਰ ਖੇਡਦਿਆਂ ਇਕ ਵਾਰ ਉਹ ਜ਼ਖਮੀ ਸੂਰ ਦੇ ਅੜਿਕੇ ਆ ਗਿਆ ਸੀ। ਉਸ ਨੇ ਢਾਹਕੇ ਪਰਸ਼ੋਤਮ ਦੀਆਂ ਲੱਤਾਂ ਛਿੱਲ ਦਿਤੀਆਂ ਸੀ। ਉਸ ਦੀ ਚੰਗੀ ਕਿਸਮਤ ਨੂੰ ਕੁੱਤੇ ਸਮੇਂ ਸਿਰ ਪੁਜ ਗਏ ਤੇ ਉਸ ਦੀ ਜਾਨ ਬਚੀ ਸੀ। ਉਹ ਗੱਲਾਂ ਵਿਚ ਰੌਚਕਤਾ ਭਰਨ ਲਈ ਕਈ ਵਾਰ ਆਪਣੀਆਂ ਜਰਾਬਾਂ ਲਾਹਕੇ ਲੱਤਾਂ ਦੇ ਜ਼ਖਮ ਵਖਾਉਣ ਲਗ ਪੈਂਦਾ ਸੀ। ਜ਼ਖਮਾਂ ਦੀ ਗੱਲ ਕਰਦਾ ਪੰਜਾਬ ਵਿਚ ਰੱਖੇ ਕੁੱਤੇ ਦੀ ਗਲ ਵੀ ਜ਼ਰੂਰ ਛੇੜਦਾ ਜਿਸ ਉਸਨੂੰ ਸੂਰ ਤੋਂ ਛੁਡਵਾਇਆ ਸੀ।

ਇਕ ਦਿਨ ਸ਼ਨਿਚਰਵਾਰ ਵਾਲੇ ਦਿਨ ਪਰਸ਼ੋਤਮ ਮੈਨੂੰ ਕੁਝ ਅੰਗਰੇਜ਼ੀ ਦੀਆਂ ਚਿਠੀਆਂ ਪੜ੍ਹਨ ਲਈ ਘਰ ਲੈ ਗਿਆ। ਮੈਂ ਚਿੱਠੀਆਂ ਪੜ੍ਹ ਕੇ ਕੁੱਤੇ ਵਾਰੇ ਗੱਲ ਛੇੜੀ। ਗਲ ਅਜੇ ਮੇਰੇਂ ਮੂੰਹ ਵਿਚ ਹੀ ਸੀ ਕਿ ਪਰਸ਼ੋਤਮ ਬੋਲਿਆ ਕਿ 'ਸੁਰਜੀਤ ਨੇ ਕੁੱਤੇ ਨੂੰ ਬੇਹੀਆਂ ਰੋਟੀਆਂ ਤੇ ਸਬਜ਼ੀਆਂ ਖਿਲਾ ਬਿਮਾਰ ਕਰ ਦਿੱਤਾ ਹੈ — ਡਾਕਟਰ ਦੇ ਵਿਖਾਲਕੇ ਦੁਆਈ ਲੈ ਕੇ ਆਇਆ ਹਾਂ — ਭਲਾ ਸ਼ਾਹੀ ਕੁੱਤਿਆਂ ਨੂੰ ਭਾਰਤੀ ਖਾਣਾ ਹਾਜ਼ਮ ਹੋ ਸਕਦਾ ਆ —' 'ਸ਼ਾਹੀ ਕੁੱਤਿਆਂ ਨੂੰ ਭਾਰਤੀ ਖਾਣਾ' ਨਾਮੀ ਸ਼ਬਦ ਸੁਣਕੇ ਮੈਂ ਕਹਿਣਾ ਚਾਹੁੰਦਾ ਸੀ ਕਿ ਇਨ੍ਹਾਂ ਨੂੰ ਡਕਾਰ ਵੀ ਨਹੀਂ ਆਉਂਦਾ - ਸਗੋਂ ਦੂਜਿਆਂ ਕੋਲੋਂ ਵੀ ਜਬਰਦਸਤੀ ਖੋਹ ਲੈਂਦੇ ਆ — ਆਪਣੀ ਤਾਕਤ ਸਹਾਰੇ — ਪਰ ਏਨੇ ਨੂੰ ਪਰਸ਼ੋਤਮ ਦੀ ਪਤਨੀ ਸੁਰਜੀਤ ਬੋਲੀ, 'ਭਾਅ ਜੀ ਮੈਂ ਤਾਂ ਬਹੁਤ ਦੁਖੀ ਆਂ — ਘਰ ਵਿਚ ਬਹੁਤ ਗੰਦ ਪਾਉਂਦਾ ਆ —'

ਸੁਰਜੀਤ ਕੁੱਤੇ ਦੀ ਹੋਂਦ ਤੋਂ ਸਤੀ ਹੋਈ ਅਜੇ ਬਹੁਤ ਕੁਝ ਕਹਿਣਾ ਚਾਹੁੰਦੀ ਸ਼ੀ ਪਰ ਪਰਸ਼ੋਤਮ ਹੋਰੀਂ ਆਪਦੀ ਲੜੀ ਛੇੜ ਲਈ। 'ਇਨ੍ਹਾਂ ਤਾਂ ਪੰਜਾਬੀ ਵਿਚ ਗੱਲਾਂ ਕਰਕੇ ਕੁੱਤੇ ਨੂੰ ਪਾਗਲ ਕਰ ਦਿਤਾ ਆ — ਮੈਂ ਇਸ ਨੂੰ ਸਕੂਲੇ ਭੇਜਦਾਂ ਜਿਥੇ ਇਸ ਨੂੰ ਸਿਖਾਲਣ ਦੀ ਫੀਸ ਭਰਨੀ ਪੈਂਦੀ ਆ — 'ਇਹ ਕਹੂਗੀ - ਦਾਦੇ ਮਗੌਣੇ ਟਾਈਗਰਾ ਇਧਰ ਆ — ਦਫਾ ਹੁੰਦਾ ਕਿ ਨਹੀਂ —' ਟਾਈਗਰ ਦਾ ਉਸਤਾਦ ਕਹਿੰਦਾ ਰਹਿੰਦੈ — ਘਰ ਵਿਚ ਸਾਰੇ ਅੰਗਰੇਜ਼ੀ ਬੋਲਿਆ ਕਰੋ — ਟਾਈਗਰ ਦੋ ਜ਼ਬਾਨਾਂ ਕਿਦਾਂ ਸਿਖ ਸਕਦੈ — ਮੈਨੂੰ ਸੱਚ ਪੁਛੋ ਤਾਂ ਕੁੱਤੇ ਦੀ ਕਲਚਰ ਤੇ ਬਹੁਤ ਵੱਡਾ ਅਸਰ ਹੋਇਆ ਹੈ — ਹੁਣ ਇਹ ਦੋ ਸਭਿਆਚਾਰਾਂ ਵਿਚ ਦਰੜਿਆ ਜਾ ਰਿਹੈ — ਕਈ ਵਾਰੀ ਜਦੋਂ ਟਾਈਗਰ ਨੂੰ ਪੰਜਾਬੀ ਵਿਚ ਬੁਲਾਓ ਨਾ ਵੱਢਣ ਪੈਂਦਾ ...'

ਪਰਸ਼ੋਤਮ ਦੀਆਂ ਗੱਲਾਂ ਸੁਣਕੇ ਮੈਨੂੰ ਬਹੁਤ ਵੱਡਾ ਝਟਕਾ ਲੱਗਾ ਕਿ ਫਾਉਂਡਰੀ ਵਿਚ ਭਾਰਾ ਤੇ ਤੱਤਾ ਕੰਮ ਕਰਕੇ ਇਹ ਮਹਿਸੂਸ ਦੀ ਨਹੀਂ ਕਰ ਰਿਹਾ ਕਿ ਉਹ ਜਾਣੇ ਜਾਂ ਅਣਜਾਣੂ ਆਪਣੀ ਹੋਂਦ ਦੇ ਬੋਹੜ ਦੀਆਂ ਜੜ੍ਹਾਂ ਕੱਟ ਰਿਹਾ ਸੀ। ਘਰ ਦੇ ਮਾਹੌਲ ਵਿਚ ਮਾਂ-ਬੋਲੀ ਨੂੰ ਦੁਰਕਾਰਕੇ ਲੋਟੂ ਸਭਿਆਚਾਰ ਦੇ ਟੋਟੇ ਚੜ੍ਹਿਆ ਹੋਇਆ ਸੀ। ਮੇਰਾ ਦਿਲ ਕੀਤਾ ਕਿ ਉਸ ਨੂੰ ਸਭਿਆਚਾਰ ਦੀ ਗਲ ਦਸਦਾ — ਪਰ ਸਭਿਆਚਾਰ ਦੀ ਸਮਝ ਵਾਰੇ ਜੇ ਕਦੇ ਮੈਂ ਪੰਜਾਬ ਦੇ ਅਜੋਕੇ ਹਾਲਤ ਨੂੰ ਮੁਖ ਰਖਕੇ ਗੱਲ ਤੋਰਦਾ — ਕਿ ਦੇਸ ਦੀ ਵੰਡ ਤੋਂ ਪਹਿਲੇ ਪੰਜਾਬ ਵਿਚ ਹਿੰਦੂ-ਸਿਖ-ਮੁਸਲਮਾਨਾਂ ਦੀਆਂ ਅਲਾਹਣੀਆਂ, ਗਿੱਧੇ, ਗੀਤ, ਭੰਗੜੇ, ਮਲਾਹਰ ਤੇ ਚਾਅ ਸਾਂਝੇ ਸਨ — ਉਹ ਤੋਤੇ ਦੇ ਬੋਲਾਂ ਵਾਂਗ ਘੜਿਆ ਜਵਾਬ ਦੇ ਦੇਂਦਾ 'ਜੀ ਸਾਨੂੰ ਤਾਂ ਆਪਣਾ ਘਰ ਚਾਹੀਦੈ — ਅਸੀਂ ਹਿੰਦੂਆਂ ਵਿਚ ਨਹੀਂ ਰਹਿ ਸਕਦੇ —'

ਉਹ ਦਾ ਜਵਾਬ ਸੁਣਕੇ ਇਕ ਦਿਨ ਪੱਬ ਵਿਚ ਬੈਠੇ ਉਸ ਦੇ ਪੇਂਡੂ ਨੇ ਪਰਸ਼ੋਤਮ ਦੀ ਗਲ ਬੋਚ ਲਈ ਸੀ 'ਬਈ ਜੇ ਤੁਸੀਂ ਹਿੰਦੂਆਂ ਨਾਲ ਨਹੀਂ ਰਹਿ ਸਕਦੇ ਤਾਂ ਫਿਰ ਤੇਰਾ ਮਹਾਂਰਾਣੀ ਦੇ ਖਾਨਦਾਨ ਵਿਚੋਂ ਆਇਆ ਸ਼ਾਹੀ ਕੁੱਤਾ ਵੀ ਤੇਰੇ ਨਾਲ ਨਹੀਂ ਰਹਿ ਸਕਦਾ — ਜ਼ਬਰੀ ਚੱਕ ਮਾਰਨ ਵਾਲੇ ਸੁਭਾ ਤੇ ਢਿਡ ਦੀ ਭੁੱਖ ਲਈ ਫਾਉਂਡਰੀ ਦੀ ਤੱਤੀ ਅੱਗ ਮੂਹਰੇ ਖੜਨ ਦੀ ਮਜ਼ਬੂਰੀ ਦੋ ਵੱਖਰੀਆਂ ਵੱਖਰੀਆਂ ਅਸਲੀਅਤਾਂ ਹਨ —'

ਆਪਣੇ ਪੇਂਡੂ ਪ੍ਰੀਤੂ ਦੀ ਮਾਖਿਓ ਮਿਠੀ ਗਲ ਵਿਚ ਓਦਣ ਪਰਸ਼ੋਤਮ ਹੋਰ ਜ਼ਹਿਰ ਨਾ ਘੋਲ ਸਕਿਆ ਤੇ ਚੁਪ ਕਰ ਗਿਆ —

* * * *

ਜੂਨ ਦਾ ਮਹੀਨਾ ਸੀ। ਸੂਰਜ ਪੂਰੇ ਮਾਣ ਨਾਲ ਚੜ੍ਹਿਆ ਹੋਇਆ ਸੀ। ਆਕਾਸ਼ ਵਿਚ ਬੱਦਲਾਂ ਦਾ ਖੁਰਾ-ਖੋਜ ਹੀ ਮਿਟ ਗਿਆ ਸੀ। ਮੈਂ ਵੀ ਰਾਤਾਂ ਤੇ ਹੋਣ ਕਰਾਣ ਸੌਂ ਨਾ ਸਕਿਆ ਤਾਂ ਦੁਪਹਿਰ ਨੂੰ ਪੱਬ (ਮੈਖਾਨੇ) ਵਲ ਹੋ ਤੁਰਿਆ। ਪੱਬ ਵਿਚ ਮੇਰੇ ਜਾਣ ਤੋਂ ਪਹਿਲਾਂ ਪਰਸ਼ੋਤਮ ਹੋਰੀਂ ਟਾਈਗਰ ਦੀ ਸੰਗਲੀ ਫੜੀ ਤੇ ਸਿਰ ਤੇ ਕਾਲੀ ਪੱਗ ਬੰਨ੍ਹੀ ਬੈਠੇ ਸਨ। ਮੈਂ ਕਦੀ ਉਸ ਦੀ ਪੱਗ ਵਲ ਤੇ ਕਦੀ ਉਸ ਦੇ ਮੂੰਹ ਤੇ ਕਛੇਰਨੇ ਦੇ ਵਾਲਾ ਵਰਗੇ ਉਗੇ ਵਾਲਾ ਵੱਲ ਵੇਖਦਾ, ਆਪਣਾ ਬੀਅਰ ਦਾ ਗਲਾਸ ਭਰਾ ਕੇ ਉਸ ਕੋਲ ਜਾ ਬੈਠਾ। ਕੁਝ ਚਿਰ ਲਈ ਚੁਪ ਵਰਤੀ ਰਹੀ। ਮੈਂ ਕੁੱਤੇ ਵੱਲ ਇਸ਼ਾਰਾ ਕਰਕੇ ਪੁਛਿਆ ਕਿ ਹੁਣ ਤਾਂ ਸਕੂਲੇ ਜਾਂਦੈ ਤੇ ਕਾਫੀ ਕਿਹਾ ਮੰਨਦਾ ਹੋਣੈ। ਪਰਸ਼ੋਤਮ ਨੇ ਹੁਬਕੇ ਗੇੜੀਆਂ ਦੇਂਦੇ ਕੁੱਤੇ ਨੂੰ ਹੁਕਮ ਦਿਤਾ 'ਟਾਈਗਰ — ਸਿਟ ਡਾਊਨ'।

ਪੰਨਾ 15 ਦੀ ਬਾਕੀ

ਤਿੰਨ ਚਾਰ ਵਾਰ ਜ਼ੋਰ ਲਾਉਣ ਤੇ ਵੀ ਕੁੱਤੇ ਨੇ ਹੁਕਮ ਨਾ ਮੰਨਿਆ ਤਾਂ ਫਿਰ ਉਸ ਹੱਥ ਵਿਚ ਫੜੀ ਗੇਂਦ ਦੂਰ ਸੁਟੀ ਤੇ ਕੁੱਤੇ ਦੀ ਸੰਗਲੀ ਖੋਲ੍ਹ ਕੇ ਲਿਆਉਣ ਲਈ ਕਿਹਾ। ਕੁੱਤਾ ਗੇਂਦ ਚੁਕਣ ਦੀ ਬਿਜਾਏ ਬਾਹਰ ਦੌੜ ਗਿਆ। ਉਹ ਬੜੇ ਰੋਹਬ ਨਾਲ ਕੁੱਤੇ ਨੂੰ ਹੁਕਮ ਦੇਂਦਾ ਰਿਹਾ 'ਟਾਈਗਰ - ਕਮ ਆਨ — ਕਮ ਆਨ' ਕੁੱਤਾ ਨਾ ਮੁੜਿਆ। ਮੈਂ ਕੁੱਤੇ ਮਗਰ ਭਜੇ ਜਾਂਦੇ ਪਰਸ਼ੋਤਮ ਨੂੰ ਹਸਕੇ ਕਿਹਾ, 'ਭਾਅ ਜੀ - ਹੁਕਮ ਦੇਣ ਦੀ ਜਮਾਤ ਵਿਚੋਂ ਆਉਣ ਵਾਲੇ ਕਦੇ ਹੁਕਮ ਨਹੀਂ ਲੈਂਦੇ ਹੁੰਦੇ —'

ਮੈਂ ਗਲਾਸ ਪੀਕੇ ਘਰ ਆ ਕੇ ਸੌਂ ਗਿਆ। ਅਜੇ ਦੋ ਕੁ ਘੰਟੇ ਹੀ ਸੁੱਤਾ ਹੋਣੈ ਕਿ ਬਾਹਰ ਬਹੁਤ ਉਚੀ ਉਚੀ ਰੌਲਾ ਪੈਣਾ ਸ਼ੁਰੂ ਹੋਇਆ। ਸਾਡਾ ਗਵਾਂਢੀ ਸਕਾਟਿਸ਼ ਗੋਰਾ ਤੇ ਉਸਦੀ ਪਤਨੀ ਡੰਡਾ ਹੱਥ ਵਿਚ ਫੜੀ ਗਾਲਾਂ ਕੱਢਦੇ ਪਰਸ਼ੋਤਮ ਦੇ ਘਰ ਵਲ ਜਾ ਰਹੇ ਸਨ। ਮੈਂ ਆਪਦੀ ਬੈਡ ਵਿਚੋਂ ਉਠਿਆ ਤਾਂ ਵੇਖਿਆ ਪਰਸ਼ੋਤਮ ਦੇ ਘਰ ਅੱਗੇ ਲੋਕਾਂ ਦਾ ਮੇਲਾ ਲੱਗਾ ਹੋਇਆ ਸੀ। ਸਕਾਟਿਸ਼ ਗੋਰੀ ਦੀਆਂ ਕੁੱਤਾ ਜੁਤੀਆਂ ਤੇ ਭਾਂਡੇ ਚੁਕ ਲੈ ਗਿਆ ਸੀ — ਉਸ ਦੇ ਲਾਗ ਰਹਿੰਦੇ ਗੁਜਰਾਤੀ ਦੀਆਂ ਦੁਧ ਦੀਆਂ ਬੋਤਲਾਂ ਕਈ ਵਾਰ ਭੰਨ ਚੁਕਾ ਸੀ — ਦਿਨੇ ਖੁਲ੍ਹਾ ਛੱਡਿਆ ਰਹਿਣ ਦੇਣ ਕਾਰਣ ਗਵਾਂਢੀਆਂ ਦੇ ਬੱਚਿਆਂ ਦੇ ਚਕ ਵੀ ਮਾਰ ਚੁੱਕਾ ਸੀ। ਸਕਾਟਿਸ਼ ਗੋਰਾ ਤੇ ਗੋਰੀ ਕੁੱਤੇ ਦੀਆਂ ਲੱਤਾਂ ਭੰਨਣੀਆਂ ਚਾਹੁੰਦੇ ਸਨ। ਪਰ ਪਰਸ਼ੋਤਮ ਸਭ ਨੂੰ ਯਕੀਨ ਦਵਾ ਰਿਹਾ ਸੀ ਕਿ ਹੁਣ ਉਸ ਨੂੰ ਕਦੇ ਖੁਲ੍ਹਾ ਨਹੀਂ ਛੱਡੇਗਾ — ਪਰਸ਼ੋਤਮ ਦੀ ਪਤਨੀ ਸੁਰਜੀਤ ਸਕਾਟਿਸ਼ ਗੋਰੇ ਨੂੰ ਕਹਿ ਰਹੀ ਸੀ ਕਿ 'ਕੁੱਤੇ ਦੀਆਂ ਲੱਤਾਂ ਭੰਨ ਕੇ ਗੱਲ ਨਹੀਂ ਬਣੇਗੀ - ਇਹਦੇ ਗੋਲੀ ਮਾਰੋ।'

ਫਸਾਦ ਹੋਣੋਂ ਬਚ ਗਿਆ। ਫਸਾਦ ਦੇ ਕਾਰਨਾਂ ਵਾਰੇ ਤੇ ਨਤੀਜਿਆਂ ਵਾਰੇ ਪਰਸ਼ੋਤਮ ਛੇਤੀ ਹੀ ਸਮਝ ਗਿਆ। ਕੱਠੇ ਹੋਏ ਲੋਕਾਂ ਵਾਰੇ ਕੁੱਤੇ ਦੇ ਮਾਰੇ ਹੋਏ ਡਾਕਿਆਂ ਵਾਰੇ ਜਾਣਕੇ ਮੈਂ ਪਰਸ਼ੋਤਮ ਨੂੰ ਕਹਿਣਾ ਚਾਹੁੰਦਾ ਸੀ ਕਿ ਤੈਨੂੰ ਅਜ ਕੁੱਤੇ ਨੂੰ ਸਨਮਾਨ ਦੇਣਾ ਚਾਹੀਦੈ ਮਹਾਰਾਣੀ ਐਲਿਜ਼ਬੈਥ ਪਹਿਲੀ ਵਾਂਗ ਜਿਵੇਂ ਉਹ ਲਟੇਰੇ ਫਰਾਂਸਿਸ ਡਰੇਕ ਨੂੰ ਸਨਮਾਨ ਦੀ ਹੁੰਦੀ ਸੀ। ਤੈਨੂੰ ਆਪਣੇ ਕੁੱਤੇ ਦੇ ਸ਼ਾਹੀ ਕਾਰਨਾਮਿਆਂ ਤੇ ਉਸਦੇ ਜਮਾਤੀ ਸਟੈਂਡ ਦੀ ਸ਼ਲਾਘਾ ਵਿਚ ਇਸ ਦਾ ਨਾਮ 'ਟਾਈਗਰ' ਤੋਂ ਸਰ ਫਰਾਂਸਿਸ ਡਰੇਕ ਰਖਣਾ ਚਾਹੀਦਾ।

* * * *

ਤਰਕਾਲਾਂ ਪੈ ਚੁਕੀਆਂ ਸਨ। ਸੁਰਜੀਤ ਬਹੁਤ ਹੀ ਘਬਰਾਈ ਹੋਈ ਸਾਡੇ ਘਰ ਆਈ। ਪੁਛਣ ਤੇ ਉਸ ਵਕਤ ਨਿਰਾਸ ਹੋ ਕੇ ਦੱਸਿਆ ਕਿ ਟਾਈਗਰ ਐਕਸੀਡੈਂਟ ਹੋਣ ਕਾਰਨ ਚਲਾਣਾ ਕਰ ਗਿਆ। ਗੁਰਮਿੰਦਰ ਨੇ ਸੁਰਜੀਤ ਦੀ ਨਿਰਾਸਤਾ ਦਾ ਅਹਿਸਾਸ ਕਰਦਿਆਂ ਪੁਛਿਆ, 'ਭੈਣ ਜੀ ਐਕਸੀਡੈਂਟ ਕਿਵੇਂ ਹੋਇਆ ?'

'ਤੁਹਾਡੇ ਭਾਅ ਜੀ ਨਾਲ ਉਹ ਸੈਰ ਲਈ ਬਾਹਰ ਨਿਕਲਿਆ ਸੀ। ਕੈਥਰਾਈਨ ਰੋਡ ਦੇ ਚੁਰਸਤੇ ਕੋਲੋਂ ਲੰਘਣ ਲੱਗਿਆਂ ਦੋ ਕਾਰਾਂ ਦੇ ਵਿਚਕਾਰ ਆ ਗਿਆ। ਕਾਰਾਂ ਨੇ ਬਰੇਕਾਂ ਲਾਕੇ ਕੁੱਤਾ ਤਾਂ ਬਚਾ ਲਿਆ। ਪਰ ਕਾਰਾਂ ਵਿਚ ਲੱਗਣ ਤੋਂ ਪਹਿਲਾਂ ਕੁੱਤੇ ਦਾ ਦਿਲ ਫੇਲ ਹੋ ਗਿਆ ਤੇ ਥਾਂ ਤੇ ਹੀ ਅਕਾਲ ਚਲਾਣਾ ਕਰ ਗਿਆ।'

ਮੈਂ ਸੁਰਜੀਤ ਦੀ ਗੱਲ ਸੁਣਕੇ ਬੋਲਿਆ, 'ਭੈਣ ਜੀ - ਭਾਅ ਜੀ ਹੋਣੀਂ ਉਸ ਨੂੰ ਖੁਲ੍ਹਾ ਛੱਡਿਆ ਹੋਣੈ — ਤਾਂਹੀਓਂ ਚੁਰਸਤੇ ਵਿਚ ਦੁਰਘਟਨਾ ਦਾ ਸ਼ਿਕਾਰ ਹੋ ਗਿਐ।'

'ਖੁਲ੍ਹਾ ਈ ਤਾਂ ਛੱਡਿਆ ਸੀ, 'ਭਾਅ ਜੀ। 'ਤੁਸੀਂ ਥੋੜੇ ਚਿਰ ਲਈ ਘਰ ਚਲੋ ਤੁਹਾਡੇ ਭਾਅ ਜੀ ਤਾਂ ਟਾਈਗਰ ਦਾ ਜਨਮ-ਪੱਤਰਾ ਹੱਥਾਂ ਵਿਚ ਫੜੀ ਰੋਈ ਜਾ ਰਹੇ ਹਨ। ਉਨ੍ਹਾਂ ਨੂੰ ਘਰ ਚਲਕੇ ਦਿਲਾਸਾ ਦੇਵੋ।

* * * *

ਘਰ ਪਹੁੰਚਕੇ ਵੇਖਿਆ ਕਿ ਪਰਸ਼ੋਤਮ ਨੇ ਸਾਹਮਣੇ ਟਾਈਗਰ ਦੀ ਰੰਗਦਾਰ ਫੋਟੋ ਤੇ ਜਨਮ ਪੱਤਰਾ ਹੱਥਾਂ ਵਿਚ ਫੜਿਆ ਹੋਇਆ ਸੀ। ਪਿਆਰ ਨਾਲ ਮੈਂ ਪਰਸ਼ੋਤਮ ਦੇ ਮੋਢਿਆਂ ਤੇ ਹੱਥ ਧਰਿਆ। ਉਹ ਸਿਸਕੀਆਂ ਭਰਦਾ ਫੁਟ ਪਿਆ

'ਇਕਬਾਲ ਭਾਅ ਜੀ — ਮੈਂ ਟਾਈਗਰ ਨੂੰ ਆਪਣੇ ਬਚਿਆਂ ਆਂਗ ਪਾਲਿਆ ਸੀ — ਮੋਹ ਵਿਚ ਕਈ ਵਾਰ ਰਾਤ ਨੂੰ ਮੇਰੇ ਨਾਲ ਹੀ ਸੌਂਦਾ ਹੁੰਦਾ ਸੀ ...'

'ਦੁਰਘਟਨਾਵਾਂ ਇੰਝ ਹੀ ਵਾਪਰ ਜਾਇਆ ਕਰਦੀਆਂ ਹਨ — ਤੁਸੀਂ ਹੌਂਸਲਾ ਰੱਖੋ' ਪਰਸ਼ੋਤਮ ਨੂੰ ਦਿਲਾਸਾ ਦੇਂਦਿਆ ਕਿਹਾ।

ਮੇਰੀ ਗੱਲ ਸੁਣਕੇ ਸੁਰਜੀਤ ਬੋਲੀ 'ਮਹੱਲੇ ਨੂੰ ਤਾਂ ਟਾਈਗਰ ਦੇ ਮਰਨ ਤੇ ਸੁਖ ਦਾ ਸਾਹ ਆਇਆ — ਇਕ ਦਿਨ ਤਾਂ ਮੈਂ ਵੀ ਸਤੀ ਹੋਈ ਨੇ ਇਨ੍ਹਾਂ ਨੂੰ ਕਹਿ ਦਿਤਾ ਸੀ ਕਿ ਇਸ ਘਰ ਵਿਚ ਜਾਂ ਮੈਂ ਰਹਾਂਗੀ ਜਾਂ ਫਿਰ ਤੁਹਾਡਾ ਲਾਡਲਾ ਟਾਈਗਰ — ਗੰਦ ਦਾ ਘਰ — ਸਾਡੇ ਘਰ ਦਾ ਅਮਨ ਭੰਗ ਕੀਤਾ ਹੋਇਆ ਸੀ

'ਇਹ ਕੁੱਤੇ ਦੀ ਨਾਸ — ਮੇਰੇ ਦੁਖ ਨੂੰ ਨਹੀਂ ਸਮਝਦੀ' ਪਰਸ਼ੋਤਮ ਖਿਝਕੇ ਬੋਲਿਆ।

'ਤੁਹਾਡਾ ਦੁਖ ਘਰ ਦੀ, ਮੁਹੱਲੇ ਦੀ, ਸੁਖ ਸ਼ਾਤੀ ਨਾਲੋਂ ਵੱਡਾ ਨਹੀਂ — ਹਾਂ' ਸੁਰਜੀਤ ਧੀਰਜ ਨਾਲ ਬੋਲੀ।

ਕੁਝ ਦਿਨ ਬਾਦ ਸੁਰਜੀਤ ਸਾਡੇ ਘਰ ਆਈ ਬਹੁਤ ਹੀ ਦੁਖੀ ਮਨ ਨਾਲ ਦਸਣ ਲੱਗੀ "ਵੀਰ ਇਕਬਾਲ ਕੀ ਦਸਾਂ — ਮੇਰੇ ਵਰਜਣ ਤੇ ਵੀ ਉਹ ਨਹੀਂ ਮੰਨੇ — ਉਨ੍ਹਾਂ ਕੁੱਤੇ ਦੀ ਰੂਹ ਦੀ ਸ਼ਾਂਤੀ ਲਈ ਸਧਾਰਨ ਪਾਠ ਘਰ ਵਿਚ ਰਖਾ ਦਿਤਾ ਹੈ — ਘਰ ਦੀ ਸ਼ਾਂਤੀ ਭਵਾਂ ਸੂਲੀ ਟੰਗੀ ਰਹੇ — ਮੇਰੇ ਸੀਨੇ ਜਿਹੜੇ ਜ਼ਖਮਾਂ ਦੀ ਪੀੜ ਐ — ਉਨ੍ਹਾਂ ਨੂੰ ਸਮਝਣ ਲਈ ਆਪਣੀ ਅੱਖ ਨਹੀਂ ਖੋਹਲਣੀ

'ਭੈਣ ਜੀ ਅਜਿਹੇ ਲੋਕ ਜ਼ਿੰਦਗੀ ਦੇ ਸੱਚ ਤੋਂ ਅੱਖਾਂ ਮੀਟਕੇ ਹੀ ਤੁਰਦੇ ਹਨ —' ਸੁਰਜੀਤ ਨੇ ਬੜੀ ਸੰਜੀਦਗੀ ਨਾਲ ਸਵਾਲ ਕੀਤਾ, 'ਹਨੇਰ ਬਿਰਤੀ ਦੇ ਜੰਗਲ ਵਿਚ ਦੀਪ ਕਦੋਂ ਜਗੇਗਾ ?'

'ਉਦੋਂ, ਜਦੋਂ ਅਸੀਂ ਮਨੁੱਖੀ ਪਿਆਰ ਲਈ ਤੜਪ ਦੀਆਂ ਰੂਹਾਂ ਦਾ ਸਮੇਲ ਕਰਾਂਗੇ — ਉਦੋਂ ਜਦੋਂ ਹਰ ਕੋਈ ਉਠਕੇ ਦਲੇਰੀ ਨਾਲ ਕਹੇਗਾ — ਧਰਤੀ ਦੇ ਸੱਚ ਲਈ ਅੱਖਾਂ ਖੋਲ੍ਹਕੇ। ਉਦੋਂ ਜਦੋਂ ਹਰ ਕੋਈ ਕਹੇਗਾ ਜ਼ਿੰਦਗੀ ਨੂੰ ਹੋਰ ਲਹੂ-ਲੁਹਾਣਾ ਨਹੀਂ ਹੋਣਾ ਦੇਣਾ —'

ਸੁਰਜੀਤ ਮੇਰੀ ਗਲ ਸੁਣਕੇ ਆਪਣੇ ਘਰ ਜਾਣ ਲੱਗੀ ਇਵੇਂ ਉਠੀ ਜਿਵੇਂ ਉਸਦੇ ਮਨ ਅੰਦਰ ਆਸ਼ਾ ਦਾ ਦੀਪ ਜਗ ਪਿਆ ਹੋਵੇ।

ਰਾਜੀਵ ਨੇ ਸਮਾਂ ਮਿਲਦੇ ਸਾਰ ਪਾਕਿ ਦੇ ਦੌਰੇ ਦਾ ਭਰੋਸਾ ਦਿਤਾ — ਸ੍ਰੀ ਜੁਨੇਜੋ

ਨਵੀਂ ਦਿੱਲੀ — ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ੍ਰੀ ਮੁਹੰਮਦ ਖਾਨ ਜੁਨੇਜੋ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਵਾਅਦਾ ਕੀਤਾ ਹੈ ਕਿ ਉਹ ਜਿਤਨੀ ਛੇਤੀ ਸਮਾਂ ਮਿਲਿਆ ਉਹਨਾਂ ਦੇ ਦੇਸ਼ ਦਾ ਦੌਰਾ ਕਰਨਗੇ। ਬੌਨ ਵਿਖੇ ਕੁਝ ਪਾਕਿਸਤਾਨੀਆਂ ਨਾਲ ਗਲਬਾਤ ਕਰਦੇ ਹੋਏ ਸ੍ਰੀ ਜੁਨੇਜੋ ਨੇ ਕਿਹਾ ਕਿ ਉਨ੍ਹਾਂ ਸ੍ਰੀ ਗਾਂਧੀ ਨਾਲ ਸਟਾਕਹੋਮ ਵਿਖੇ ਭੇਟ ਸਮੇਂ ਉਨ੍ਹਾਂ ਨੂੰ ਪਾਕਿਸਤਾਨ ਦੇ ਦੌਰੇ ਦਾ ਸੱਦਾ ਦਿਤਾ ਸੀ। ਇਸ ਦੌਰਾਨ ਸ੍ਰੀ ਜੁਨੇਜੋ ਦੇ ਤੁਰਕੀ ਦੇ ਦੌਰੇ ਦੇ ਅੰਤ ਤੇ ਜਾਰੀ ਕੀਤੇ ਗਏ ਸਾਂਝੇ ਐਲਾਨ ਵਿਚ ਹਿੰਦ-ਪਾਕਿ ਸੰਬੰਧਾਂ ਦੀ ਚਰਚਾ ਕੀਤੀ ਗਈ ਸੀ। ਉਹਨਾਂ ਵਲੋਂ ਕਿਹਾ ਗਿਆ ਸੀ ਕਿ ਪਾਕਿਸਤਾਨ ਭਾਰਤ ਨਾਲ ਖਿਚਾਅ-ਰਹਿਤ ਅਤੇ ਚੰਗੇ ਗਵਾਂਢੀਆਂ ਵਾਲੇ ਸਬੰਧਾਂ ਲਈ ਕੰਮ ਕਰ ਰਿਹਾ ਹੈ। ਤੁਰਕੀ ਅਤੇ ਪਾਕਿਸਤਾਨ ਨੇ ਆਪਣੇ ਦੋਵਾਂ ਦੇਸ਼ਾਂ ਵਿਚਕਾਰ ਨੇੜਲੇ ਸਬੰਧਾਂ ਉਤੇ ਤਸੱਲੀ ਪ੍ਰਗਟ ਕੀਤੀ ਸੀ ਅਤੇ ਆਸ ਪ੍ਰਗਟਾਈ ਸੀ ਕਿ ਇਹ ਸਬੰਧ ਭਵਿੱਖ ਵਿਚ ਹੋਰ ਮਜ਼ਬੂਤ ਹੋਣਗੇ। ਨਿਊਯਾਰਕ ਤੋਂ ਮਿਲੀ ਹੋਰ ਸੂਚਨਾ ਅਨੁਸਾਰ ਪ੍ਰਧਾਨ ਜ਼ਿਆ-ਉਲ-ਹੱਕ ਅਤੇ ਪ੍ਰਧਾਨ ਮੰਤਰੀ ਮੁਹੰਮਦ ਖਾਨ ਜੁਨੇਜੋ ਨੂੰ ਹੁਣ ਇਸ ਗੱਲ ਦਾ ਤੌਖਲਾ ਹੈ ਕਿ ਅਮਰੀਕਾ ਪਾਕਿਸਤਾਨ ਨੂੰ ਦਿਤੀ ਜਾਣ ਵਾਲੀ ਮਾਲੀ ਸਹਾਇਤਾ ਲਈ ਇਹ ਸ਼ਰਤ ਰਖੇ ਕਿ ਉਥੇ ਛੇਤੀ ਚੋਣਾਂ ਕਰਾਈਆਂ ਜਾਣ। 'ਟਾਈਮ' ਨਾਲ ਇਕ ਇੰਟਰਵਿਊ ਵਿਚ ਪ੍ਰਧਾਨ ਮੰਤਰੀ ਸ੍ਰੀ ਜੁਨੇਜੋ ਨੇ ਸੰਕੇਤ ਦਿਤਾ ਕਿ ਉਹ ਅਮਰੀਕਾ ਦੇ ਆਪਣੇ ਦੌਰੇ ਦੌਰਾਨ ਰੀਗਨ ਪ੍ਰਸ਼ਾਸਨ ਨੂੰ ਇਹ ਵਿਸ਼ਵਾਸ਼ ਦਿਵਾਉਣ ਦਾ ਯਤਨ ਕਰਨਗੇ ਕਿ ਪਾਕਿਸਤਾਨ ਵਿਚ ਲੋਕਰਾਜ ਬਹਾਲ ਕਰ ਦਿਤਾ ਗਿਆ ਹੈ। ਰੀਗਨ ਪ੍ਰਸ਼ਾਸਨ ਵਲੋਂ ਪਾਕਿਸਤਾਨ ਨੂੰ ਅਗਲੇ ਛੇ ਸਾਲਾਂ ਵਿਚ 4.02 ਅਰਬ ਡਾਲਰ ਦੀ ਸਹਾਇਤਾ ਦਿਤੇ ਜਾਣ ਦੀ ਤਜਵੀਜ਼ ਹੈ ਜਿਸ ਵਿਚ 1.74 ਅਰਬ ਡਾਲਰ ਦੇ ਫੌਜੀ ਹਥਿਆਰ ਸ਼ਾਮਲ ਹਨ।

ਪਾਕਿ ਵਲੋਂ 21 ਕਿਲੋ ਸੋਨਾ ਲਿਆ ਰਹੇ ਸਮਗਲਰ ਫੜੇ

ਅੰਮ੍ਰਿਤਸਰ — ਜ਼ਿਲਾ ਪੁਲੀਸ ਨੇ ਚਾਰ ਸਮਗਲਰਾਂ ਦੇ ਕਬਜ਼ੇ 'ਚੋਂ 21 ਕਿਲੋਗਰਾਮ ਸੋਨਾ ਫੜਿਆ ਹੈ ਤੇ ਜ਼ਿਲਾ ਪੁਲੀਸ ਦੇ ਇਤਿਹਾਸ ਵਿਚ ਏਨਾ ਵੱਡੀ ਇਹ ਪਹਿਲੀ ਬਰਾਮਦਗੀ ਦੱਸੀ ਗਈ ਹੈ। ਜ਼ਿਲਾ ਪੁਲੀਸ ਕਪਤਾਨ ਮੁਹੰਮਦ ਇਜ਼ਹਾਰ ਆਲਮ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਡੀ. ਐਸ. ਪੀ. ਪੱਟੀ ਗੁਰਿੰਦਰ ਸਿੰਘ ਗਰੇਵਾਲ ਦੀ ਅਗਵਾਈ ਵਿਚ ਥਾਣਾ ਖਾਲੜਾ ਦੇ ਸਬ ਇੰਸਪੈਕਟਰ ਗੱਜਣ ਸਿੰਘ ਨੇ ਪੱਕੀ ਸੂਹ ਮਿਲਣ 'ਤੇ ਸਰਹੱਦ ਤੋਂ ਪੰਜ ਕਿਲੋਮੀਟਰ ਦੂਰ ਬਾਸਰਕੇ ਦੀ ਡਰੇਨ ਨੇੜੇ ਸਵੇਰੇ ਨਾਕਾ ਲਾ ਲਿਆ ਤੇ ਪਾਕਿਸਤਾਨ ਵਲੋਂ ਆਏ ਇਨ੍ਹਾਂ ਸਮਗਲਰਾਂ ਨੂੰ ਕਾਬੂ ਕਰਕੇ ਉਨ੍ਹਾਂ ਦੇ ਕਬਜ਼ੇ ਵਿਚੋਂ ਬਿਸਕੁਟਾਂ ਦੀ ਸ਼ਕਲ ਵਿਚ 20 ਕਿਲੋ 970 ਗਰਾਮ ਸੋਨਾ ਬਰਾਮਦ ਕਰ ਲਿਆ। ਪੁਲੀਸ ਅਨੁਸਾਰ ਗ੍ਰਿਫਤਾਰ ਕੀਤੇ ਗਏ ਸਮਗਲਰਾਂ ਵਿਚ ਲਖਵਿੰਦਰ ਸਿੰਘ ਉਰਫ ਲੱਖਾ ਅਤੇ ਦਰਸ਼ਨ ਸਿੰਘ ਹਨ ਤੇ ਇਹ ਦੋਵੇਂ ਨਵਾਂ ਪਿੰਡ ਅਲਗੋਂ ਦੇ ਹਨ। ਇਨ੍ਹਾਂ ਦੇ ਨਾਲ ਇਨ੍ਹਾਂ ਦੇ ਪਾਂਡੀ ਗੱਛਾ ਸਿੰਘ ਤੇ ਫੌਜੀ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਹੈ।

ਪੰਨਾ ਲਾਲ ਪਟੇਲ ਨੂੰ ਗਿਆਨਪੀਠ ਐਵਾਰਡ

ਨਵੀਂ ਦਿੱਲੀ — ਗੁਜਰਾਤੀ ਦੇ ਉਘੇ ਲੇਖਕ ਸ੍ਰੀ ਪੰਨਾ ਲਾਲ ਪਟੇਲ ਨੂੰ ਸਾਲ 1985 ਲਈ ਗਿਆਨਪੀਠ ਐਵਾਰਡ ਦਿਤਾ ਗਿਆ ਹੈ। 21ਵੇਂ ਗਿਆਨਪੀਠ ਐਵਾਰਡ ਦਾ ਐਲਾਨ ਚੋਣ ਬੋਰਡ ਦੀ ਇਥੇ ਮਨੁੱਖੀ ਸੋਮਿਆਂ ਦੇ ਵਿਕਾਸ ਬਾਰੇ ਕੇਂਦਰੀ ਮੰਤਰੀ ਸ੍ਰੀ ਪੀ. ਵੀ. ਨਰਸਿਮਹਾ ਰਾਓ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਬਾਅਦ ਕੀਤਾ ਗਿਆ।

ਡੇਢ ਲੱਖ ਰੁਪਏ ਦਾ ਇਹ ਇਨਾਮ ਦੇਸ਼ ਦਾ ਇਕ ਉਘਾ ਗੈਰ-ਸਰਕਾਰੀ ਇਨਾਮ ਹੈ ਜੋ ਪੰਦਰਾਂ ਭਾਰਤੀ ਭਾਸ਼ਾਵਾਂ ਦੇ ਕਿਸੇ ਵਧੀਆ ਲੇਖਕ ਨੂੰ ਦਿੱਤਾ ਜਾਂਦਾ ਹੈ। ਪੰਨਾ ਲਾਲ ਪਟੇਲ ਇਸ ਉਘੇ ਇਨਾਮ ਨੂੰ ਪ੍ਰਾਪਤ ਕਰਨ ਵਾਲੇ ਦੂਜੇ ਗੁਜਰਾਤੀ ਲੇਖਕ ਹਨ। ਇਸ ਤੋਂ ਪਹਿਲਾਂ ਸ੍ਰੀ ਓਮਾ ਸ਼ੰਕਰ ਜੋਸ਼ੀ ਨੇ ਸ੍ਰੀ ਕੇ. ਵੀ. ਪੁਟਾਪਾ ਤੀਜਾ ਗਿਆਨਪੀਠ ਐਵਾਰਡ (1967) ਸਾਂਝੇ ਤੌਰ ਉਤੇ ਪ੍ਰਾਪਤ ਕੀਤਾ ਸੀ।

ਸ੍ਰੀ ਪਟੇਲ ਦਾ ਮਹਾਂਕਾਵਿਕ ਨਾਵਲ 'ਮਨ ਵਿਨੀ ਭਵਾਈ' ਨੂੰ ਗੋਵਰਧਨ ਰਾਮ ਦੇ ਮਹਾਨ ਗੁਜਰਾਤੀ ਕਲਾਸਿਕ 'ਸਾਸਵਤੀ ਚੰਦ' ਦੇ ਬਰਾਬਰ ਰੱਖਿਆ ਗਿਆ ਹੈ। 74 ਸਾਲਾ ਸ੍ਰੀ ਪਟੇਲ ਅਕਾਦਮਿਕ ਤੌਰ ਉਤੇ ਅਨਪੜ੍ਹ ਹੀ ਹਨ ਕਿਉਂਕਿ ਉਹ ਕੇਵਲ ਪੰਜਵੀਂ ਪਾਸ ਹਨ ਪਰ ਗੁਜਰਾਤੀ ਸਾਹਿਤ ਵਿਚ ਸਮਕਾਲੀ ਲੇਖਕਾਂ ਵਿਚੋਂ ਉਨ੍ਹਾਂ ਦਾ ਕੋਈ ਸਾਨੀ ਨਹੀਂ।

ਇਪਾਨਾ ਵਲੋਂ ਭੋਪਾਲ ਦੁਰਘਟਨਾ ਬਾਰੇ ਫਿਲਮ ਸ਼ੋਅ

26 ਜੁਲਾਈ, ਸ਼ਨਿਚਰਵਾਰ, ਦੁਪਹਿਰ 1.30 ਵਜੇ, ਇਕ ਫਿਲਮ ਦਿਖਾਈ ਜਾ ਰਹੀ ਹੈ। ਇਸ ਵਿਚ ਅੱਖੀਂ ਡਿੱਠੇ ਹਾਲ ਨੂੰ ਸਕਰੀਨ ਤੇ ਪੇਸ਼ ਕੀਤਾ ਗਿਆ ਹੈ, ਜਿਸ ਵਿਚ ਦਸੰਬਰ 1984 ਨੂੰ ਭੋਪਾਲ ਵਿਚ ਅਮਰੀਕਨ ਕੰਪਨੀ ਯੂਨੀਅਨ ਕਾਰਬਾਈਡ ਦੇ ਪਲਾਂਟ 'ਚ ਜ਼ਹਿਰੀਲੀ ਗੈਸ ਦੇ ਫਟਣ ਨਾਲ ਹਜ਼ਾਰਾਂ ਲੋਕ ਮਾਰੇ ਗਏ ਸਨ ਅਤੇ ਹਜ਼ਾਰਾਂ ਹੀ ਹੋਰ ਅਪਾਹਜ਼ ਹੋ ਗਏ ਸਨ।

ਕੀ ਅਜਿਹੀ ਦੁਰਘਟਨਾ ਫਿਰ ਵੀ ਵਾਪਰ ਸਕਦੀ ਹੈ ? ਸਰਮਾਏਦਾਰੀ ਢਾਂਚਾ ਆਪਣੇ ਮੁਨਾਫੇ ਖਾਤਰ ਅਜਿਹੇ ਹੀ ਕਾਰਖਾਨਿਆਂ ਵਿਚ ਕਿੰਨੇ ਹੋਰ ਹਜ਼ਾਰਾਂ ਮਜ਼ਦੂਰਾਂ ਨੂੰ ਮੌਤ ਦੇ ਘਾਟ ਉਤਾਰੇਗਾ ? ਕੀ ਅਜਿਹਾ ਰੋਕਿਆ ਜਾ ਸਕਦਾ ਹੈ ? ਭੋਪਾਲ ਵਿਚ ਅਜਿਹਾ ਕਿਉਂ ਹੋਇਆ ?

ਇਹਨਾਂ ਸੁਆਲਾਂ ਦੇ ਜੁਆਬ ਇਸ ਫਿਲਮ ਵਿਚ ਲੱਭਣ ਦੀ ਬੜੀ ਸਫਲ ਕੋਸ਼ਿਸ਼ ਕੀਤੀ ਗਈ ਹੈ।

ਇੰਡੀਅਨ ਪੀਪਲਜ਼ ਐਸੋ. ਇਨ ਨਾਰਥ ਅਮੇਰਿਕਾ(ਇਪਾਨਾ)
420-2972 ਜਾਂ 581-9194

ਗੁਰ ਸਿੱਖੀ ਕੀ ਹੈ

ਮੇਹਰ ਸਿੰਘ ਸੰਧੂ, ਵੈਨਕੂਵਰ

'ਗੁਰਸਿੱਖੀ' ਜੀਵਨ ਜਾਚ ਹੈ, ਮਨੁੱਖਾ ਜਾਤੀ ਲਈ ਅੰਤ੍ਰੀਵ ਤੇ ਅਟਲ ਧਰਮ ਹੈ। ਇਹ ਕਿਸੇ ਖਾਸ ਕੌਮ, ਪੰਥ ਜਾਂ ਮਜ਼ਹਬ ਦਾ ਨਾਂ ਨਹੀਂ।

'ਗੁਰਸਿੱਖ' ਦਾ ਮੂਲ ਕਰਤਬ ਨਾਮ ਦੀ ਕਮਾਈ ਹੈ। ਪ੍ਰਭੂ ਦੀ ਪ੍ਰੇਮਾਂ ਭਗਤੀ, ਖੁਦਾ ਦੀ ਇਬਾਦਤ। ਗੁਰਸਿੱਖੀ ਨਾਮ ਦੀ ਕਮਾਈ ਦਾ ਦੂਸਰਾ ਨਾਮ ਹੈ।

ਗੁਰਸਿੱਖੀ, ਅਥਵਾ ਨਾਮ ਦੀ ਕਮਾਈ, ਭਾਂਵੇਂ ਉਹ ਕਿਹੜੇ ਮਜ਼ਹਬ ਵਿਚ ਹੋਵੇ ਜਾਂ ਕਿਸੇ ਦੇਸ ਦਾ ਵਾਸੀ ਹੋਵੇ, ਕਰ ਸਕਦਾ ਹੈ। ਕੋਈ ਇਸਲਾਮ ਦੀ ਸ਼ਰਾ ਸ਼ਰੀਅਤ ਦਾ ਪਾਬੰਦ ਹੋਵੇ, ਖਾਲਸਾ ਪੰਥ ਦੀ ਰਹਿਤ ਮਰਯਾਦਾ ਦਾ ਧਾਰਣੀ ਹੋਵੇ ਜਾਂ ਹਿੰਦੂ ਮੱਤ ਦੀਆਂ ਰਹੁ ਰੀਤੀਆਂ ਦਾ ਪਾਲਣ ਕਰਦਾ ਹੈ, ਜੋ ਨਾਮ ਦੀ ਕਮਾਈ ਕਰਦਾ ਹੈ, ਤਾਂ ਉਹ ਪਰਮ ਗੁਰੂ, ਗੁਰੂਆਂ ਦੇ ਗੁਰੂ, ਨਿਰੰਕਾਰ ਦਾ ਸਿਖ ਹੀ ਮੰਨਣਾ ਪਵੇਗਾ, ਜਿਵੇਂ ਸ਼ੇਖ ਬਾਬਾ ਫ਼ਰੀਦ ਜੀ, ਭਗਤ ਕਬੀਰ ਜੀ ਤੇ ਬਾਕੀ ਸਾਰੇ ਭਗਤ ਹਨ।

ਗੁਰਸਿੱਖੀ ਪ੍ਰੇਮ ਪਿਆਰ ਹੈ, ਅਤੇ ਜਿਥੇ ਸੱਚਾ ਪਿਆਰ ਹੋਵੇ ਉਥੇ ਬਝਵੇਂ ਤਰੀਕੇ ਨਹੀਂ ਹੋ ਸਕਦੇ। ਗੁਰਸਿੱਖੀ, ਜੋ ਅੰਤ੍ਰੀਵ ਅੰਤਰ ਆਤਮਾ ਧਰਮ ਹੈ, ਨੂੰ ਬਾਹਰ ਮੁਖੀ ਕਰਮ ਕਾਂਡਾਂ ਤੇ ਹੋਰ ਪੋਚਾ ਪਾਚੀ ਤੋਂ ਅੱਡ ਕਰਕੇ ਸਮਝਣਾ ਹੈ। ਇਹ ਹੀ ਕਾਰਨ ਹੈ ਕਿ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਤੇ ਰਹਿਤ ਮਰਯਾਦਾ, ਸ਼ਰਾ-ਸ਼ਰੀਅਤ ਦੀ ਹਦਾਇਤ ਵਜੋਂ ਕੋਈ ਇਸ਼ਾਰਾ ਤਕ ਵੀ ਨਹੀਂ। ਸਗੋਂ ਥਾਂ ਥਾਂ ਬਾਹਰਲੇ ਧਾਰਮਿਕ ਦਿਖਾਵਿਆਂ, ਕਰਮ ਕਾਂਡਾਂ ਤੇ ਬਾਕੀ ਅਡੰਬਰਾਂ ਦਾ ਵਿਰੋਧ ਤੇ ਉਨ੍ਹਾਂ ਦੀ ਥਾਂ ਗੁਣ ਧਾਰਨ ਦੇ ਉਪਦੇਸ਼ ਹਨ। ਗੁਰੂ ਘਰ ਵਿਚ ਡਬਲ ਸਟੈਂਡਰਡ ਨਹੀਂ।

ਇਹ ਨਹੀਂ ਕਿ ਹੋਰਨਾਂ ਨੂੰ ਕੁਝ ਤੇ ਆਪਣੇ ਲਈ ਕੁਝ ਹੋਰ। ਗੁਰਸਿੱਖੀ ਵਿਚ ਬੰਧਨ ਨਹੀਂ —

ਨਾ ਉਸੁ ਬੰਧਨ ਨਾ ਹਮ ਬਾਧੇ (391)

ਗੁਰਮਤ ਅਨੁਸਾਰ ਸਤਯ ਇਕੋ ਹੈ, ਬਾਕੀ ਸਭ ਅਸਤਯ ਹੈ

ਗੁਰਸਿੱਖੀ, ਨਿਰੋਲ ਨਾਮ ਦੀ ਕਮਾਈ ਹੈ। ਗੁਰਸਿੱਖੀ ਦਾ ਪਰਚਾਰ ਨਾਮ ਦਾ ਪਰਚਾਰ ਹੈ ਅਤੇ ਨਾਮ ਦੀ ਕਮਾਈ, ਅਥਵਾ ਪ੍ਰਭੂ ਦੀ ਪ੍ਰੇਮਾਂ ਭਗਤੀ, ਖੁਦਾ ਦੀ ਬੰਦਗੀ, ਹਰ ਦੇਸ਼, ਹਰ ਸਮੇਂ ਵਿਚ ਹੋ ਸਕਦੀ ਹੈ। ਅਲਹ ਦੀ ਇਬਾਦਤ ਕਿਸੇ ਖਾਸ ਮਜ਼ਹਬ, ਕੌਮ ਜਾਂ ਦੇਸ਼ ਲਈ ਹੀ ਮਖਸੂਸ ਨਹੀਂ, ਸਗੋਂ ਇਹ ਹਰ ਮਨੁੱਖ ਭਾਵੇਂ ਉਹ ਕਿਸੇ ਰੰਗ ਢੰਗ, ਵਜਾ ਕਤਾ, ਨਸਲ ਦਾ ਹੋਵੇ, ਛੋਟਾ ਹੋਵੇ ਜਾਂ ਵੱਡਾ, ਰਾਜਾ ਹੋਵੇ ਜਾਂ ਕੰਗਾਲ, ਇਸਤਰੀ ਹੋਵੇ ਜਾਂ ਪੁਰਸ਼, ਹਰ ਕਿਸੇ ਦਾ ਜਮਾਂਦਰੂ ਹੱਕ ਹੈ। ਇਸ ਤੋਂ ਕੋਈ ਵੀ ਵਾਂਝਿਆਂ ਨਹੀਂ ਰਖਿਆ ਜਾ ਸਕਦਾ —

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ। (8)

ਗੁਰਸਿੱਖੀ ਇਕ ਫਾਰਮੂਲਾ ਹੈ, ਕਿਸੇ ਮਜ਼ਹਬ ਦਾ ਨਾਮ ਨਹੀਂ। ਗੁਰਸਿੱਖੀ ਹਰ ਮਜ਼ਹਬ ਵਿਚ ਸਮਾ ਸਕਤੀ ਹੈ, ਜਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੇ ਸਾਜਨ ਸਮੇਂ ਕੀਤਾ। ਸਿੱਖ ਅਤੇ ਸਿੰਘ ਵਿਚ ਫਰਕ ਹੈ। ਜਦੋਂ ਕੋਈ ਸਿੱਖ, ਅੰਮ੍ਰਿਤ ਛਕ ਕੇ ਦਸਮੇਸ਼ ਜੀ ਦੀ ਦੱਸੀ ਰਹਿਤ ਧਾਰਨ ਕਰਦਾ ਹੈ ਤਾਂ ਉਹ ਸਿੰਘ ਬਣ ਕੇ ਸਮੂਹਕ ਖਾਲਸਾ ਪੰਥ ਦੀ ਜਥੇ-ਬੰਦੀ ਵਿਚ ਆ ਜਾਂਦਾ ਹੈ। ਜਿਥੇ ਹਰ ਸਿੰਘ ਲਈ ਪਹਿਲੇ ਸਿੱਖ ਹੋਣਾ ਲਾਜ਼ਮੀ ਹੈ, ਉਥੇ ਹਰ ਸਿੱਖ ਲਈ ਸਿੰਘ ਸਜ ਕੇ ਪੰਜ ਕਕਾਰ ਤੇ ਬਾਕੀ ਰਹਿਤ ਧਾਰਨ ਕਰਕੇ ਖਾਲਸਾ ਪੰਥ ਦੀ ਹਦ ਬੰਦੀ ਵਿਚ ਆਉਣਾ ਜ਼ਰੂਰੀ ਨਹੀਂ।

ਇਹ ਉਸ ਦੀ ਮਰਜ਼ੀ ਹੈ, ਕਿ ਉਹ ਗੁਰਸਿੱਖੀ (ਨਾਮ) ਦੀ ਕਮਾਈ ਖਾਲਸਾ ਪੰਥ ਵਿਚ ਹੋ ਕੇ ਕਰੇ ਜਾਂ ਇਸਲਾਮ, ਈਸਾਈ ਮਤ, ਹਿੰਦੂ ਧਰਮ ਜਾਂ ਕਿਸੇ ਹੋਰ ਵਿਚ। ਰਾਮ ਰਾਮ ਜਪਣ ਵਾਲਾ ਹਿੰਦੂ, ਜਾਂ ਅਲਹ ਹੂ ਅਲਹ ਹੂ ਕਰਨ ਵਾਲਾ ਮੁਸਲਮਾਨ ਵੀ ਉਵੇਂ ਹੀ ਸਿੱਖ ਹੈ, ਜਿਵੇਂ ਪੰਜ ਕਕਾਰੀ, ਵਾਹਿਗੁਰੂ ਵਾਹਿਗੁਰੂ ਸਿਮਰਣ ਵਾਲਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਨ੍ਹਾਂ ਭਗਤਾਂ ਦੀ ਨੂੰ ਗੁਰੂ ਸਮਾਨ ਕਹਿ ਕੇ ਮੱਥੇ ਟੇਕ ਹੁੰਦੇ ਹਨ, ਉਹ ਜਾਂ ਤਾਂ ਹਿੰਦੂ ਸਨ ਜਾਂ ਮੁਸਲਮਾਨ। ਸ੍ਰੀ ਅੰਮ੍ਰਿਤਸਰ ਵਿਚ ਗੁਰਸਿੱਖਾਂ ਦੇ ਮੱਕਾ ਸ਼ਰੀਫ ਦੀ ਨੀਂਹ ਵੀ ਹਜ਼ਰਤ ਮੀਆਂ ਮੀਰ ਦੀ ਹੀ ਰੱਖੀ ਹੋਈ ਹੈ।

ਇਥੇ ਇਹ ਵੀ ਕਹਿ ਦੇਣਾ ਯੋਗ ਹੋਵੇਗਾ ਕਿ ਗੁਰਸਿੱਖ ਤੋਂ ਭਾਵ ਦਸਾਂ ਵਿਚੋਂ ਕਿਸੇ ਵਿਅਕਤੀ ਗੁਰੂ ਦੇ ਸਿਖ ਹੋਣ ਤੋਂ ਨਹੀਂ। ਗੁਰੂਆਂ ਦੇ ਗੁਰੂ, ਉਸ ਪਰਮ ਗੁਰੂ, ਪ੍ਰਮਾਤਮਾ ਦੇ ਸਿੱਖ ਹੋਣ ਤੋਂ ਹੈ।

ਕਿਸੇ ਗੁਰੂ ਨੇ ਆਪਣੀ ਸਿੱਖੀ ਸੇਵਕੀ ਨਹੀਂ ਚਲਾਈ, ਸਾਰਿਆਂ ਨੇ ਮਨੁੱਖਾ ਜਾਤੀ ਨੂੰ ਉਸ ਅਕਾਲ ਪੁਰਖ, ਨਿਰੰਕਾਰ ਦੇ ਲੜ ਹੀ ਲਾਇਆ। ਇਹ ਹੀ ਕਾਰਨ ਹੈ ਕਿ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਵੀ ਸਿਮਰਨਾ, ਧਿਆਉਣਾ, ਜਪ ਆਦਿ ਪਾਰਬ੍ਰਹਮ ਪਰਮੇਸ਼ਰ ਦਾ ਹੀ ਦਸਿਆ ਹੈ। ਜਿਥੇ ਗੁਰੂ ਦਾ ਸਿਮਰਣ ਆਇਆ ਵੀ ਹੈ, ਉਥੇ ਭੀ, ਭਾਵ ਉਸ ਪਰਮ ਗੁਰੂ ਤੋਂ ਹੀ ਹੈ। ਕਿਉਂਕਿ ਪਰਮਾਤਮਾ ਸਾਰੇ ਜੀਅ ਜੰਤ ਦਾ ਸਾਂਝਾ ਹੈ, ਇਸ ਲਈ ਉਸ ਪਰਮ ਗੁਰੂ ਦਾ ਧਰਮ, ਜਿਸ ਨੂੰ ਗੁਰਸਿੱਖੀ ਕਿਹਾ ਹੈ,

ਵੀ ਸਦਾ ਇਕੋ ਹੀ ਹੈ, ਇਕੋ ਹੀ ਸੀ, ਤੇ ਇਕੋ ਹੀ ਅਗੋਂ ਵੀ ਰਹੇਗਾ। ਉਹ ਸਾਰੀ ਮਨੁੱਖਾ ਜਾਤੀ ਲਈ ਸ੍ਰਾਂਝਾ ਹੀ ਹੋਵੇਗਾ।

ਏਕੋ ਧਰਮੁ ਦ੍ਰਿੜੈ ਸਚੁ ਕੋਈ। (1188)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਪਾਸੋਂ ਕੀਰਤਨ ਕਰਵਾ ਕੇ, ਸ੍ਰੀ ਗੁਰੂ ਰਾਮ ਦਾਸ ਜੀ ਨੇ ਹਜ਼ਰਤ ਮੀਆਂ ਮੀਰ ਪਾਸੋਂ ਦਰਬਾਰ ਸਾਹਿਬ ਦੀ ਨੀਂਹ ਰਖਵਾ ਕੇ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਗਰੰਥ ਸਾਹਿਬ ਜੀ ਵਿਚ ਸ਼ੇਖ ਬਾਬਾ ਫ਼ਰੀਦ ਜੀ ਤੇ ਹੋਰ ਭਗਤਾਂ ਦੀ ਬਾਣੀ ਪ੍ਰਵਾਨ ਕਰਕੇ, ਮਜ਼ਹਬ, ਜਾਤਾਂ, ਵਰਨਾਂ ਆਦਿ ਦੇ ਬੇਖੜੇ ਹਮੇਸ਼ਾਂ ਲਈ ਖਤਮ ਕਰ ਦਿਤੇ। ਜਦ ਤਕ ਗੁਰੂ ਗਰੰਥ ਸਾਹਿਬ ਜੀ ਦੀ ਸਿਖਿਆ ਕਾਇਮ ਹੈ, ਉਨਾ ਚਿਰ ਤਾਂ ਸਾਰੇ ਮਤਾਂ ਧਰਮਾਂ ਨਾਲ ਸਾਂਝ ਬਣੀ ਹੀ ਰਹੇਗੀ। ਪਰਮਾਤਮਾ ਦੇ ਪਿਆਰਿਆਂ ਦਾ ਧਰਮ ਇਕੋ ਹੀ ਹੁੰਦਾ ਹੈ।

ਗੁਰਮਤਿ ਅਨੁਸਾਰ ਪ੍ਰਲੋਕ ਵਿਚ ਜਾਤ ਪਾਤ, ਮਜ਼ਹਬ ਦੀ ਪੁੱਛ ਨਹੀਂ, ਫੈਸਲਾ ਕੀਤੇ ਕਰਮਾਂ ਮੁਜਬ ਹੁੰਦਾ ਹੈ —

ਪੁੰਨੀ ਪਾਪੀ ਆਖਣੁ ਨਾਹਿ। ਕਰਿ ਕਰਿ ਕਰਣਾ ਲਿਖ ਲੈ ਜਾਹੁ। (4)
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ। (8)

ਅਕਾਲ ਪੁਰਖ ਮਜ਼ਹਬ, ਜਾਤ ਵਰਨ ਤੋਂ ਉਤੇ ਹੈ। ਜਿਥੇ ਮਜ਼ਹਬ ਜਾਂ ਜ਼ਾਤ ਪਾਤ ਦੇ ਵਿਤਕਰੇ ਹੋਣ, ਉਥੇ ਰੱਬ ਪਿੱਠ ਕਰਕੇ ਬੈਠਦਾ ਹੈ।

ਭਗਤ ਰਵਿਦਾਸ ਜੀ ਦਾ ਉਚਾਰਣ ਹੈ —

ਕਹਿ ਰਵਿਦਾਸ ਜੋ ਜਪੈ ਨਾਮੁ।
ਤਿਸੁ ਜਾਤਿ ਨ ਜੋਨਿ ਕਾਮੁ। (1196)

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਰਾਗ ਰਾਮਕਲੀ ਵਿਚ ਸ਼ਬਦ

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ। (865)

ਨਾਲ ਸ਼ੁਰੂ ਹੁੰਦਾ ਹੈ, ਨੂੰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। ਭਾਵੇਂ ਕੋਈ ਰਾਮ ਰਾਮ ਕਹੇ ਜਾਂ ਖੁਦਾ ਖੁਦਾ, ਕੋਈ ਤੀਰਥ ਕਰੇ ਜਾਂ ਕਾਬੇ ਹਜ ਕਰਨ ਜਾਏ, ਕੋਈ ਵੇਦ ਪੜ੍ਹੇ ਜਾਂ ਕੁਰਾਨ ਮਜ਼ੀਦ, ਕੋਈ ਨੀਲੇ ਰੰਗ ਦੇ ਕੱਪੜੇ ਪਾਵੇ ਜਾਂ ਚਿੱਟੇ, ਕੋਈ ਹਿੰਦੂ ਅਖਵਾਏ ਜਾਂ ਮੁਸਲਮਾਨ, ਪਰ ਪ੍ਰਾਪਤੀ ਉਸ ਨੂੰ ਹੀ ਹੋ ਸਕਦੀ ਹੈ, ਜੋ ਪ੍ਰਭੂ ਦੇ ਹੁਕਮ ਨੂੰ ਅਨੁਭਵ ਕਰੇ

ਕਹੁ ਨਾਲਕ ਜਿਨਿ ਹੁਕਮ ਪਛਾਤਾ।
ਪ੍ਰਭ ਸਾਹਿਬ ਕਾ ਤਿਨਿ ਭੇਦ ਜਾਤਾ। (885)

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਹੀ ਗਾਉੜੀ ਰਾਗ ਵਿਚ ਇਕ ਹੋਰ ਸ਼ਬਦ ਵੀ ਧਿਆਨ ਯੋਗ ਹੈ। ਇਸ ਸ਼ਬਦ ਵਿਚ ਉਸ ਸਮੇਂ ਦੇ ਪਰਚਲਤ ਮਜ਼ਹਬੀ ਸਾਧਣ ਗਿਣ ਕੇ ਮਹਾਰਾਜ ਕਹਿੰਦੇ ਹਨ —

ਆਗੈ ਚਲਣ ਅਉਰ ਹੈ ਭਾਈ
ਉਹਾ ਕਾਮਿ ਨ ਆਇਆ। (216)

ਫਿਰ ਫਰਮਾਂਦੇ ਹਨ —

ਬੂਝੈ ਨਾਹੀ ਏਕੁ ਸੁਧਾਖਰੁ
ਓਹ ਸਗਲੀ ਝਾਖ ਝਖਾਈਐ (216)

ਗੁਰਸਿੱਖੀ ਬਾਹਰਲੇ ਅਡੰਬਰਾਂ ਵਿਚ ਨਹੀਂ। ਗੁਰਸਿੱਖੀ ਦੀ ਕਮਾਈ ਨਾਮ ਦੀ ਕਮਾਈ ਹੀ ਹੈ। ਜੋ ਨਾਮ ਨਹੀਂ ਜਪਦਾ ਉਹ ਨਾਮ ਧਰੀਕ ਅਖੌਤੀ ਸਿੱਖ ਹੋ ਸਕਦਾ ਹੈ, ਗੁਰੂ ਦਾ ਗੁਰਸਿੱਖ ਨਹੀਂ।

ਏਕੋ ਪਵਣੁ ਮਾਟੀ ਸਭ ਏਕਾ ਜੋਤਿ ਸਬਾਈਆ।
(ਮਾਝ ਮਹਲਾ 4, ਪੰਨਾ 96)

(1) ਇਸ ਫੁਰਮਾਨ ਦਾ ਸ਼ਬਦਾਰਥ ਵਿਚ ਅਰਥ ਕੀਤਾ ਹੈ —
ਸੁਆਸ, ਸਰੀਰ ਤੇ ਜੋਤ ਸਭ ਵਿਚ ਇਕ ਹੀ ਹੈ।

(2) ਭਾਈ ਵੀਰ ਸਿੰਘ ਜੀ ਨੇ ਇਉਂ ਲਿਖਿਆ ਹੈ —
ਸਾਰੇ (ਸਰੀਰ) ਇਕੋ ਮਿੱਟੀ ਦੇ ਬਣੇ ਹਨ, ਇਕੋ (ਪ੍ਰਾਣ) ਵਾਯੂ ਸਭਨਾ ਵਿਚ ਚਲ ਰਹੀ ਹੈ ਤੇ ਇਕੋ ਆਤਮ ਜੋਤਿ ਸਾਰਿਆਂ ਵਿਚ ਆਈ ਹੋਈ ਹੈ।

(3) ਪ੍ਰੋ: ਸਾਹਿਬ ਸਿੰਘ ਨੇ ਇਹ ਅਰਥ ਕੀਤਾ ਹੈ —
ਹੇ ਭਾਈ! ਸਾਰੇ ਸਰੀਰਾਂ ਵਿਚ ਇਕੋ ਹੀ ਹਵਾ (ਸੁਆਸ) ਹੈ। ਮਿੱਟੀ ਤਤ ਭੀ ਸਾਰੇ ਸਰੀਰਾਂ ਦਾ ਇਕੋ ਹੀ ਹੈ ਤੇ ਸਾਰੇ ਸਰੀਰਾਂ ਵਿਚ ਇਕ ਹੀ ਰੱਬੀ ਜੋਤਿ ਮੌਜੂਦਾ ਹੈ

(4) ਫਰੀਦ ਕੋਟ ਦੇ ਟੀਕੇ ਵਿਚ ਦਸਿਆ ਹੈ —
ਬ੍ਰਹਮਾਂ ਸੇ ਚੀਟੀ ਪ੍ਰਯੰਤ ਸਰਬ ਸਰੀਰੋਂ ਮੈਂ ਏਕ ਹੀ ਪਵਨ ਹੈ ਭਾਵ ਯਹਿ ਕਿ ਜੋ ਸਮਸਟੀ ਰੂਪ ਪ੍ਰਾਣ ਹੈਂ ਸੋ ਸਭ ਮੈਂ ਏਕ ਹੈਂ ਪੁਨਾ (ਮਾਟੀ) ਸਿਰਤਕ ਉਪਲਖਤ ਪਾਸੋਂ ਤਤ ਸੋ ਸਭ ਸਰੀਰੋਂ ਮੈਂ ਏਕ ਹੀ ਹੈ ਔਰ ਜੋ ਆਤਮਾ ਸਤਾ ਹੈ ਸੋ ਭੀ ਸਰਬ ਸਰੀਰੋਂ ਮੈਂ ਏਕ ਹੀ ਅਦਵਤੀ ਵਿਆਪਕ ਹੈ।

(5) ਸ੍ਰਦਾਰ ਮਨਮੋਹਨ ਸਿੰਘ ਜੀ ਇਉਂ ਕਹਿੰਦੇ ਹਨ —
ਕੇਵਲ ਇਕੋ ਹੀ ਸੁਆਸ ਹੈ; ਸਾਰਿਆਂ ਦਾ ਮਾਦਾ ਐਨ ਇਕੋ ਜੇਹਾ ਹੈ, ਅਤੇ ਸਮੂਹ ਅੰਦਰ ਤਮਾਮ ਰੋਸ਼ਨੀ ਓਹੋ ਹੀ ਹੈ। There is but one breath, all are identical in matter and amongst all the entire light is the same.

(6) ਡਾ. ਗੁਪਾਲ ਸਿੰਘ ਜੀ ਨੇ ਇਹ ਲਿਖਿਆ ਹੈ —
All are created of the same air and the same clay; same is the light in all.

ਇਸ ਮਹਾਂ ਵਾਕ ਨੂੰ ਬੁਝਣਾ ਤੇ ਅਨੁਭਵ ਕਰਨ ਵਿਚ ਹੀ ਸਾਰੀ ਗੁਰਸਿੱਖੀ ਆ ਜਾਂਦੀ ਹੈ। ਇਹ ਗੁਰਸਿੱਖੀ ਦੀ ਮੰਜ਼ਲ ਹੈ।

ਜਿਨਾ ਚਿਰ ਮਜ਼ਹਬ, ਕੌਮ, ਨਸਲ ਆਦਿ ਦੇ ਭਿੰਨ ਭੇਦ ਹਨ, ਤਾਂ ਅਜੇ ਅੰਦਰ ਹਨੇਰਾ ਹੈ —

ਜਾ ਕੋ ਛੁਟ ਗਯੋ ਭ੍ਰਮ ਉਰ ਕਾ,
ਤਿਹ ਆਗੈ ਹਿੰਦੂ ਕਯਾ ਤੁਰਕਾ। (ਚੌਬੀਸ ਅਵਤਾਰ)

AMBIKA'S DISCOUNT CENTRE

9407 Scott Rd. Delta, B.C.

PH. (604) 588-5859

AMBIKA FOODS

5125 Victoria Drive

Vancouver, B.C.

Ph. 327-0295

Sale 1st to 5th August, 1986

ਲੌਂਗ-ਵੀਕ ਐਂਡ ਸੇਲ

Vegetable Oil ਵੈਜੀਟੇਬਲ ਤੇਲ WITH THIS AD 3 litre $ 1.99	**Mazzola Corn Oil** ਮਜ਼ੋਲਾ ਮੱਕੀ ਦਾ ਤੇਲ only 3 litre $5.89	**Farine Roti Atta** 10 kg. ਫਰੀਨ ਰੋਟੀ ਆਟਾ only $4.89	**Chicken Legs (Whole)** ਮੁਰਗੇ ਦੀਆਂ ਲੱਤਾਂ $ 1.29 lb.	**Peanut** ਪੀਨਟ 89¢ lb.
Khaskhas ਖਸਖਸ $1.99 lb.	**Margrine** ਮਾਰਜਰੀਨ 49¢ lb.	**Mamra** Fulian ਮਮਰਾ 99¢ lb.	**Milk** ਦੁੱਧ 4 litre $3.39	**Chicken Drumstick** ਚਿਕਨ ਡਰੰਮਸਟਿਕ 99¢ lb.
Long Grain Rice ਲੌਂਗ ਗਰੇਨ ਚਾਵਲ 20 kg. 10.99	**B.C. Sugar** ਬੀ. ਸੀ. ਸ਼ੂਗਰ 10 KG. WITH THIS AD 4.99	**Rooh Afza** Hamdard ਰੂਹ ਅਫਜ਼ਾ $2.99 bottle	**Fresh Ginger** ਤਾਜ਼ਾ ਅਧਰਕ 89¢ lb.	**Halon** ਹਾਲੋਂ 1.99 lb.

GRIND YOUR OWN MASALA

Jeera ਜ਼ੀਰਾ 99¢ lb.	**Dhania** ਧਨੀਆ 99¢ lb.	**Methe** ਮੇਥੇ 99¢ lb.	**Mirch** ਮਿਰਚ 99¢ lb.	**Haldi** ਹਲਦੀ 99¢ lb.
Manh Whole ਸਾਬਤ ਮਾਂਹ 37¢ lb.	**Moong** ਮੂੰਗੀ 37¢ lb.	**Chana Dal** ਛੋਲਿਆਂ ਦੀ ਦਾਲ 37¢ lb.	**Black Chana** ਕਾਲੇ ਛੋਲੇ 29¢ lb.	**Dana Dal** ਦਾਣਾ ਦਾਲ 99¢ lb.

ਵਿਆਹ ਸ਼ਾਦੀਆਂ ਦੀ ਪਾਰਟੀ ਲਈ, ਜਨਮ ਦਿਨ ਜਾਂ ਹੋਰ ਕਿਸੇ ਕਿਸਮ ਦੀ ਪਾਰਟੀ ਲਈ ਖਾਣਾ ਬਣਾਉਣ ਲਈ ਕਿਚਨ ਕਿਰਾਏ ਤੇ ਮਿਲ ਸਕਦੀ ਹੈ — ਆਪ ਖਾਣਾ ਬਣਾਓ ਅਤੇ ਪੈਸੇ ਬਚਾਓ । ਕਿਚਨ ਵਿਚ ਖਾਣਾ ਬਣਾਉਣ ਲਈ ਮਦਦ ਵੀ ਮਿਲ ਸਕਦੀ ਹੈ ਹੋਰ ਜਾਣਕਾਰੀ ਲਈ ਫੋਨ ਕਰੋ :—

ਫੋਨ : 327-0295

Rice Flakes
ਚਿੜਵੇ
89¢ lb.

ਤਨਖਾਹ ਕਮਿਸ਼ਨ ਵਲੋਂ ਔਰਤਾਂ ਨੂੰ ਵਧੇਰੇ ਸਹੂਲਤਾਂ

ਨਵੀਂ ਦਿੱਲੀ — ਚੌਥੇ ਤਨਖਾਹ ਕਮਿਸ਼ਨ ਨੇ ਵਿਧਵਾਵਾਂ, ਤਲਾਕਸ਼ੁਦਾ ਅਤੇ ਕਾਨੂੰਨੀ ਤੌਰ ਤੇ ਪਤੀਆਂ ਤੋਂ ਵੱਖ ਰਹਿ ਰਹੀਆਂ ਔਰਤਾਂ ਦੇ ਸਰਕਾਰੀ ਸਰਵਿਸ ਵਿਚ ਆਉਣ ਦੀ ਵੱਧ ਤੋਂ ਵੱਧ ਉਮਰ ਦੀ ਹੱਦ ਵਿਚ ਦਸ ਸਾਲ ਦੀ ਛੋਟ ਦੇਣ ਦੀ ਸਿਫਾਰਸ਼ ਕੀਤੀ ਹੈ। ਕਮਿਸ਼ਨ ਨੇ ਇਹਨਾਂ ਔਰਤਾਂ ਲਈ ਉਮਰ ਦੀ ਹੱਦ 35 ਸਾਲ ਕਰਨ ਦਾ ਸੁਝਾਅ ਦਿਤਾ ਹੈ ਤੇ ਕਿਹਾ ਕਿ 'ਸਾਡੇ ਸਮਾਜ ਦੇ ਵਰਤਮਾਨ ਪੜਾਅ ਤੇ ਇਹ ਔਰਤਾਂ ਵਿਸ਼ੇਸ਼ ਸ਼ਰੇਣੀ ਦੀਆਂ ਪੀੜਤ ਹਨ ਅਤੇ ਇਹਨਾਂ ਨੂੰ ਹਾਲਾਤ ਦੇਰੀ ਨਾਲ ਸਰਵਿਸ ਕਰਨ ਲਈ ਮਜ਼ਬੂਰ ਕਰ ਦੇਂਦੇ ਹਨ। ਕੇਂਦਰ ਸਰਕਾਰ ਵਿਚ ਮਹਿਲਾ ਕਮਰਚਾਰੀਆਂ ਦੇ ਸੈਕਸ਼ਨ ਵਿਚ ਕਮਿਸ਼ਨ ਦੀ ਰਿਪੋਰਟ ਨੇ ਨੋਟ ਕੀਤਾ ਹੈ ਕਿ ਮਹਿਲਾਵਾਂ 1981 ਵਿਚ ਕੁਲ ਕੰਮ ਸ਼ਕਤੀ ਦਾ 3.64 ਫੀਸਦੀ ਸਨ ਜਦੋਂ ਕਿ ਸੰਚਾਰ, ਟਰਾਂਸਪੋਰਟ, ਰਖਿਆ ਅਤੇ ਵਿਤ ਰੁਜ਼ਗਾਰ ਦੇ ਮੁਖ ਵਿਭਾਗ ਸਨ। ਫਿਰ ਵੀ ਕਮਿਸ਼ਨ ਨੇ ਛੋਟੇ ਪਰਿਵਾਰ ਦੇ ਕੌਮੀ ਮੰਤਵ ਦੇ ਅਨੁਕੂਲ ਸਿਫਾਰਸ਼ ਕੀਤੀ ਹੈ ਕਿ ਜਿਹਨਾਂ ਮਹਿਲਾ ਮੁਲਾਜ਼ਮਾਂ ਦੇ ਦੋ ਬੱਚੇ ਹੋਣ ਉਹਨਾਂ ਨੂੰ ਪਿਛੇ ਜਣੇਪਾ ਛੁੱਟੀ ਨਾ ਦਿਤੀ ਜਾਵੇ। ਵਰਤਮਾਨ ਨਿਯਮਾਂ ਅਨੁਸਾਰ ਕਿਸੇ ਮਹਿਲਾ ਮੁਲਾਜ਼ਮ ਤੇ ਇਸ ਕਿਸਮ ਦੀ ਕੋਈ ਹੱਦ ਨਹੀਂ ਕਿ ਉਹ ਕਿੰਨੀ ਵਾਰ ਜਣੇਪਾ ਛੁੱਟੀ ਲੈਂਦੀ ਹੈ। ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਮਹਿਲਾ ਕਰਮਚਾਰੀ ਆਪਣੇ ਰੁਜ਼ਗਾਰ ਨੂੰ ਆਪਣੇ ਘਰੇਲੂ ਫਰਜ਼ਾਂ ਨਾਲ ਜੋੜਦੀਆਂ ਹਨ ਇਸ ਕਰਕੇ ਉਹ ਘੱਟੋ ਘੱਟ ਰਾਤ ਦੇ ਕੰਮ ਲਈ ਅਤੇ ਰੁਜ਼ਗਾਰ ਸਮੇਂ ਸਿਹਤ ਤੰਦਰੁਸਤੀ ਵਾਸਤੇ ਵਿਸ਼ੇਸ਼ ਸਹੂਲਤਾਂ ਦੀਆਂ ਹੱਕਦਾਰ ਹਨ। ਕਮਿਸ਼ਨ ਨੇ ਇਹ ਸੁਝਾਅ ਵੀ ਦਿਤਾ ਹੈ ਕਿ ਸਰਕਾਰ ਨੂੰ ਮਹਿਲਾ ਕਰਮਚਾਰੀਆਂ ਲਈ ਰਿਹਾਇਸ਼ ਦੀ ਸਹੂਲਤ ਮੁਹੱਈਆ ਕਰਨ ਲਈ ਵਿਸ਼ੇਸ਼ ਵਿਵਸਥਾਵਾਂ ਕਰਨੀਆਂ ਚਾਹੀਦੀਆਂ ਹਨ ਅਤੇ ਰੁਜ਼ਗਾਰ ਦੇ ਸਾਰੇ ਮੁਖ ਕੇਂਦਰਾਂ ਵਿਚ ਇਕੱਲੀਆਂ ਮਹਿਲਾ ਕਰਮਚਾਰੀਆਂ ਲਈ ਹੋਸਟਲ ਉਸਾਰਨੇ ਚਾਹੀਦੇ ਹਨ ਕਮਿਸ਼ਨ ਨੇ ਮਹਿਲਾ ਅਤੇ ਬਾਲ ਵਿਭਾਗ ਦੀ ਇਸ ਸਿਫਾਰਸ਼ ਦੀ ਸ਼ਲਾਘਾ ਕੀਤੀ ਹੈ ਕਿ ਜਿਥੇ ਇਕ ਸੰਸਥਾ ਵਿਚ ਤੀਹ ਮਹਿਲਾ ਕਰਮਚਾਰੀ ਕੰਮ ਕਰਦੀਆਂ ਹੋਣ ਉਥੇ ਬਾਲ ਨਰਸਰੀ ਦੀਆਂ ਸਹੂਲਤਾਂ ਮੁਹੱਈਆ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਇਹ ਮੁਨਾਸਬ ਸੁਝਾਅ ਹੈ ਅਤੇ ਇਸ ਨੂੰ ਜਿੰਨੀ ਛੇਤੀ ਹੋ ਸਕੇ ਲਾਗੂ ਕੀਤਾ ਜਾਣਾ ਚਾਹੀਦਾ ਹੈ। ਜਿਹੜੀਆਂ ਔਰਤਾਂ ਦਫਤਰੀ, ਸਮਿਆਂ ਤੋਂ ਉਲਟ ਅਗੇ ਪਿਛੇ ਅਢੁਕਵੇਂ ਸਮੇਂ ਵਿਚ ਕੰਮ ਕਰਦੀਆਂ ਹਨ, ਉਹਨਾਂ ਨੂੰ ਟਰਾਂਸਪੋਰਟ ਦੇ ਪ੍ਰਬੰਧ ਮੁਹੱਈਆ ਕੀਤੇ ਜਾਣੇ ਚਾਹੀਦੇ ਹਨ ਜਿਹਨਾਂ ਵਿਚ ਅਦਾਇਗੀ ਤੇ ਚਾਰਟਰਡ ਬੱਸਾਂ ਵੀ ਸ਼ਾਮਲ ਹਨ।

ਕਲਕੱਤਾ 'ਚ ਫੜੇ ਸਿਖ ਯਾਤਰੀਆਂ ਤੋਂ ਪੁੱਛਗਿਛ ਜਾਰੀ

ਕਲਕੱਤਾ — ਪਿਛਲੇ ਹਫਤੇ ਦਮ ਦਮ ਹਵਾਈ ਅੱਡੇ ਤੇ ਗ੍ਰਿਫਤਾਰ ਕੀਤੇ ਗਏ 21 ਸਿੱਖ ਯਾਤਰੀਆਂ ਨੂੰ ਇਸ ਵੇਲੇ ਜੇਲ੍ਹ ਹਿਰਾਸਤ ਵਿਚ ਰਖਿਆ ਗਿਆ ਹੈ ਤੇ ਉਹਨਾਂ ਪਾਸੋਂ ਪੁਛਗਿਛ ਹੋ ਰਹੀ ਹੈ। ਕੇਂਦਰੀ ਖੁਫੀਆ ਵਿਭਾਗ ਦੇ ਅਧਿਕਾਰੀ ਏਥੇ ਪਹੁੰਚੇ ਹੋਏ ਹਨ। ਇਹ ਯਾਤਰੀ ਉਸ ਸਮੇਂ ਗ੍ਰਿਫਤਾਰ ਕੀਤੇ ਗਏ ਸਨ, ਜਦ ਕਿ ਇਹ ਢਾਕੇ ਲਈ ਰਵਾਨਾ ਹੋਣ ਦੇ ਯਤਨ ਵਿਚ ਸਨ। ਖੁਫੀਆ ਅਧਿਕਾਰੀਆਂ ਵਲੋਂ ਇਹਨਾਂ ਤੇ ਅਤਿਵਾਦੀ ਗਰੋਹ ਦੇ ਮੈਂਬਰ ਹੋਣ ਦਾ ਸ਼ੱਕ ਕੀਤਾ ਜਾ ਰਿਹਾ ਹੈ। ਖੁਫੀਆ ਵਿਭਾਗ ਦੇ ਸੂਤਰਾਂ ਅਨੁਸਾਰ ਇਹ ਯਾਤਰੀ ਦਿੱਲੀ ਵਿਖੇ ਕਨਾਟ ਪਲੇਸ ਸਥਿਤ ਜੈਟ ਟਰੈਵਲ ਏਜੰਸੀ ਰਾਹੀਂ ਵਿਦੇਸ਼ਾਂ ਨੂੰ ਭੇਜੇ ਜਾ ਰਹੇ ਸਨ ਤੇ ਕੁਝ ਹੀ ਦਿਨ ਪਹਿਲਾਂ ਇਹ ਨਵੀਂ ਦਿੱਲੀ ਤੋਂ ਕਲਕੱਤੇ ਪਹੁੰਚੇ ਸਨ ਅਤੇ ਹਾਵੜਾ ਦੇ ਇਕ ਹੋਟਲ ਵਿਚ ਇਹਨਾਂ ਨੂੰ ਰਖਿਆ ਗਿਆ ਸੀ। ਭਾਵੇਂ ਅਜੇ ਤਕ ਪੁਛਗਿਛ ਦਾ ਕੰਮ ਪੂਰਾ ਨਹੀਂ ਹੋਇਆ ਪਰ ਜਾਂਚ ਕਰਨ ਵਾਲੀਆਂ ਏਜੰਸੀਆਂ ਵਲੋਂ ਜੋ ਅਟਕਲਪਚੂ ਲਾਏ ਜਾ ਰਹੇ ਹਨ ਉਹਨਾਂ ਅਨੁਸਾਰ ਇਹ ਕਿਹਾ ਜਾਂਦਾ ਹੈ ਕਿ 21 ਸਿੱਖਾਂ ਦਾ ਟੋਲਾ ਬੰਗਲਾ ਦੇਸ਼ ਨੂੰ ਜਾ ਰਿਹਾ ਸੀ ਜਿਥੇ ਸਿਖ ਅਤਿਵਾਦੀਆਂ ਦੀ ਟਰੇਨਿੰਗ ਲਈ ਕੈਂਪ ਖੋਲ੍ਹੇ ਗਏ ਹਨ। ਕਦੇ ਇਹ ਕਹਿ ਦਿਤਾ ਜਾਂਦਾ ਹੈ ਕਿ ਇਹ ਸਿਖ ਬੈਂਕਾਕ ਰਾਹੀਂ ਉਤਰੀ ਅਮਰੀਕਾ ਨੂੰ — ਸੰਭਵ ਹੈ ਕਿ ਕੈਨੇਡਾ ਨੂੰ ਜਾਣ ਦੀ ਕੋਸ਼ਿਸ਼ ਕਰ ਰਹੇ ਸਨ। ਅਜੇ ਤੱਕ ਇਹ ਸਿਖ ਇਹ ਨਹੀਂ ਦਸ ਸਕੇ ਕਿ ਇਹ ਦੇਸ਼ ਵਿਚੋਂ ਬਾਹਰ ਕਿਉਂ ਜਾ ਰਹੇ ਸਨ। ਪਰ ਇਹਨਾਂ ਪਾਸੋਂ ਸਫਰ ਨਾਲ ਸਬੰਧਤ ਜੋ ਕਾਗਜ਼ਾਤ ਮਿਲੇ ਹਨ, ਉਹਨਾਂ ਅਨੁਸਾਰ ਇਹ ਉਤਰੀ ਅਮਰੀਕਾ ਨੂੰ ਜਾ ਰਹੇ ਸਨ। ਇਹਨਾਂ ਪਾਸੋਂ ਕੁਝ ਕੈਸਟ ਵੀ ਮਿਲੇ ਹਨ, ਜਿਹਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਅਧਿਕਾਰੀਆਂ ਦੇ ਕਹਿਣ ਅਨੁਸਾਰ ਇਹਨਾਂ ਪਾਸ ਪੰਜ ਹਜ਼ਾਰ ਡਾਲਰ ਵੀ ਸਨ। ਜਾਂਚ ਕਰਨ ਵਾਲੇ ਖੁਫੀਆ ਵਿਭਾਗ ਦੇ ਅਧਿਕਾਰੀਆਂ ਦਾ ਇਹ ਵੀ ਕਹਿਣਾ ਹੈ ਕਿ ਇਹ ਸਾਰੇ ਪੰਜਾਬ ਦੇ ਕਿਸਾਨ ਹਨ। ਇਹਨਾਂ ਵਿਚੋਂ ਸਭ ਤੋਂ ਛੋਟੀ ਉਮਰ ਦੇ ਸਿਖ ਦੀ ਉਮਰ ਅਠਾਰਾਂ ਵਰ੍ਹਿਆਂ ਦੀ ਹੈ। ਇਹਨਾ ਵਿਚੋਂ ਦੋ ਬਿਹਾਰ ਦੇ ਸ਼ਹਿਰ ਧੰਨਵਾਦ ਦੇ ਰਹਿਣ ਵਾਲੇ ਹਨ ਤੇ ਇਹਨਾਂ ਸਾਰਿਆਂ ਦੀ ਉਮਰ 25-26 ਸਾਲ ਦੀ ਹੈ। ਗ੍ਰਿਫਤਾਰ ਕੀਤੇ ਗਏ ਸਿੱਖਾਂ ਨੂੰ ਅਤਿਵਾਦੀ ਕਹਿ ਕੇ ਅਖਬਾਰਾਂ ਵਿਚ ਜੋ ਖਬਰਾਂ ਦਿਤੀਆਂ ਜਾ ਰਹੀਆਂ ਹਨ, ਉਨ੍ਹਾਂ ਦੇ ਕਾਰਨ ਸਥਾਨਕ ਸਿਖਾਂ ਵਲੋਂ ਸਖਤ ਇਤਰਾਜ਼ ਕੀਤਾ ਗਿਆ ਹੈ ਕਿ ਅਧਿਕਾਰੀ ਬਿਨਾਂ ਕਿਸੇ ਪੱਕੀ ਜਾਂਚ ਦੇ ਗ੍ਰਿਫਤਾਰ ਕੀਤੇ ਗਏ ਸਿੱਖਾਂ ਨੂੰ ਅਤਿਵਾਦੀਆਂ ਦਾ ਨਾਂਅ ਦੇ ਕੇ ਆਮ ਸਿੱਖਾਂ ਬਾਰੇ ਲੋਕਾਂ ਅੰਦਰ ਗਲਤ ਭਾਵਨਾ ਪੈਦਾ ਕਰ ਰਹੇ ਹਨ। ਦਸਿਆ ਗਿਆ ਹੈ ਕਿ ਗ੍ਰਿਫਤਾਰ ਕੀਤੇ ਗਏ ਸਿਖ ਸਿਵਾਏ ਪੰਜਾਬੀ ਦੇ ਹੋਰ ਕੋਈ ਦੂਜੀ ਭਾਸ਼ਾ ਨਾ ਹੀ ਬੋਲ ਸਕਦੇ ਹਨ ਤੇ ਨਾ ਹੀ ਸਮਝ ਸਕਦੇ ਹਨ। ਇਸ ਲਈ ਉਨ੍ਹਾਂ ਪਾਸੋਂ ਪੁਛਗਿਛ ਕਰਨ ਲਈ ਪੰਜਾਬੀ ਜਾਨਣ ਵਾਲੇ ਕਿਸੇ ਅਧਿਕਾਰੀ ਦੀ ਸੇਵਾ ਪ੍ਰਾਪਤ ਕੀਤੀ ਗਈ ਹੈ। ਇਹ ਵੀ ਦੱਸਿਆ ਗਿਆ ਹੈ ਕਿ ਗ੍ਰਿਫਤਾਰ ਕੀਤੇ ਗਏ ਸਿੱਖਾਂ ਦਾ ਲੀਡਰ ਕੁਲਤਾਰ ਸਿੰਘ ਸਪੁਤਰ ਪਰੇਮ ਸਿੰਘ ਪਿੰਡ ਬਾਂਗੜ ਜ਼ਿਲਾ ਫਰੀਦਕੋਟ ਦਾ ਰਹਿਣ ਵਾਲਾ ਹੈ। ਗ੍ਰਿਫਤਾਰ ਕੀਤੇ ਗਏ ਦੂਜੇ ਯਾਤਰੀਆਂ ਦੇ ਨਾਮ ਹਨ (1) ਭੁਪਿੰਦਰ ਸਿੰਘ ਸਪੁਤਰ ਗੁਰਬਚਨ ਸਿੰਘ ਪਿੰਡ ਚੜਿਕ ਜ਼ਿਲਾ ਫਰੀਦਕੋਟ (2) ਪਰਗਟ ਸਿੰਘ ਪਿੰਡ ਬਾਂਗੜ ਜ਼ਿਲਾ ਫਰੀਦਕੋਟ (3) ਅਵਤਾਰ ਸਿੰਘ ਸਪੁੱਤਰ ਪਰੇਮ ਸਿੰਘ ਪਿੰਡ ਬਾਂਗੜ (4) ਬਲਵੀਰ ਸਿੰਘ ਸਪੁੱਤਰ ਭੁਪਿੰਦਰ ਸਿੰਘ ਪਿੰਡ ਭਿੰਡਰਕਲਾਂ (5) ਦਰਸ਼ਨ ਸਿੰਘ ਸਪੁਤਰ ਦਾਊਤ ਸਿੰਘ ਮੋਗਾ, ਫਿਰੋਜ਼ਪੁਰ (6) ਚਮਕੌਰ ਸਿੰਘ ਸਪੁੱਤਰ ਮੁਖਤਿਆਰ ਸਿੰਘ ਪਿੰਡ ਦਾਦਪੁਰ ਸੰਗਰੂਰ (7) ਬਲਜੀਤ ਸਿੰਘ ਸਪੁੱਤਰ ਪ੍ਰੀਤਮ ਸਿੰਘ ਕਾਲੀਡੱਲਾ ਰੋਡ ਫਿਰੋਜ਼ਪੁਰ (8) ਬਲਬੀਰ ਸਿੰਘ ਸਪੁੱਤਰ ਜਸਬੀਰ ਸਿੰਘ ਪਿੰਡ ਬਸੀਆਂ, ਜਗਰਾਉਂ ਲੁਧਿਆਣਾ (9) ਸੁਖਦੇਵ ਸਿੰਘ ਸਪੁਤਰ ਸੁਰਜਨ ਸਿੰਘ ਦਾਸ ਪਿੰਡ ਬਲੋਵਾਲ, ਲੁਧਿਆਣਾ (10) ਪਰਗਟ ਸਿੰਘ ਸਪੁੱਤਰ ਅਨੋਖ ਸਿੰਘ ਬਲੋਵਾਲ ਲੁਧਿਆਣਾ (11) ਦਰਸ਼ਨ ਸਿੰਘ ਸਪੁੱਤਰ ਅੰਗਰੇਜ਼ ਸਿੰਘ (12) ਸ਼ੇਰਜੰਗ ਸਪੁਤਰ ਗੁਰਦਿਆਲ। ਅੱਠ ਹੋਰ ਯਾਤਰੀਆਂ ਦੇ ਨਾਮ ਪ੍ਰਾਪਤ ਕੀਤੇ ਜਾ ਰਹੇ ਹਨ

ਪਾਕਿਸਤਾਨ ਅੰਦਰ ਤਬਦੀਲੀ ਦੀ ਵਕਾਲਤ

ਨਿਊਯਾਰਕ — ਅਮਰੀਕਾ ਸਰਕਾਰ ਨੂੰ ਪਾਕਿਸਤਾਨ ਸਰਕਾਰ ਨੂੰ 1987 ਜਾਂ 1988 ਦੇ ਸਾਲ ਦੌਰਾਨ ਦੇਸ਼ ਅੰਦਰ ਮੱਧ ਕਾਲੀ ਚੋਣਾਂ ਕਰਵਾਉਣ ਲਈ ਉਤਸ਼ਾਹਤ ਕਰਨਾ ਚਾਹੀਦਾ ਹੈ। ਇਹ ਸੁਝਾਅ ਅਮਰੀਕੀ ਸੈਨਿਟ ਦੀ ਵਿਦੇਸ਼ ਮਾਮਲਿਆਂ ਬਾਰੇ ਕਮੇਟੀ ਦੇ ਇਕ ਸੀਨੀਅਰ ਮੈਂਬਰ ਸੋਲਾਰਜ ਵਲੋਂ ਦਿਤਾ ਗਿਆ ਹੈ। ਸ੍ਰੀ ਸੁਲਾਰਜ ਨੇ ਫਿਲੀਪਾਈਨ ਵਿਚ ਕਾਮਯਾਬ ਹੋਏ ਤਜਰਬੇ ਦੀ ਮਿਸਾਲ ਦਿੰਦਿਆਂ ਆਖਿਆ ਹੈ ਕਿ ਪਾਕਿਸਤਾਨ ਅੰਦਰ ਵੀ ਇਸ ਕਿਸਮ ਦੇ ਤਜਰਬੇ ਲਈ ਅਵਸਰ ਦਿਤਾ ਜਾਣਾ ਚਾਹੀਦਾ ਹੈ। 'ਨਿਊਯਾਰਕ ਟਾਈਮਜ਼' ਵਿਚ ਲਿਖੀ ਆਪਦੀ ਰਿਪੋਰਟ ਅੰਦਰ ਸ੍ਰੀ ਸੁਲਾਰਜ ਨੇ ਵਿਸ਼ਵਾਸ਼ ਪ੍ਰਗਟ ਕੀਤਾ ਕਿ "ਪਾਕਿਸਤਾਨ ਇਕ ਅਜਿਹਾ ਦੇਸ਼ ਹੈ ਜਿਥੇ ਕਿ ਅਸੀਂ ਆਪਣੇ ਰਾਜਸੀ ਆਦਰਸ਼ਾਂ ਨੂੰ ਉਤਸ਼ਾਹਤ ਕਰਕੇ ਸੁਰੱਖਿਆ ਸਬੰਧੀ ਆਪਣੇ ਹਿਤਾਂ ਦੇ ਮਾਮਲੇ ਵਿਚ ਵੀ ਲਾਹਾ ਲੈ ਸਕਦੇ ਹਾਂ।"



(ਫੋਟੋ: ਸੁਭਾਸ਼ ਚ.)

ਪੰਜਾਬ ਮਸਲੇ ਦੇ ਹੱਲ ਲਈ ਰਾਜ ਵਿਚ ਸ਼ਾਂਤ ਮਾਹੌਲ ਜ਼ਰੂਰੀ — ਮਹਿਤਾ

ਚੰਡੀਗੜ੍ਹ — ਹਿੰਦੁਸਤਾਨੀ ਅੰਦੋਲਨ ਦੇ ਕੌਮੀ ਕਨਵੀਨਰ ਸ੍ਰੀ ਮਧੂ ਮਹਿਤਾ ਨੇ ਇਥੇ ਕਿਹਾ ਕਿ ਪੰਜਾਬ ਦਾ ਮਸਲਾ ਹੱਲ ਕਰਨ ਲਈ ਰਾਜ ਵਿਚ ਹਾਲਤ ਮੁਕੰਮਲ ਤੌਰ ਤੇ ਨਾਰਮਲ ਬਣਾਉਣ ਦੀ ਲੋੜ ਹੈ। ਉਹਨਾਂ ਕਿਹਾ ਕਿ ਜਦੋਂ ਤਕ ਲੋਕਾਂ ਵਿਚ ਸੁਰੱਖਿਆ ਦੀ ਭਾਵਨਾ ਪੈਦਾ ਨਹੀਂ ਹੁੰਦੀ ਤੇ ਹਾਲਤ ਨਾਰਮਲ ਨਹੀਂ ਹੁੰਦੇ ਮਸਲਾ ਹੱਲ ਕਰਨ ਲਈ ਹੋਰ ਸਾਰੇ ਯਤਨ ਬੇਕਾਰ ਹਨ। ਉਹਨਾਂ ਕਿਹਾ ਕਿ ਅੰਦੋਲਨ ਦੇ ਡੇਲੀਗੇਟਾਂ ਦੀ ਰਾਜ ਵਿਆਪੀ ਕਨਵੈਨਸ਼ਨ ਸਤੰਬਰ ਵਿਚ ਇਥੇ ਕੀਤੀ ਜਾਵੇਗੀ ਜਿਸ ਵਿਚ ਰਾਜ ਵਿਚ ਹਿੰਸਾ ਵਿਰੁਧ ਆਮ ਰਾਏ ਪੈਦਾ ਕੀਤੀ ਜਾਵੇਗੀ। ਹੋਰ ਰਾਜਸੀ ਸੰਗਠਨਾਂ ਦਾ ਸਹਿਯੋਗ ਲਿਆ ਜਾਵੇਗਾ। ਧਰਮ, ਰਾਤਪਾਤ ਦਾ ਕੋਈ ਧਿਆਨ ਨਹੀਂ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਸਾਰੇ ਦੇਸ਼ ਭਗਤ ਲੋਕਾਂ ਨੂੰ ਇਕੱਠਾ ਕੀਤਾ ਜਾਵੇਗਾ ਜੋ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਹਾਮੀ ਹੋਣਗੇ। ਪੰਜਾਬ ਸਮਝੌਤੇ ਤੇ ਸਫਲਤਾ ਨਾਲ ਅਮਲ ਲਈ ਇਹ ਜ਼ਰੂਰੀ ਹੈ ਕਿ ਪੰਜਾਬ ਵਿਚ ਠੀਕ ਅਤੇ ਸ਼ਾਂਤ ਮਾਹੌਲ ਕਾਇਮ ਕੀਤਾ ਜਾਵੇ ਤਾਂ ਜੋ ਲੋਕ ਇਕੱਠੇ ਹੋ ਕੇ ਕੋਈ ਠੀਕ ਫੈਸਲਾ ਲੈ ਸਕਣ ਜੋ ਦੇਸ਼ ਦੇ ਹਿਤਾਂ ਵਿਚ ਹੋਵੇ। ਅਗਲੇ ਸਾਲ ਦੇ ਸ਼ੁਰੂ ਵਿਚ ਇਕ ਕੌਮੀ ਕਨਵੈਨਸ਼ਨ ਕੀਤੀ ਜਾਵੇਗੀ ਜਿਸ ਵਿਚ ਸਾਰੇ ਦੇਸ਼ ਭਗਤ ਲੋਕਾਂ ਨੂੰ ਇਕੱਠਾ ਕੀਤਾ ਜਾਵੇਗਾ। ਉਹਨਾਂ ਦੀ ਸੰਸਥਾ ਵਲੋਂ ਦੇਸ਼ ਦੇ ਸਾਰੇ ਰਾਜਾਂ ਦੀਆਂ ਰਾਜਧਾਨੀਆਂ ਵਿਚ ਕਨਵੈਨਸ਼ਨਾਂ ਕੀਤੀਆਂ ਜਾਣਗੀਆਂ। ਉਹਨਾਂ ਦੱਸਿਆ ਕਿ ਪੰਜਾਬ ਵਿਚ ਸਤੰਬਰ ਵਿਚ ਕੀਤੀ ਜਾਣ ਵਾਲੀ ਕਨਵੈਨਸ਼ਨ ਲਈ ਦਰਬਾਰੀ ਲਾਲ ਗੁਪਤਾ ਦੀ ਅਗਵਾਈ ਹੇਠ 14 ਮੈਂਬਰੀ ਕਮੇਟੀ ਸਥਾਪਤ ਕਰ ਦਿਤੀ ਗਈ ਹੈ। ਉਹਨਾਂ ਕਿਹਾ ਕਿ ਦੇਸ਼ ਨੂੰ ਨਵੀਂ ਲੀਡਰਸ਼ਿਪ ਦੀ ਲੋੜ ਹੈ ਜੋ ਸਵੱਛ ਰਾਜਨੀਤੀ ਵਿਚ ਭਰੋਸਾ ਰੱਖਦੀ ਹੋਵੇ। ਵਰਤਮਾਨ ਰਾਜਸੀ ਪਾਰਟੀਆਂ ਲੋਕਾਂ ਦੀ ਭਲਾਈ ਦੇ ਕੰਮ ਵਿਚ ਫੇਲ ਹੋਈਆਂ ਹਨ।

Sikh Fundamentalism and its Support Structure

A Brief History of Traditions

What support does fundamentalism find in Sikh tradition?

Sikh religion is relatively a very young religion. It began with Guru Nanak in the later half of the 15th century. It emphasised unity between the two existing religions of the Punjab after stripping them of empty ritualism, dogmatism and in egalitarianism that had crept in their social practices. As with so many other reform movements routinisation set in with later institutional development.

By the 17th century the movement developed into a formation of a third religious community. That century saw the institutionalisation of Sikhism in compilation of sacred writings of the gurus, founding of places of worship, assignments of persons in different areas to gather new adherents to propagate the faith and finally in 1699, Guru Gobind Singh organising baptismal (Amrit) ceremony at Anandpur Sahib, transforming the Sikhs into militant crusaders (Khalsa).

As the Sikhs grew in numbers and organisation, they earned friends and foes among ruling chieftains, pretenders, the Mughal emperors, their courtiers and contenders.

These 200 years witnessed the growth of Sikhism and its transformation from a religious sect into a military cult, though the final transformation of the Sikhs into a militant sect was accomplished by Guru Gobind Singh. After the death of Guru Gobind Singh, militant Sikhs flourished for less than a decade in central Punjab under Banda Bahadur Singh. The 18th century found the Sikhs living in adverse socio-political climate of foreign attacks and internal disunity till the emergence of Maharaja Ranjit Singh. In 1799 he established himself as the first and the last Sikh sovereign. He established a vast empire conquering Kashmir, spreading influence in Sindh and keeping the British at bay till he died. Neverthless, his rule cannot be described as a Sikh rule in theological or even communal sense of the term. Hindus and Muslims enjoyed highest position and influence with him.

Sikh traditions, like all historically evolved traditions, are marked by heterogeneity. Any reconstruction of tradition, has of necessity, to be selective idealisation, to keep it logically consistent and active in the contemporary society.

'Fundamentalism', conceived as a complex of dogmatism, separatism and terrorism, can derive very little sustenance from the Sikh traditions on any consistent basis. The trouble for the 'fundamentalists' increases more they go 'fundamental' in terms of the religious ideas propounded by the gurus. Sikhism arose with Nanak in opposition to the then prevailing dogmatic practices of Hinduism and Islam. The Holy Granth has a heterogeneous collection drawn from Sikh gurus and Bhaktas coming from both Hindus and Muslims, the case to be built for Sikh separatism on the authority of Granth Sahib is impossible except by a gross distortion of isolated excerpts and for terrorism unthinkable. The dogmas of Sikhism from Nanak through Arjun Dev to Gobind Singh are so consistently antidogmatic, opposed to all distinctions among men of caste, creed or breed and aimed at total eradication, of fear from human mind, that support for 'fundamentalism' has to be sought outside the fundamental (basic) sources of Sikh religious tradition or with the help of 'logical' interpolations.

According to Sikh tenets no body can push away anybody else from a gurdwara, wherever there is a sat sangat. Rahitnama Prem Sumarang, ascribed to Guru Gobind Singh has in its 5th injunction: If a person comes to the congregation of the Khalsa, then five Sikhs should go out to reveive him and seat him in their midst with due courtesies. Again injunction 6 of Rahitnama Bhai Desa Singh, an associate of the tenth guru, enjoins: All the religions and ways of life that are there in the world, one must not disparage any of them.

Guru Arjun Dev says: I have forgotten the concept of otherness, since I have realised 'Sat Sangat'. Now none is a stranger to me and I am in tune with all.

Guru Tegh Bahadur says:

Bhay kahun ko det nahin na bhai manat an.
Kaho Nank sun re mana giani tahey bakhan
(Oh my mind listen Nanak says that one who neither terrorises others nor gets terrorised then alone is he called learned one).

Guru Gobind in Dasam Granth says: The temple or the mosque are the same, the Hindu worship or the Muslim worship are the same, all men are the same, it is through error they appear different.

Even The Sikh Rahit Maryada, brought out by SGPC in 1950 after a thorough discussion by various bodies of the Sikhs and Sikh intellectuals for more than twelve years, requires of a Khalsa (a baptised Sikh) to maintain his distinctive ways of life, but the Khalsa should not injure the followers of other faiths.

In principle, as Sher Singh has concluded after a detailed study, the Khalsa did not belong to any party or group, nation, race or language. The traditional Sikh greetings, "Wahiguruji Ki Fateh",(Pure belongs to God; Victory to God!) envisages the Khalsa as totally submerged in All Mighty and His creation. That is why the daily prayer ends in "Nanak name charh di kala, tere bhane sarbat ka bhala" (God's name is always on the ascendency and by His will everyone would be benefited). Thus in principle the Sikhs scriptural traditions did not lend any support to dogmatism, separatism or terrorism.

Roots in Traditions?

Does that means that 'fundamentalism', is without any roots in Sikh traditions? This is not quite true. No religion or for that matter, no group lives entirely by its declared principles. A number of half-authentic stories connected with the biographies of gurus are passed on from genration to generation through written (Janam Sakhis) and word of mouth(Kirtan in Sikh congregation). They are designed to band together the lay followers of the faith, arouse passions sometimes even against other religious communities and reinforce the desire to subdue the infidels. They are stories of valour, violence and war.

Fed by these stories, imagination can run riot and passion does have the better or reason. Guru Har Gobind took up the combined role of Miri-Piri(secular and religious headship). The slogan of Deg-Teg-Fateh(victory to shared religious life and the sword) was given. He also made the statement. "Religion cannot flourish without political rule" under conditions of extreme persecution. Guru Gobind Singh had to live under worst conditions of

(conted. at page 21.)

(conted. from page 20)

religious suppression and developed the concept of Sant-Sipahi (Saint-Soldier). Now these can easily be expanded to occupy the entire space of Sikh traditions and be made to look as if the total tradition is to wage a war all the time and under all circumstances against adherents of other faiths and against government in which members from other religions also share power.

It is worthwhile to recall that both Har Gobind and Gobind Singh were installed Gurus at a very young age, after their fathers had been done to death on the orders of the Mughal emperors. 'Fundamentalists' misreading and context-free acccentuation of certain historical events is made effective by a statutory control of some two hundred important gurdwaras by Akalis (through SGPC along with its seven crore annual budget) and thousands of paid employees and religious preachers including the Jathedars of Akal Takht, Dam Dama Sahib and Anandpur Sahib Takhts. These Takhts can also issue judgments (Hukumnamas) on secular matters concerning the Sikhs. These religious structures can lend support to 'fundamentalist' interpretations.

It is from the secular traditions developed in later period establishment of the Sikh Misls culminating in original Dal Khalsa and Ranjit Singh's rule, that martial and violence stories lend themselves to support separatist and terrorist ideology, by relegating the religious dogmas to the background. Sikh communal leadership, in the British period, had succeeded in advancing a dubious tradition of separatism and inflated self-image of physical prowess as aginst other Indians. The building of these new traditions was well supported by the British rulers and scholars. For roots, these traditions looked adjacent to separatist tendencies in adjacent communal formations like the Muslim League, rather than in Sikhism. Two illustrations are worth quoting. They exemplift the substructure of contemporary 'fundamentalism' also, with only a change of personalities involved. Following in the wake of Muslim League separatism, Shiromani Akali Dal, led by Master Tara Singh, asked for separate electorate with weightage for Sikhs, reservation of a disproportionately high quota for army recruitment and in other government jobs, and finally through a March 22, 1946 resolution demanded a Sikh state to escape Muslim majority domination and Hindu adsorption. In his autobiography Master Tara Singh, undisputed leader of Skali Dal and SGPC for decades, regretted that through ignorance he could not materialise in the Punjab the example of Israel, where Jews a minority could convert themselves into the dominant group through legal and illegal population transfers. But then these traditions of separatism and terrorism do not go deep in Sikh history, certainly not in the religious history. They have to look side ways for support in anti-democratic imperialist propped-up political formations and propaganda.



Massacre at Nankana Sahib: turning point in the struggle to bring gurdwaras under control of the sangats.

The apologist of British imperialism tried to make out that India with the diversified assembly of religions, with the barriers and division of castes, of the languages and other differences and with the widely varying range of social and cultural levels, inhibiting the vast subcontinental expanse of India did not constitute a nation. To establish this, they distorted the entire history of our country and gave it a communal interpretation. According to this brand of historians Guru Gobind Singh "organised the sect into the most dangerous and implacable enemy of the Mughal empire and the Muslim faith" (emphasis added).


This is not only a patent falsehood but a deliberate attempt but to communalise our history.

Nonetheless, the fundamentalists are facing another problem. Notwithstanding the fact that the Sikh gurus fought against the caste system, the devotees of the Sikh religion are still divided into 'Keshadharis' and 'Sahajdharis'. Besides this, there are various other sects of the Sikhs—Nihangs, Namdharis, Nirmalas and the Udasis — fact which is recognised by the Akali leadership and the SGPC. These sects have their own interpretation and thus give their own emphasis to the Sikh religion. They have separate organised structures, properties and institutions.

The fundamentalist, therefore, have to place their reliance either by misrepresenting the traditions of the Sikh religion or to certain isolated religious statements, which can be interpreted differently by different people. Since no interpretation has been made about the Sikh religion and its evolution in the context of the historical condations in which it was evolved and how it was essentially a movement for religious reformation on one hand and to bring about a synthesis between Hinduism and Islam, by mixing together the best elements of these two religions in those conditions, the fundamentalist have a free field. This does not mean that one should underrate the importance of exogenous structures for bolstering up or blocking Sikh fundamentalism.



ਫ਼ਿਲਮ-ਲੋਕ



ਪੰਜਾਬੀ ਫ਼ਿਲਮ ਨਿਰਮਾਤਾਵਾਂ ਦੀ ਗੁਰਦਾਸ ਮਾਨ ਪਿਛੇ ਦੌੜ

ਹਿੰਦੀ ਫਿਲਮਾਂ ਵਿਚ ਗਰੁਪ-ਬੰਦੀ ਤਾਂ ਸੁਣੀ ਜਾਂਦੀ ਸੀ, ਪਰ ਹੁਣ ਪੰਜਾਬੀ ਫਿਲਮ ਸਨਅਤ ਵੀ ਗਰੁਪ-ਬੰਦੀ ਦਾ ਸ਼ਿਕਾਰ ਹੋ ਚੁਕੀ ਹੈ। ਇਸ ਵਿਚ ਇਕ ਗਰੁਪ ਭਾਖੜੀ ਭਰਾਵਾਂ ਦਾ ਹੈ ਜਿਸ ਵਿਚ ਮੋਹਨ ਭਾਖੜੀ ਤੇ ਸਤੀਸ਼ ਭਾਖੜੀ ਸ਼ਾਮਲ ਹਨ। ਵਰਿੰਦਰ ਨੇ ਆਪਣਾ ਇਕ ਅਲੱਗ ਗਰੁਪ ਕਾਇਮ ਕੀਤਾ ਹੋਇਆ ਹੈ। ਜਗਜੀਤ ਤੇ ਇਕਬਾਲ ਢਿਲੋਂ ਦਾ ਗਰੁੱਪ 'ਮਾਹੀ ਮੁੰਡਾ' ਤੋਂ ਸ਼ੁਰੂ ਹੋ ਕੇ 'ਗੱਭਰੂ ਪੰਜਾਬ ਦਾ' ਤਕ ਤਿੰਨ ਫਿਲਮਾਂ ਦੇ ਚੁਕਾ ਹੈ। ਬਾਬੂ ਸਿੰਘ ਮਾਨ ਤੇ ਮੁਹੰਮਦ ਸਦੀਕ ਦਾ ਗਰੁਪ ਵੀ ਤਿੰਨ ਫਿਲਮਾਂ ਬਣਾ ਚੁਕਾ ਹੈ। ਇਕ ਗਰੁਪ ਕੇ. ਪੱਪੂ ਦਾ ਹੈ

ਗੁਰਦਾਸ ਮਾਨ ਦੇ ਫਿਲਮ ਇੰਡਸਟਰੀ ਵਿਚ ਆਉਣ ਨਾਲ ਕਈ ਗਰੁਪਾਂ ਵਿਚ ਪੰਜਾਬ ਦੇ ਇਸ ਗਾਇਕ ਨੂੰ ਕੈਸ਼ ਕਰਨ ਦੀ ਦੌੜ ਲੱਗੀ ਹੋਈ ਹੈ ਜਿਸ ਕਾਰਨ ਗੁਰਦਾਸ ਮਾਨ ਬੜੀ ਦੁਬਿਧਾ ਵਿਚ ਹੈ। ਦੋਹਾਂ ਭਾਖੜੀ ਭਰਾਵਾਂ ਨੇ ਗੁਰਦਾਸ ਮਾਨ ਨੂੰ ਲੈ ਕੇ ਫਿਲਮਾਂ ਆਰੰਭ ਕਰ ਦਿਤੀਆਂ ਹਨ। ਕੇ. ਪੱਪੂ ਵੀ ਗੁਰਦਾਸ ਮਾਨ ਨੂੰ ਸਾਈਨ ਕਰ ਚੁਕਾ ਹੈ। ਵਰਿੰਦਰ ਅਜੇ ਆਪਣੇ ਆਪ ਨੂੰ ਹੀਰੋ ਦੇ ਤੌਰ ਤੇ ਸਥਾਪਤ ਰਖਣਾ ਚਾਹੁੰਦਾ ਹੈ। ਕੁਝ ਸੰਘਰਸ਼ਕਾਰੀ ਨਵੇਂ ਨਿਰਮਾਤਾ ਗੁਰਦਾਸ ਮਾਨ ਦੀ ਪਤਨੀ ਮਨਜੀਤ ਮਾਨ ਨੂੰ ਹੀਰੋਇਨ ਬਣਾਉਣ ਦੀ ਬੈਸਾਖੀ ਲੈ ਕੇ ਗੁਰਦਾਸ ਮਾਨ ਨਾਲ ਚਿਪਕੇ ਹੋਏ ਹਨ।

ਗੁਰਦਾਸ ਮਾਨ ਦੇ ਹੀਰੋ ਆਉਣ ਨਾਲ ਮਿਹਰ ਮਿੱਤਲ ਨੇ ਆਪਣਾ ਰੇਟ ਦੁਗਣਾ ਕਰ ਦਿਤਾ ਹੈ। ਉਸ ਨੇ ਐਲਾਨ ਕੀਤਾ ਹੈ ਕਿ ਜਿਸ ਫਿਲਮ ਦਾ ਹੀਰੋ ਗੁਰਦਾਸ ਮਾਨ ਹੋਵੇਗਾ ਉਸ ਵਿਚ ਕੰਮ ਕਰਨ ਲਈ ਮੈਂ 70 ਹਜ਼ਾਰ ਲਵਾਂਗਾ। ਉਸ ਦਾ ਕਹਿਣਾ ਹੈ ਕਿ ਜੇ ਨਿਰਮਾਤਾ ਗੁਰਦਾਸ ਨੂੰ ਇਕ ਇਕ ਲੱਖ ਦੇ ਸਕਦਾ ਹੈ ਤਾਂ ਮੈਂ ਉਸ ਕੋਲੋਂ ਸੱਤਰ ਹਜ਼ਾਰ ਕਿਉਂ ਨਾ ਲਵਾਂ। ਜਿਹੜੇ ਨਿਰਮਾਤਾ ਛੋਟੀ ਸਟਾਰ ਕਾਸਟ ਲੈ ਕੇ ਫਿਲਮਾਂ ਬਣਾ ਰਹੇ ਹਨ ਉਨ੍ਹਾਂ ਲਈ ਮਿੱਤਲ ਨੇ ਆਪਣਾ ਪੁਰਾਣਾ ਰੇਟ 35 ਹਜ਼ਾਰ ਹੀ ਰਖਿਆ ਹੋਇਆ ਹੈ।

ਗੁਰਦਾਸ ਮਾਨ ਦੀ ਪਤਨੀ ਮਨਜੀਤ ਜੋ ਗੁਰਦਾਸ ਦੇ ਲੈਣ ਦੇਣ ਦਾ ਸਾਰਾ ਹਿਸਾਬ ਰਖਦੀ ਹੈ, ਬਾਰੇ ਇਹ ਚਰਚਾ ਹੈ ਕਿ ਉਹ ਨਿਰਮਾਤਾ ਕੋਲ ਇਹ ਸ਼ਰਤ ਰੱਖਦੀ ਹੈ ਕਿ ਗੁਰਦਾਸ ਮਾਨ ਜਿਸ ਫਿਲਮ ਦਾ ਹੀਰੋ ਹੋਵੇਗਾ, ਉਸ ਦਾ ਨਿਰਦੇਸ਼ਕ ਜਗਜੀਤ ਤੇ ਹੀਰੋਇਨ ਦਿਲਜੀਤ ਕੌਰ ਨਹੀਂ ਹੋਣੀ ਚਾਹੀਦੀ।

ਜਗਜੀਤ ਨੂੰ ਜਦੋਂ ਇਸ ਬਾਰੇ ਪੁਛਿਆ ਤਾਂ ਉਸ ਨੇ ਕਿਹਾ ਕਿ ਕੁਝ ਸਵਾਰਥੀ ਕਿਸਮ ਦੇ ਲੋਕਾਂ ਨੇ ਗੁਰਦਾਸ ਮਾਨ ਤੇ ਉਸ ਵਿਚਕਾਰ ਪਾੜਾ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਵੈਸੇ ਮੈਂ ਅਜ ਵੀ ਗੁਰਦਾਸ ਮਾਨ ਨਾਲ ਕੰਮ ਕਰਨ ਦਾ ਇੱਛਕ ਹਾਂ।

ਇਨ੍ਹਾਂ ਵੱਖ ਵੱਖ ਗਰੁਪਾਂ ਦੀ ਗੁਰਦਾਸ ਮਾਨ ਵਲ ਲੱਗੀ ਹੋਈ ਦੌੜ ਪੰਜਾਬੀ ਫਿਲਮ ਸਨਅਤ ਲਈ ਇਕ ਚੰਗੀ ਗੱਲ ਹੈ ਤੇ ਪੰਜਾਬੀ ਫਿਲਮਾਂ ਵਿਚ ਇਕ ਸੋਹਣੇ ਹੀਰੋ ਦਾ ਆਗਮਨ ਹੋਇਆ ਹੈ। ਗੁਰਦਾਸ ਮਾਨ ਇਕ ਵਧੀਆ ਐਕਟਰ ਦੇ ਤੌਰ ਤੇ ਸਥਾਪਤ ਹੋ ਸਕਦਾ ਹੈ ਪਰ ਉਸ ਨੂੰ ਹਰ ਫਿਲਮ ਚੁਣਨ ਤੋਂ ਪਹਿਲਾਂ ਆਪਣੇ ਕੈਰੀਅਰ ਤੇ ਫਿਲਮ ਦੇ ਰੋਲ ਬਾਰੇ ਪੂਰਾ ਧਿਆਨ ਰਖਣਾ ਚਾਹੀਦਾ ਹੈ।





ਵਾਲੀਆ ਫ਼ਿਲਮਜ਼ ਦੀ ਪੰਜਾਬੀ ਫ਼ਿਲਮ 'ਰੱਬ ਤੋਂ ਡਰ ਸੱਜਣਾ' ਦਾ ਐਸ ਐਲ ਸਟੂਡੀਊ ਬੰਬਈ ਵਿਖੇ ਸੈੱਟ ਲੱਗਾ ਹੋਇਆ ਹੈ। ਸਵੇਰ ਦੇ ਸਾਢੇ ਕੁ ਨੌਂ ਵਜੇ ਨ੍ਰਿਤਯ ਨਿਰਦੇਸ਼ਕ ਮਨੋਹਰ ਨਾਇਡੂ ਤੇ ਫ਼ਿਲਮ ਨਿਰਦੇਸ਼ਕ ਪਵਨ ਕੁਮਾਰ ਫ਼ਿਲਮ ਲਈ ਗੁਰਦਾਸ ਮਾਨ ਅਤੇ ਨੀਲਮ ਮਹਿਰਾ ਤੇ ਗਾਣਾ ਫਿਲਮਾਉਣ ਦੀਆਂ ਤਿਆਰੀਆਂ ਕਰ ਰਹੇ। ਗੁਰਦਾਸ ਮਾਨ ਅਤੇ ਨੀਲਮ ਮਹਿਰਾ ਨੂੰ ਨ੍ਰਿਤਯ ਦੇ ਦਾਅਪੇਚ ਸਮਝਾਕੇ ਕੈਮਰਾਮੈਨ ਮਨੋਹਰ ਅਚਾਰੀਆ ਨੂੰ ਰੈਡੀ ਕਹਿ ਦਿੱਤਾ ਜਾਂਦਾ ਹੈ ਤੇ ਫਿਰ ਗ਼ਾਣਾ ਵੱਜਣਾ ਸ਼ੁਰੂ ਹੋ ਜਾਂਦਾ ਹੈ।

'ਸੋਹਣਿਆਂ ਨਾਰ ਪਟੋਲੇ ਵਰਗੀ' ਵਾਲੇ ਬੋਲਾਂ ਤੇ ਕੈਮਰੇ ਅੱਗੇ ਗੁਰਦਾਸ ਮਾਨ ਕਰੀਮ ਰੰਗ ਦੇ ਕੁੜਤੇ ਅਤੇ ਨੇਵੀ ਬਲੂ ਰੰਗ ਦੀ ਕਟਰਾਈ ਪਾ ਕੇ ਪੈਰਾਂ ਵਿਚ ਗੁਰਗਾਬੀ ਸਮੇਤ ਆ ਥਿਰਕਦਾ ਹੈ। ਚੀਤੇ ਦੀ ਖੱਲ ਵਰਗਾ ਭੂਰੇ ਰੰਗ ਦਾ ਸੂਟ ਅਤੇ ਪੈਰਾਂ ਵਿਚ ਕੋਲਹਾਪੁਰੀ ਜੁੱਤੀ ਪਾਈ ਨੀਲਮ ਮਹਿਰਾ ਗਾਣੇ ਦੇ ਬੋਲਾਂ ਮੁਤਾਬਿਕ ਨੱਚਕੇ ਗਾਉਂਦੀ ਹੈ। ਸ਼ਾਮ ਤੱਕ ਸ਼ਮਸ਼ੇਰ ਸੰਧੂ ਦਾ ਲਿਖਿਆ ਅਤੇ ਚਰਨਜੀਤ ਆਹੂਜਾ ਦੇ ਸੰਗੀਤ ਵਿਚ ਪਰੋਇਆ ਗੀਤ ਫ਼ਿਲਮਾ ਲਿਆ ਜਾਂਦਾ ਹੈ।

ਫ਼ਿਲਮ ਦਾ ਕਹਾਣੀਕਾਰ ਅਤੇ ਖਲਨਾਇਕ ਸੁਰਿੰਦਰ ਵਾਲੀਆ ਦੱਸਦਾ ਹੈ ਕਿ ਫ਼ਿਲਮ ਵਿਚ ਨੀਲਮ ਮਹਿਰਾ ਜੋ ਗੁਰਦਾਸ ਮਾਨ ਦੇ ਪਿੰਡ ਦੀ ਕੁੜੀ ਹੈ, ਉਸ ਨੂੰ ਪਿਆਰ ਕਰਦੀ ਹੈ ਪਰ ਉਹ ਨਹੀਂ ਕਰਦਾ ਅਤੇ ਉਸ ਦੇ ਪਿੰਡ ਪਰਤਣ ਤੇ ਉਹ ਇਹ ਗਾਣਾ ਗਾ ਕੇ ਆਪਣੇ ਜਜ਼ਬਾਤਾਂ ਤੇ ਪਿਆਰ ਦਾ ਪ੍ਰਗਟਾਵਾ ਕਰਦੀ ਹੈ।

ਨਿਰਮਾਤਾ ਅਮਰਜੀਤ ਸਿੰਘ ਵਾਲੀਆ ਦੀ 'ਰੱਬ ਤੋਂ ਡਰ ਸੱਜਣਾ' ਵਿਚ ਗੁਰਦਾਸ ਮਾਨ, ਨੀਲਮ ਮਹਿਰਾ, ਮਨਜੀਤ ਮਾਨ, ਯਸ਼ ਸ਼ਰਮਾ, ਬੀਨਾ ਸ਼ਿਆਮ, ਵੇਦ ਗੋਸਵਾਮੀ, ਡਾ: ਸੁਰਿੰਦਰ ਸ਼ਰਮਾ ਤੇ ਸੁਰਿੰਦਰ ਵਾਲੀਆ ਮੁੱਖ ਭੂਮਿਕਾਵਾਂ ਨਿਭਾ ਰਹੇ ਹਨ। ਨਿਰਮਾਤਾ ਮੁਤਾਬਿਕ ਫ਼ਿਲਮ ਦਾ ਅਗਲਾ ਸ਼ੈਡਿਊਲ ਜੁਲਾਈ ਦੇ ਅਖੀਰ ਵਿਚ ਬੰਬਈ ਵਿਖੇ ਅਤੇ ਤੀਜਾ ਤੇ ਅੰਤਿਮ ਸ਼ੈਡਿਊਲ ਸਤੰਬਰ ਮਹੀਨੇ ਵਿਚ ਪੰਜਾਬ ਦੀ ਆਊਟ-ਡੋਰ ਸ਼ੂਟਿੰਗ ਦੌਰਾਨ ਮੁਕੰਮਲ ਕਰ ਲਿਆ ਜਾਏਗਾ।


ਅਭਿਸ਼ੇਖ, ਉਰਮਿਲਾ ਭੱਟ


ਪਾਕੀ ਮਾਮਲਾ ਕੌਮਾਂਤਰੀ ਪੱਧਰ ਤੇ ਉਠਾਇਆ ਜਾਏ

ਪੰਜਾਬ 'ਚ ਛੇਤੀ ਸੁਧਾਰ — ਬਲਵੰਤ ਸਿੰਘ

ਨਕੋਦਰ — ਪੰਜਾਬ ਦੇ ਵਿੱਤ ਮੰਤਰੀ ਸ: ਬਲਵੰਤ ਸਿੰਘ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਦੀ ਸਥਿਤੀ ਵਿਚ ਪਿਛਲੇ ਕੁਝ ਦਿਨਾਂ ਤੋਂ ਕਾਫੀ ਸੁਧਾਰ ਹੋਇਆ ਹੈ ਅਤੇ ਦੋ ਮਹੀਨਿਆਂ ਦੇ ਅੰਦਰ ਅੰਦਰ ਪੰਜਾਬ ਦੇ ਹਲਾਤ ਬਿਲਕੁਲ ਠੀਕ ਹੋ ਜਾਣਗੇ। ਨਕੋਦਰ ਵਿਖੇ ਸਰਬ ਪਾਰਟੀ ਕੌਮੀ ਏਕਤਾ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਰਾਜ ਵਿਚ ਫਿਰਕੂ ਸਦਭਾਵਨਾ ਬਣਾਈ ਰੱਖਣ ਲਈ ਪੂਰਾ ਸਹਿਯੋਗ ਦੇ ਰਹੇ ਹਨ। ਜਿਸ ਦਾ ਸਬੂਤ ਨਕੋਦਰ ਦਾ ਇਹ ਵੱਡਾ ਇਕੱਠ ਹੈ ਜਿਸ ਵਿਚ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਨੁਮਾਇੰਦੇ ਹੁੰਮ-ਹੁਮਾ ਕੇ ਪਹੁੰਚੇ ਸਨ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਪੰਜਾਬ 'ਚੋਂ ਹਨੇਰਾ ਅਲੋਪ ਹੋ ਰਿਹਾ ਹੈ ਅਤੇ ਚਾਨਣ ਛਾ ਰਿਹਾ ਹੈ। ਪੰਜਾਬ ਵਿਚ ਹੋ ਰਹੇ ਸੁਖਾਵੇਂ ਮਾਹੌਲ ਦੀ ਤੁਲਨਾ ਉਨ੍ਹਾਂ ਨਵੇਂ ਚੜ੍ਹਦੇ ਸੂਰਜ ਨਾਲ ਕੀਤੀ ਹੈ। ਸਮੂਹ ਪੰਜਾਬੀਆਂ ਨੂੰ ਵਿੱਤ ਮੰਤਰੀ ਅਪੀਲ ਕੀਤੀ ਕਿ ਉਹ ਪੰਜਾਬ ਤੇ ਦੇਸ਼ ਏਕਤਾ ਲਈ ਇਕ ਮੁਠ ਹੋ ਕੇ ਵਿਦੇਸ਼ੀ ਤਾਕਤਾਂ ਦੀਆਂ ਫੁੱਟ ਪਾਊ ਚਾਲਾਂ ਨੂੰ ਨਾਕਾਮ ਬਣਾਉਣ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਜਿਹੜੀਆਂ ਵਿਦੇਸ਼ੀ ਤਾਕਤਾਂ ਪੰਜਾਬ ਤੇ ਭਾਰਤ ਵਿਚ ਭੜਕਾਹਟਾਂ ਪੈਦਾ ਕਰਨੀਆਂ ਚਾਹੁੰਦੀਆਂ ਹਨ ਉਨ੍ਹਾਂ ਦੇ ਪੱਕੇ ਸਬੂਤ ਹਿੰਦ ਸਰਕਾਰ ਨੂੰ ਮਿਲ ਗਏ ਹਨ। ਇਨ੍ਹਾਂ ਵਿਰੋਧੀ ਤਾਕਤਾਂ ਦਾ ਹੁਣ ਅੰਤਰਰਾਸ਼ਟਰੀ ਪੱਧਰ ਤੇ ਮੁਕਾਬਲਾ ਕੀਤਾ ਜਾਵੇਗਾ।

ਕੇਂਦਰ ਤੇ ਦੋਸ਼

ਕੇਂਦਰ ਸਰਕਾਰ ਤੇ ਲਾਏ ਇਸ ਦੋਸ਼ ਦਾ ਕਿ ਸਰਕਾਰ ਨੇ ਪ੍ਰਧਾਨ ਮੰਤਰੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਵਿਚਾਲੇ ਹੋਏ ਲਿਖਤੀ ਪੰਜਾਬ ਸਮਝੌਤੇ ਨੂੰ ਲਾਗੂ ਨਹੀਂ ਕੀਤਾ ਜਿਸ ਕਾਰਨ ਪੰਜਾਬ ਦੇ ਲੋਕਾਂ ਦੇ ਮਨਾਂ ਵਿਚ ਕੇਂਦਰ ਪ੍ਰਤੀ ਬੇਭਰੋਸਗੀ ਵਧੀ ਹੈ। ਉਨ੍ਹਾਂ ਕਿਹਾ ਪੰਜਾਬ ਦੇ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਪੰਜਾਬ ਦੇ ਹਿਤਾਂ ਲਈ ਸਹੀ ਰੂਪ ਵਿਚ ਲੜਾਈ ਲੜ ਰਹੇ ਹਨ। ਇਸ ਤੋਂ ਇਲਾਵਾ ਮੁਖ ਮੰਤਰੀ ਅਤਿਵਾਦੀ ਅਤੇ ਵਖਵਾਦੀ ਤਾਕਤਾਂ ਵਿਰੁਧ ਸਮੁੱਚੇ ਦੇਸ਼ ਲਈ ਲੜਾਈ ਲੜ ਰਹੇ ਹਨ ਇਸ ਲਈ ਸਮੁਚੇ ਭਾਰਤ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਅਤੇ ਹਰ ਵਰਗ ਦੇ ਲੋਕ ਸ: ਬਰਨਾਲਾ ਦੇ ਨਾਲ ਹਨ। ਨਿਰਦੋਸ਼ ਵਿਅਕਤੀਆਂ ਦੇ ਹੋਰ ਹੇ ਕਤਲਾਂ ਤੇ ਚਿੰਤਾ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਕਾਤਲ ਗੁਰੂ ਦੇ ਸਿੱਖ ਨਹੀਂ ਹਨ। ਪੰਜਾਬ ਦੇ ਰੁੱਸੇ ਅਕਾਲੀਆਂ ਵਲੋਂ ਪੰਜਾਬ ਦੀ ਸਥਿਤੀ ਨੂੰ ਸੁਧਾਰਨ ਦੀ ਥਾਂ ਰੁਕਾਵਟ ਪਾਉਣ ਦਾ ਦੋਸ਼ ਲਾਇਆ। ਵਿੱਤ ਮੰਤਰੀ ਨੇ ਕਿਹਾ ਕਿ ਪੰਜਾਬ ਵਿਚ ਭਾਂਬੜ ਬਾਲਣ ਵਾਲੇ ਆਪ ਵੀ ਇਸ ਭਾਂਬੜ ਤੋਂ ਬਚ ਨਹੀਂ ਸਕਣਗੇ।



ਬਲਵੰਤ ਸਿੰਘ

ਪਾਕਿਸਤਾਨ ਤੇ ਟਿਪਣੀ

ਸ: ਬਲਵੰਤ ਸਿੰਘ ਨੇ ਕਿਹਾ ਕਿ ਗਵਾਂਢੀ ਦੇਸ਼ ਪਾਕਿਸਤਾਨ ਸਾਡੇ ਪੰਜਾਬ ਵਿਚ ਅਫਰਾਤਫਰੀ ਫੈਲਾਉਣਾ ਚਾਹੁੰਦਾ ਹੈ ਤੇ ਪਾਕਿਸਤਾਨ ਨੇ ਕਈ ਅਤਿਵਾਦੀ ਸਿਖਿਆ ਦੇ ਕੇ ਪੰਜਾਬ ਵਿਚ ਭੇਜੇ ਹਨ। ਹੁਣੇ ਜਿਹੇ ਜਿਹੜੇ 150 ਅਤਿਵਾਦੀ ਪਾਕਿਸਤਾਨ ਨੇ ਪੰਜਾਬ ਭੇਜੇ ਹਨ ਉਨ੍ਹਾਂ ਵਿਚੋਂ ਸੱਤਰ ਗ੍ਰਿਫਤਾਰ ਕੀਤੇ ਗਏ ਹਨ। ਇਨ੍ਹਾਂ ਗ੍ਰਿਫਤਾਰ ਵਿਅਕਤੀਆਂ ਤੋਂ ਪਤਾ ਲੱਗਾ ਹੈ ਕਿ ਉਨ੍ਹਾਂ ਨੂੰ ਪਾਕਿਸਤਾਨ ਵਿਚ ਹਥਿਆਰਾਂ ਦੀ ਸਿਖਲਾਈ, ਲੁਟ-ਖੋਹ ਕਰਨ, ਰੇਲ ਗੱਡੀਆਂ ਉਲਟਾਉਣ ਅਤੇ ਕਤਲ ਕਰਨ ਬਾਰੇ ਪੂਰੀ ਤਰ੍ਹਾਂ ਟਰੇਨਿੰਗ ਦਿਤੀ ਗਈ ਹੈ। ਉਨ੍ਹਾਂ ਹੋਰ ਕਿਹਾ ਕਿ ਵਿਦੇਸ਼ੀ ਤਾਕਤਾਂ ਨੂੰ ਪੰਜਾਬ ਵਿਚ ਦਹਿਸ਼ਤਵਾਦ ਫੈਲਾਉਣ ਲਈ ਬਿਲਕੁਲ ਟਾਗਿਆ ਨਹੀਂ ਦਿੱਤੀ ਜਾਵੇਗੀ ਤੇ ਇਨ੍ਹਾਂ ਤਾਕਤਾਂ ਦਾ ਪੰਜਾਬ ਦੇ ਲੋਕ ਮਿਲ ਕੇ ਸਫਾਇਆ ਕਰਨਗੇ।

ਚੰਡੀਗੜ੍ਹ ਨਹੀਂ ਮਿਲਿਆ

ਵਿਤ ਮੰਤਰੀ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਨੇ 26 ਜਨਵਰੀ ਅਤੇ 21 ਜੂਨ 1986 ਨੂੰ ਵੀ ਪੰਜਾਬ ਨੂੰ ਚੰਡੀਗੜ੍ਹ ਨਾ ਦੇ ਕੇ ਪੰਜਾਬੀਆਂ ਨਾਲ ਧੱਕਾ ਕੀਤਾ ਹੈ। ਕੇਂਦਰ ਸਰਕਾਰ ਨੇ ਪੰਜਾਬ ਸਮਝੌਤਾ ਦੀਆਂ ਗਿਆਰਾਂ ਮੱਦਾਂ ਵਿਚੋਂ ਇਕ ਵੀ ਮੱਦ ਨਹੀਂ ਲਾਗੂ ਕੀਤੀ। ਬੇਨਜ਼ੀਰ ਭੁਟੋ ਵਲੋਂ ਪਾਕਿਸਤਾਨ ਦੇ ਰਾਸ਼ਟਰਪਤੀ ਜਨਰਲ ਜ਼ਿਆ ਉਲ ਹੱਕ ਉਪਰ ਪੰਜਾਬ ਵਿਚ ਹਿੰਸਕ ਵਾਰਦਾਤਾਂ ਕਰਾਉਣ ਦੇ ਦੋਸ਼ਾਂ ਨੂੰ ਵਿਤ ਮੰਤਰੀ ਨੇ ਠੀਕ ਦਸਦਿਆਂ ਕਿਹਾ ਕਿ ਇਸ ਤੋਂ ਵੱਡਾ ਸਬੂਤ ਹੋਰ ਕੀ ਹੋ ਸਕਦਾ ਹੈ। ਹੁਣ ਭਾਰਤ ਸ਼ਰਕਾਰ ਨੂੰ ਇਹ ਮਾਮਲਾ ਕੌਮਾਂਤਰੀ ਪੱਧਰ ਤੇ ਉਠਾਉਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਸਾਡੇ ਹੀ ਕੁਝ ਭਰਾ ਵਿਦੇਸ਼ੀ ਤਾਕਤਾਂ ਦੇ ਹੱਥ-ਠੋਕੇ ਬਣ ਰਹੇ ਹਨ।

'ਕੈਨੇਡਾ ਦਰਪਣ' ਦਾ 15 ਅਗਸਤ ਦਾ ਅੰਕ

ਵਿਸ਼ੇਸ਼ ਗ਼ਦਰ ਅੰਕ ਹੋਵੇਗਾ

ਜਿਸ ਵਿਚ

- ਭਾਰਤ ਦੀ ਆਜ਼ਾਦੀ ਲਈ ਜੂਝੇ ਗ਼ਦਰੀਆਂ ਦੀਆਂ ਜੀਵਨੀਆਂ ਤੇ ਆਜ਼ਾਦੀ ਵਿਚ ਉਨ੍ਹਾਂ ਦੇ ਯੋਗਦਾਨ ਉਤੇ ਚਰਚਾ ਹੋਵੇਗੀ
- ਕੈਲੇਫੋਰਨੀਆ ਦਾ ਗ਼ਦਰ ਵਿਚ ਯੋਗਦਾਨ ਅਤੇ ਵਿਸ਼ੇਸ਼ ਲੇਖ
- ਕੈਨੇਡੀਅਨ ਭਾਰਤੀਆਂ ਦਾ ਦੇਸ਼ ਦੀ ਆਜ਼ਾਦੀ ਵਿਚ ਯੋਗਦਾਨ
- ਇਸ ਤੋਂ ਬਿਨਾਂ ਵਿਸ਼ੇਸ਼ ਫੀਚਰ, ਕਹਾਣੀਆਂ ਤੇ ਕਵਿਤਾਵਾਂ

ਅੱਜ ਹੀ ਵਿਸ਼ੇਸ਼ ਅੰਕ ਵਿਚ ਥਾਂ ਰੀਜ਼ਰਵ ਕਰਵਾ ਲਵੋ। ਫੋਨ ਹੈ : 581-4473

ਸੇਕ ਗ਼ਮਾਂ ਦਾ ਤੂੰ ਨਾ ਜਾਣੇ! ਦਰਦ ਦੀ ਲੱਜ਼ਤ ਨਾ ਪਹਿਚਾਣੇ!
ਯਾਰਾ! ਆਪਣੇ ਦਿਲ ਦੀ ਹਾਲਤ, ਕੀ ਦੱਸਾਂ ਤੇ ਕੀ ਸਮਝਾਵਾਂ?

"ਅਫਜ਼ਾਲ ਮਲਿਕ" ਅਵਤਾਰ ਨ੍ਹਹੀਂ ਤੂੰ, ਸੱਚ ਦਾ ਦਾਅਵੇਦਾਰ ਨਹੀਂ !!
ਕੀਕਣ ਤੈਨੂੰ ਸੂਲੀ ਚਾੜ੍ਹਾਂ? ਕੀਕਣ ਤੈਨੂੰ ਫਾਂਸੀ ਲਾਵਾਂ?

ਕਾਮਨਵੈਲਥ ਖੇਡਾਂ ਦਾ ਭਾਰਤ ਵਲੋਂ ਬਾਈਕਾਟ

ਬਾਈਕਾਟ ਵਿਚ 31 ਦੇਸ਼ ਸ਼ਾਮਲ ਹੋ ਗਏ

ਐਡੰਬਰਾ — ਇਥੇ ਹੋ ਰਹੀਆਂ ਕਾਮਨਵੈਲਥ ਖੇਡਾਂ ਵਿਚ 49 ਵਿਚੋਂ 31 ਦੇਸ਼ਾਂ ਨੇ ਬਾਈਕਾਟ ਕਰ ਦਿਤਾ ਹੈ। ਇਹ ਕਦਮ ਇਸ ਲਈ ਚੁਕਿਆ ਗਿਆ ਹੈ ਕਿਉਂਕਿ ਇੰਗਲੈਂਡ ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਨੇ ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਵਿਰੁੱਧ ਆਰਥਿਕ ਪਾਬੰਦੀਆਂ ਲਾਉਣ ਤੋਂ ਇਨਕਾਰ ਕਰ ਦਿਤਾ ਹੈ।

ਭਾਰਤ ਦੇ ਖੇਡਾਂ ਦੇ ਮੰਤਰੀ ਨੇ ਦਿੱਲੀ ਵਿਚ ਐਲਾਨ ਕੀਤਾ ਕਿ ਭਾਰਤ ਦੇ 99 ਖਿਡਾਰੀ ਐਡੰਬਰਾ ਦੀਆਂ ਖੇਡਾਂ ਵਿਚ ਭਾਗ ਨਹੀਂ ਲੈਣਗੇ।

ਬਾਈਕਾਟ ਕਰਨ ਵਾਲੇ ਦੇਸ਼ਾਂ ਵਿਚ 12 ਅਫਰੀਕਨ ਦੇਸ਼, 10 ਕੈਰੇਬੀਅਨ, 7 ਏਸ਼ੀਅਨ ਅਤੇ ਦੋ ਯੂਰਪੀ ਹਨ।

ਹੁਣ ਖੇਡਾਂ ਕੇਵਲ ਚਿੱਟੇ ਖਿਡਾਰੀਆਂ ਦੀਆਂ ਹੀ ਰਹਿ ਗਈਆਂ ਹਨ ਜਿਨ੍ਹਾਂ ਵਿਚ ਕੈਨੇਡਾ, ਇੰਗਲੈਂਡ, ਆਸਟਰੇਲੀਆਂ ਤੇ ਨਿਊਜ਼ੀਲੈਂਡ ਹਨ। ਇੰਗਲੈਂਡ ਆਪ ਚਾਰ ਟੀਮਾਂ ਭੇਜਦਾ ਹੈ। ਜਿਨ੍ਹਾਂ ਵਿਚ ਇੰਗਲੈਂਡ, ਸਕਾਟਲੈਂਡ, ਵੇਲਜ਼ ਤੇ ਉਤਰੀ ਆਇਰਲੈਂਡ ਹਨ।

ਤਲਵਿੰਦਰ ਸਿੰਘ ਪਰਮਾਰ ਤੇ ਸਾਥੀਆਂ ਦੀਆਂ ਜ਼ਮਾਨਤਾਂ ਨਾ ਹੋਈਆਂ

ਹੈਮਿਲਟਨ — ਮੰਗਲਵਾਰ ਨੂੰ ਓਂਟੈਰੀਓ ਸੁਪਰੀਮ ਕੋਰਟ ਦੇ ਜੱਜ ਨੇ ਕਿਹਾ ਕਿ ਕੈਨੇਡੀਅਨ ਲੋਕ ਇਹ ਕਦੇ ਬਰਦਾਸ਼ਤ ਨਹੀਂ ਕਰਨਗੇ ਕਿ ਉਨ੍ਹਾਂ ਦੇ ਦੇਸ਼ ਨੂੰ ਦਹਿਸ਼ਤਪਸੰਦੀ ਫੈਲਾਉਣ ਲਈ ਵਰਤਿਆ ਜਾਵੇ। ਇਹ ਸ਼ਬਦ ਕਹਿੰਦਿਆਂ ਉਨ੍ਹਾਂ ਤਲਵਿੰਦਰ ਸਿੰਘ ਪਰਮਾਰ ਤੇ ਉਨ੍ਹਾਂ ਦੇ ਦੋ ਸਾਥੀਆਂ ਦੀਆਂ ਜ਼ਮਾਨਤਾਂ ਦੀਆਂ ਅਰਜ਼ੀਆਂ ਰੱਦ ਕਰ ਦਿੱਤੀਆਂ।

ਜੱਜ ਸਾਹਮਣੇ ਸਰਕਾਰੀ ਵਕੀਲ ਨੇ ਕਿਹਾ ਕਿ ਇਹ ਮਾਮਲਾ ਕੌਮਾਂਤਰੀ ਦਹਿਸ਼ਤਪਸੰਦੀ ਦਾ ਹੈ — ਇਸ ਲਈ ਜ਼ਮਾਨਤਾਂ ਦੀ ਅਰਜ਼ੀ ਰੱਦ ਕੀਤੀ ਜਾਵੇ।

ਤਲਵਿੰਦਰ ਸਿੰਘ ਪਰਮਾਰ, ਤੇਜਿੰਦਰ ਸਿੰਘ ਕਲੋਅ, ਤੇ ਸਾਧੂ ਸਿੰਘ ਥਿਆੜਾ ਦੀਆਂ ਜ਼ਮਾਨਤਾਂ ਦੀਆਂ ਅਰਜ਼ੀਆਂ ਰੱਦ ਕਰ ਦਿਤੀਆਂ ਗਈਆਂ। ਇਨ੍ਹਾਂ ਤਿੰਨਾਂ ਨੂੰ 14 ਜੂਨ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਤੇ ਇਨ੍ਹਾਂ ਤੇ ਕਥਿਤ ਦੋਸ਼ ਸੀ ਕਿ ਇਹ ਭਾਰਤ ਵਿਚ ਦਹਿਸ਼ਤਪਸੰਦ ਕਾਰਵਾਈਆਂ ਦੀ ਸਾਜ਼ਸ਼ ਕਰ ਰਹੇ ਸਨ। ਚਾਰ ਵਿਅਕਤੀਆਂ ਦੀ ਪਹਿਲਾਂ ਜ਼ਮਾਨਤਾਂ ਹੋ ਗਈਆਂ ਸਨ।

ਕੈਨੇਡੀਅਨ ਫਾਰਮ ਵਰਕਰਜ਼ ਵਲੋਂ 16 ਸਟੈਂਪਾਂ ਵਿਰੁੱਧ ਘੋਲ ਦੀ ਆਵਾਜ਼ ਪਾਰਲੀਮੈਂਟ ਵਿਚ

ਅਟਵਾ — ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੇ ਪ੍ਰਧਾਨ ਸ੍ਰੀ ਸਰਵਣ ਬੋਲ ਨੂੰ ਪਾਰਲੀਮੈਂਟ ਮੈਂਬਰ ਸਵੈਂਡ ਰੌਬਿਨਸਨ ਦਾ ਇਕ ਖਤ ਮਿਲਿਆ ਹੈ ਜਿਸ ਵਿਚ ਲਿਖਿਆ ਹੋਇਆ ਹੈ ਕਿ ਯੂਨੀਅਨ ਵਲੋਂ ਭੇਜੀ ਪਟੀਸ਼ਨ ਕਿ 16 ਸਟੈਂਪਾਂ ਵਾਲਾ ਕਾਨੂੰਨ ਵਾਪਸ ਲਿਆ ਜਾਵੇ ਦੀ ਸੁਣਵਾਈ ਪਾਰਲੀਮੈਂਟ ਵਿਚ ਹੋਈ। ਸਵੈਂਡ ਰੌਬਿਨਸਨ ਨੇ ਲਿਖਿਆ ਹੈ ਕਿ 16 ਸਟੈਂਪਾਂ ਦਾ ਬੁਰਾ ਪ੍ਰਭਾਵ ਫਾਰਮ ਵਰਕਰਾਂ ਉਤੇ ਪਵੇਗਾ ਕਿਉਂਕਿ ਉਹ ਤਾਂ ਅੱਗੇ ਹੀ ਆਰਥਿਕ ਤੌਰ ਉਤੇ ਗਰੀਬੀ ਦੀ ਪੱਧਰ ਤੋਂ ਥੱਲੇ ਰਹਿ ਰਹੇ ਹਨ। ਮਿ: ਰੌਬਿਨਸਨ ਨੇ ਪਾਰਲੀਮੈਂਟ ਵਿਚ ਵੀ ਕਿਹਾ ਕਿ ਦਸ ਹਜ਼ਾਰ ਫਾਰਮ ਵਰਕਰਾਂ ਉਤੇ ਇਸ ਕਾਨੂੰਨ ਦਾ ਸਿਧਾ ਅਸਰ ਪਵੇਗਾ ਤੇ ਉਹ ਬੇਰੁਜ਼ਗਾਰੀ ਭੱਤਾ ਨਹੀਂ ਲੈ ਸਕਣਗੇ। ਪਾਰਲੀਮੈਂਟ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਕੇਵਲ ਫਾਰਮਵਰਕਰਾਂ ਉਤੇ ਹੀ ਇਸ ਦਾ ਪ੍ਰਭਾਵ ਨਹੀਂ ਪਵੇਗਾ ਸਗੋਂ ਲੌਗਰ, ਮੱਛੀਆਂ ਫੜਨ ਵਾਲੇ ਆਦਿ ਵੀ ਇਸ ਪ੍ਰਭਾਵ ਤੋਂ ਬਚ ਨਹੀਂ ਸਕਣਗੇ।

ਮਿ: ਰੌਬਿਨਸਨ ਨੇ ਅੱਗੇ ਕਿਹਾ ਕਿ ਇਸ ਦਾ ਮਾੜਾ ਅਸਰ ਈਸਟ ਇੰਡੀਅਨਾਂ ਉਤੇ ਪਵੇਗਾ ਕਿਉਂਕਿ ਉਨ੍ਹਾਂ ਨੂੰ ਸਪੌਂਸਰ ਕਰਕੇ ਸੱਦਿਆ ਜਾਂਦਾ ਹੈ — ਇਸ ਲਈ ਉਹ ਵੈਲਫੇਅਰ ਨਹੀਂ ਲੈ ਸਕਦੇ।

ਰਾਜੀਵ ਗਾਂਧੀ ਪੰਜਾਬ ਮਸਲੇ ਦਾ ਹੱਲ ਨਹੀਂ ਕਰ ਸਕਦਾ — ਫਰਨਾਂਡੇਜ਼

ਨਵੀਂ ਦਿੱਲੀ — "ਪੰਜਾਬ ਦੀ ਸਮੱਸਿਆ ਇਕ ਰਾਜਨੀਤਕ ਸਮੱਸਿਆ ਸੀ, ਜਿਸ ਨੂੰ ਸ੍ਰੀਮਤੀ ਇੰਦਰਾ ਗਾਂਧੀ ਨੇ ਪੈਦਾ ਕੀਤਾ, ਹੁਣ ਇਹ ਸ਼ੁੱਧ ਰੂਪ ਵਿਚ ਇਕ ਮਨੁੱਖੀ ਕੀਮਤਾਂ ਉਪਰ ਅਧਾਰਤ ਸਮੱਸਿਆ ਬਣ ਗਈ ਹੈ" ਇਹ ਵਿਚਾਰ ਜਨਤਾ ਪਾਰਟੀ ਦੇ ਨੇਤਾ ਜਾਰਜ ਫਰਨਾਂਡੇਜ਼ ਨੇ ਹਿੰਦੀ ਦੀ ਇਕ ਮਾਸਿਕ ਪਤ੍ਰਿਕਾ (ਮਾਯਾ) ਲਈ ਦਿੱਤੀ ਇਕ ਮੁਲਾਕਾਤ ਵਿਚ ਪ੍ਰਗਟ ਕੀਤੇ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿਚ ਆਖਿਆ ਕਿ ਜਦੋਂ ਤਕ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਹਨ, ਤਦੋਂ ਤਕ ਪੰਜਾਬ ਸਮੱਸਿਆ ਦਾ ਹੱਲ ਸੰਭਵ ਨਹੀਂ ਹੈ। ਇਸ ਦਾ ਕਾਰਨ ਦੱਸਦਿਆਂ ਜਾਰਜ ਫਰਨਾਂਡੇਜ਼ ਨੇ ਆਖਿਆ ਕਿ ਰਾਜੀਵ ਗਾਂਧੀ ਨੇ ਆਪਣੀ ਮਾਂ (ਸ੍ਰੀਮਤੀ ਇੰਦਰਾ ਗਾਂਧੀ) ਦੇ ਕਤਲ ਤੋਂ ਬਾਦ ਪਬਲਿਕ ਤੌਰ 'ਤੇ ਆਖਿਆ ਕਿ ਜਦੋਂ ਇਕ ਵੱਡਾ ਦਰਖਤ ਡਿਗਦਾ ਹੈ ਤਾਂ ਧਰਤੀ ਹਿਲਦੀ ਹੀ ਹੈ। ਇਕ ਵਿਅਕਤੀ ਜੋ ਆਪਣੀ ਮਾਂ ਦੀ ਲਾਸ਼ ਨੂੰ ਟੈਲੀਵੀਜ਼ਨ ਰਾਹੀਂ ਘਰ-ਘਰ ਦਿਖਾ ਕੇ ਸਿੱਖਾਂ ਦੇ ਕਤਲ ਨੂੰ ਠੀਕ ਠਹਿਰਾਉਂਦਾ ਹੈ, ਉਹ ਵਿਅਕਤੀ ਜਦੋਂ ਤੱਕ ਪ੍ਰਧਾਨ ਮੰਤਰੀ ਹੈ ਪੰਜਾਬ ਸਮੱਸਿਆ ਦਾ ਕੋਈ ਹੱਲ ਨਹੀਂ ਨਿਕਲ ਸਕਦਾ। ਉਨ੍ਹਾਂ ਹੋਰ ਆਖਿਆ ਕਿ ਸ੍ਰੀਮਤੀ ਗਾਂਧੀ ਦੇ ਕਤਲ ਤੋਂ ਬਾਅਦ ਹੋਏ ਫਸਾਦ, ਫਿਰਕਾਦਾਰਾਨਾ ਨਹੀਂ ਸਨ, ਕਿਉਂਕਿ ਸਿੱਖਾਂ ਨੇ ਕਿਸੇ ਦਾ ਵੀ ਕਤਲ ਨਹੀਂ ਸੀ ਕੀਤਾ।

ਪੰਜਾਬ ਸਮੱਸਿਆ ਦਾ ਹੱਲ ਕਿਵੇਂ ਹੋ ਸਕਦਾ ਹੈ? ਇਸ ਪ੍ਰਸ਼ਨ ਦਾ ਉਤਰ ਦਿੰਦਿਆਂ ਜਾਰਜ ਫਰਨਾਂਡੇਜ਼ ਨੇ ਆਖਿਆ ਕਿ ਪੰਜਾਕ ਸਮੱਸਿਆ ਦਾ ਹੱਲ ਕੇਂਦਰ 'ਤੇ ਨਿਰਭਰ ਕਰਦਾ ਹੈ ਪ੍ਰੰਤੂ ਇਹ ਤਾਂ ਹੀ ਹੋ ਸਕਦਾ ਹੈ, ਜੇ ਉਸ ਦੀ ਵਾਗਡੋਰ ਅਜਿਹੇ ਵਿਅਕਤੀ ਦੇ ਹੱਥ ਵਿਚ ਹੋਵੇ ਜਿਸ ਦੇ ਹੱਥ ਤਿੰਨ ਹਜ਼ਾਰ ਸਿੱਖਾਂ ਦੇ ਖ਼ੂਨ ਨਾਲ ਰੰਗੇ ਨਾ ਹੋਣ। ਜਾਰਜ ਫਰਨਾਂਡੇਜ਼ ਨੇ ਇਹ ਵੀ ਦੋਸ਼ ਲਾਇਆ ਕਿ ਪੰਜਾਬ ਸਮਝੌਤਾ ਅਕਾਲੀ ਦਲ ਨੂੰ ਦੋ-ਫਾੜ ਕਰਨ ਦਾ ਯਤਨ ਸੀ, ਜਿਸ ਵਿਚ ਉਹ ਸਫਲ ਰਿਹਾ। ਸ੍ਰੀ ਬਰਨਾਲਾ ਮੁੱਖ ਮੰਤਰੀ ਪੰਜਾਬ ਦਾ ਜ਼ਿਕਰ ਕਰਦਿਆਂ ਉਨ੍ਹਾਂ ਆਖਿਆ ਕਿ ਉਹ ਦਿੱਲੀ ਦੇ ਸੱਤਾ ਸ਼ਿਕੰਜੇ ਵਿਚ ਫਸੇ ਹੋਏ ਹਨ, ਮੈਨੂੰ ਨਹੀਂ ਜਾਪਦਾ ਕਿ ਉਸ ਵਿਚੋਂ ਉਹ ਆਪਣੇ ਆਪ ਨੂੰ ਕੱਢ ਸਕਣ। ਸ੍ਰੀ ਬਾਦਲ ਉਪਰ ਆਪਣੀ ਰਾਜਨੀਤਕ-ਲਾਲਸਾ ਪੂਰੀ ਕਰਨ ਲਈ ਦਲ ਵਿਚ ਫੁੱਟ ਪਾਉਣ ਦੇ ਲਾਏ ਜਾ ਰਹੇ ਦੋਸ਼ ਦੇ ਸਬੰਧ ਵਿਚ ਉਨ੍ਹਾਂ ਆਖਿਆ ਕਿ ਜੇ ਕਿਸੇ ਵਿਚ ਰਾਜਨੀਤਕ ਸਫਲਤਾ ਪ੍ਰਾਪਤ ਕਰਨ ਦੀ ਲਾਲਸਾ ਨਹੀਂ ਹੈ ਤਾਂ ਉਸ ਨੂੰ ਰਾਜਨੀਤੀ ਵਿਚ ਰਹਿਣ ਦੀ ਬਜਾਏ ਕਿਸੇ ਆਸ਼ਰਮ ਵਿਚ ਜਾ ਰਹਿਣਾ ਚਾਹੀਦਾ ਹੈ। ਸ੍ਰੀ ਬਾਦਲ ਅਤੇ ਅਮਰਿੰਦਰ ਸਿੰਘ ਵਲੋਂ ਦਿਤੇ ਗਏ ਅਸਤੀਫਿਆਂ ਦਾ ਜ਼ਿਕਰ ਕਰਦਿਆਂ ਜਾਰਜ ਫਰਨਾਂਡੇਜ਼ ਨੇ ਆਖਿਆ ਕਿ ਉਨ੍ਹਾਂ ਨੂੰ ਅਸਤੀਫਾ ਦੇਣ ਦੀ ਸਥਿਤੀ ਵਿਚ ਧੱਕ ਦਿੱਤਾ ਗਿਆ ਸੀ। ਬਾਦਲ ਇਕ ਵਾਰ ਨਹੀਂ, ਦੋ-ਦੋ ਵਾਰ ਮੁਖ ਮੰਤਰੀ ਰਹੇ ਹਨ ਪ੍ਰੰਤੂ ਉਨ੍ਹਾਂ ਨੂੰ ਵਿਸ਼ਵਾਸ਼ ਵਿਚ ਲੈਣਾ ਮੁਨਾਸਿਬ ਨਹੀਂ ਸਮਝਿਆ ਗਿਆ। ਪੰਜਾਬ-ਸਮਝੌਤੇ ਸਮੇਂ ਵੀ ਉਨ੍ਹਾਂ ਨੂੰ ਵੱਖ ਰੱਖਿਆ ਗਿਆ।